ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

15-21 ਨਵੰਬਰ 2023

ਸਾਲ 14ਵਾਂ - ਅੰਕ 47

email : info@sadelok.com

Ph. : 510-706-1300

Fax : 925-373-1300

## ਬੰਦੀ ਛੋੜ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਪਮਾਲਾ ਤੇ ਆਤਿਸ਼ਬਾਜ਼ੀ ਦਾ ਅਲੌਕਿਕ ਨਜ਼ਾਰਾ



(ਦੇਖੋ ਸਫ਼ਾ 14 'ਤੇ)

### ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਕੋਟਿ ਕੋਟਿ ਪ੍ਰਣਾਮ



34-35

### ਗ਼ਦਰ ਲਹਿਰ ਦੇ ਬਾਗ਼ੀ ਨਾਇਕ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ



31

### ਨਿਹੰਗ ਸਿੰਘਾਂ ਨੇ ਖਾਲਸਾਈ ਜਾਹੋ-ਜਲਾਲ ਨਾਲ ਮਹੱਲਾ ਕੱਢਿਆ



30

# ਭਾਰਤ ਦੇ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪੀਯੂਸ਼ ਗੋਇਲ ਮਿਲਪੀਟਸ ਕੈਲੀਫੋਰਨੀਆ ਵਿਖੇ ਵਿਦੇਸ਼ਾਂ 'ਚ ਵਸਦੇ ਹਰ ਭਾਰਤੀ ਨੂੰ ਆਪਣੀ-ਆਪਣੀ ਮਾਤਰ ਭੂਮੀ ਨੂੰ ਅਪਣਾਉਣ ਦਾ ਸੱਦਾ

## ਭਾਰਤ ਸਰਕਾਰ ਵੋਕਲ ਫਾਰ ਲੋਕਲ ਅਤੇ ਲੋਕਲ ਤੋਂ ਗਲੋਬਲ ਦਾ ਮੋਦੀ ਸਰਕਾਰ ਨੇ ਤਹੀਆ ਕੀਤਾ ਹੋਇਆ ਜੋ ਹਰ ਹਾਲਤ 'ਚ ਪੂਰਾ ਕੀਤਾ ਜਾਵੇਗਾ : ਸ਼੍ਰੀ ਪਿਊਸ਼ ਗੋਇਲ



ਮਿਲਪੀਟਸ/ਕੈਲੀਫੋਰਨੀਆ : ਭਾਰਤ ਸਰਕਾਰ ਵਿਚ ਸੀਨੀਅਰ ਕੈਬਨਿਟ ਮੰਤਰੀ ਸ੍ਰੀ ਪਿਊਸ਼ ਗੋਇਲ ਨੇ ਆਈਸੀਸੀ ਕਮਿਊਨਿਟੀ ਸੈਂਟਰ 'ਚ ਵੱਡੀ ਗਿਣਤੀ 'ਚ ਜੁੜੇ ਵੱਖ ਵੱਖ ਸਟੇਟਾਂ ਤੋਂ ਆਏ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਮੋਦੀ ਸਰਕਾਰ ਵਲੋਂ ਕੀਤੇ ਇਤਿਹਾਸਕ ਕੰਮਾਂ ਬਾਰੇ ਬਾਰੀਕੀ ਨਾਲ ਚਾਨਣਾ ਪਾਇਆ, ਉਨ੍ਹਾਂ ਕਿਹਾ ਕਿ ਅੱਜ ਪੂਰੀ ਦੁਨੀਆ ਦੇ ਦੇਸ਼ਾਂ ਦੇ ਆਗੂ ਭਾਰਤ ਵੱਲ ਦੇਖ ਰਹੇ ਹਨ। ਮੋਦੀ ਸਰਕਾਰ ਨੇ ਜਿਥੇ ਭਾਰਤ ਦਾ 24 ਘੰਟੇ ਬਿਜਲੀ ਦਾ ਪ੍ਰਬੰਧ ਕੀਤਾ ਹੈ, ਉਥੇ ਹਰ ਭਾਰਤੀ ਨੂੰ ਫੂਡ ਸਕਿਊਰਿਟੀ

(ਦੇਖੋ ਸਫ਼ਾ 20-21 'ਤੇ)

# ਵ੍ਹਾਈਟ ਹਾਊਸ 'ਚ ਉਤਸ਼ਾਹ ਨਾਲ ਮਨਾਇਆ ਦੀਵਾਲੀ ਦਾ ਤਿਉਹਾਰ

ਸਾਨ ਫਰਾਂਸਿਸਕੋ : ਦੀਵਾਲੀ ਦੇ ਪਵਿੱਤਰ ਤਿਓਹਾਰ ਮੌਕੇ ਦੱਖਣੀ ਏਸ਼ੀਆਈ ਅਮਰੀਕੀਆਂ ਨੂੰ ਵਧਾਈ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਕਿ ਦੀਵਾਲੀ ਜਿੱਤ, ਪਿਆਰ ਅਤੇ ਏਕਤਾ ਦਾ ਪ੍ਰਤੀਕ ਹੈ ਤੇ ਸਾਨੂੰ ਰੌਸ਼ਨੀਆਂ ਦੇ ਇਸ ਤਿਓਹਾਰ ਨੂੰ ਸਾਂਝੀਵਾਲਤਾ ਦੀ ਮਜਬੂਤੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਬਾਈਡਨ ਨੇ ਵਾਈਟ ਹਾਊਸ ਵਿਖੇ ਅਮਰੀਕਾ ਦੀ ਪ੍ਰਥਮ ਮਹਿਲਾ ਜਿਲ ਬਾਈਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਹਾਜ਼ਰੀ 'ਚ ਦੀਵਾ ਜਗਾ ਕੇ ਤਿਓਹਾਰ ਪ੍ਰਤੀ ਸਤਿਕਾਰ ਪੇਸ਼ ਕੀਤਾ। ਭਾਰਤੀ ਮੂਲ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸਮਾਗਮ ਦੀ ਮੇਜ਼ਬਾਨੀ ਕੀਤੀ ਜਦੋਂ

(ਦੇਖੋ ਸਫ਼ਾ 13 'ਤੇ)



# ਅਮਰੀਕੀ ਸਿੱਖ ਜਗ ਬੈਂਸ ਨੇ 'ਬਿੱਗ ਬ੍ਰਦਰ' ਜਿੱਤ ਕੇ ਇਤਿਹਾਸ ਰਚਿਆ



ਲਾਸ ਏਂਜਲਸ : ਰਿਐਲਿਟੀ ਸ਼ੋਅ 'ਬਿਗ ਬ੍ਰਦਰ' ਦੇ 25ਵੇਂ ਸੀਜ਼ਨ ਨੂੰ ਆਪਣਾ ਜੇਤੂ ਮਿਲ ਚੁੱਕਾ ਹੈ। ਇਸ ਸ਼ੋਅ ਦਾ ਖਿਤਾਬ 25 ਸਾਲਾ ਜਗਤੇਸ਼ਵਰ ਸਿੰਘ ਜਗ ਬੈਂਸ ਨੇ ਜਿੱਤਿਆ ਹੈ। ਸ਼ੋਅ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਕੋਈ ਸਿੱਖ ਪ੍ਰਤੀਯੋਗੀ 'ਬਿੱਗ ਬ੍ਰਦਰ' ਦਾ ਜੇਤੂ ਬਣਿਆ ਹੈ। 'ਬਿੱਗ ਬ੍ਰਦਰ' ਦੇ ਘਰ 'ਚ 100 ਦਿਨ ਰਹਿ ਕੇ ਬੈਂਸ ਨੇ ਹਰ ਮੁਸ਼ਕਿਲ 'ਤੇ ਕਾਬੂ ਪਾਇਆ ਅਤੇ ਉਨ੍ਹਾਂ ਦਾ ਸਬਰ ਕੰਮ ਆਇਆ। ਬੈਂਸ ਨੂੰ ਸ਼ੋਅ ਜਿੱਤਣ ਤੋਂ ਬਾਅਦ ਇਨਾਮ ਵਿੱਚ 7,50,000 ਡਾਲਰ ਯਾਨੀ 6 ਕਰੋੜ ਰੁਪਏ ਤੋਂ ਵੱਧ ਮਿਲਣਗੇ।

ਬੈਂਸ ਦੇ ਜੇਤੂ ਬਣਦੇ ਹੀ ਹਰ ਕੋਈ ਉਨ੍ਹਾਂ ਨੂੰ ਵਧਾਈ ਦੇ ਰਿਹਾ ਹੈ। ਸ਼ੋਅ ਵਿੱਚ ਦਾਖ਼ਲ ਹੋਣ ਮੌਕੇ ਜਗ ਬੈਂਸ ਨੇ ਇਕ ਇੰਸਟਾਗ੍ਰਾਮ ਪੋਸਟ ਪਾ ਕੇ ਆਪਣੇ ਜਜ਼ਬਾਤ ਸਾਂਝੇ ਕੀਤੇ ਸਨ। ਬੈਂਸ ਨੇ ਆਪਣੀ ਪੋਸਟ ਵਿੱਚ ਲਿਖਿਆ ਸੀ, "ਹੁਣ ਇਹ ਅਧਿਕਾਰਤ ਹੈ। ਮੈਨੂੰ ਬਹੁਤ ਜ਼ਿਆਦਾ ਖ਼ੁਸ਼ੀ ਹੈ ਕਿ ਮੈਂ ਬਿੱਗ ਬ੍ਰਦਰ 25 ਦੀ ਦੁਨੀਆ ਵਿੱਚ ਹਾਊਸ ਗੈਸਟ ਵਜੋਂ ਦਾਖ਼ਲ ਹੋ ਰਿਹਾ ਹਾਂ।" ਉਨ੍ਹਾਂ ਲਿਖਿਆ, 'ਸ਼ੋਅ ਵਿੱਚ ਜਾਣ ਵਾਲੇ ਪਹਿਲੇ

(ਦੇਖੋ ਸਫ਼ਾ 3 'ਤੇ)

Padam Builders

ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

email:padambuilders@gmail.com

Licensed # 1019803

Bhupinder S. Padam

PH : 510-565-6667

Jaspreet Singh

Attorney at law

ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ

ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience

Specializes In :

- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases

44808 S. Grimmer Vlvd. #208 Fremont, CA 94538 Tel. : 510-657-6444

2951 W. Capital Ave. W. Sacramento CA 95691

4491 West Shaw Ave.# 131 Fresno. CA 93711 Tel : 559-271-5511

37-1873 Street Suite #401. Jackson Heights NY 11372 Tel : 718-533-844

Khalsa Affairs

ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ

www.khalsaaffairs.com

510-706-1300

Bhatia & Co, Inc

Certified Public Accountants

AICPA

Our Services :

- Business Tax (C crop/S corp/LLC etc)
- Individual Tax
- Estate Tax
- Internation Tax (FBAR/FATCA/5471/5472 etc)
- Non-Profit entities (Formation,IRS,FTB&DOJ approval)
- Accounting & Payroll
- Sales & Other Taxes
- Financial Audit & Review
- Tax Audit & Representation (IRS/FTB/BOE etc)
- Collection, Lien & Back Taxes
- Offer in Compromise

Santa Clara • Pleasanton • Merced

(844) 4USTAX (209)-354-8696

info@bhatiaco.com,www.bhatiaco.com

Bhatia Law Associates

Attorney at Law

Immigration and Business Services

IMMIGRATION

Immigrant Visas (Green Card)

- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas

- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services

- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced

(844) 4USATAX (209)-354-8696

info@bhatiaco.com,www.Smoothimmigration.com



ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

- ਪੋਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

ਸ. ਹਰਮਿੰਦਰ ਸਿੰਘ ਸਮਾਣਾ

ਆਫ਼ਿਸ ਮੈਨੇਜਰ 209-481-7750

Law office of Anthony Nwosu

239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

PH: 209-624-3919



Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ’ਚ ਭਾਰਤੀਆਂ ਦਾ ਦਬਦਬਾ, ਭਾਰਤੀ ਮੂਲ ਦੇ 10 ਮੈਂਬਰਾਂ ਨੇ ਜਿੱਤੀਆਂ ਰਾਜ ਤੇ ਸਥਾਨਕ ਚੋਣਾਂ



ਵਾਸ਼ਿੰਗਟਨ : ਅਮਰੀਕਾ ਵਿਚ ਘੱਟ ਤੋਂ ਘੱਟ 10 ਭਾਰਤੀ-ਅਮਰੀਕੀਆਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਹੋਈਆਂ ਸਥਾਨਕ ਅਤੇ ਰਾਜ ਪੱਧਰੀ ਚੋਣਾਂ ਵਿਚ ਜਿੱਤ ਹਾਸਲ ਕੀਤੀ ਹੈ। ਇਨ੍ਹਾਂ ’ਚੋਂ ਜ਼ਿਆਦਾਤਰ ਭਾਰਤੀ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਤ ਹਨ। ਇਹ ਜਿੱਤ ਅਮਰੀਕੀ ਰਾਜਨੀਤੀ ਵਿੱਚ ਭਾਰਤੀ ਭਾਈਚਾਰੇ ਦੇ ਵਧ ਰਹੇ ਦਬਦਬੇ ਨੂੰ ਦਰਸਾਉਂਦੀ ਹੈ।

ਹੈਦਰਾਬਾਦ ਵਿੱਚ ਜਨਮੀ ਗ਼ਜ਼ਾਲਾ ਹਾਸ਼ਮੀ ਲਗਾਤਾਰ ਤੀਜੀ ਵਾਰ ਵਰਜੀਨੀਆ ਦੀ ਸੈਨੇਟ ਲਈ ਚੁਣੀ ਗਈ ਹੈ। ਉਹ ਵਰਜੀਨੀਆ ਦੀ ਸੈਨੇਟ ਵਿੱਚ ਸੀਟ ਰੱਖਣ ਵਾਲੀ ਪਹਿਲੀ ਭਾਰਤੀ-ਅਮਰੀਕੀ ਅਤੇ ਮੁਸਲਿਮ ਔਰਤ ਸੀ। ਇਸ ਦੇ ਨਾਲ ਹੀ ਸੁਹਾਸ ਸੁਬਰਾਮਨੀਅਮ ਵੀ ਵਰਜੀਨੀਆ ਦੀ ਸੈਨੇਟ ਲਈ ਮੁੜ ਚੁਣੇ ਗਏ ਹਨ। ਉਹ ਦੋ ਵਾਰ 2019 ਅਤੇ 2021 ਵਿੱਚ ਹਾਊਸ ਆਫ ਡੈਲੀਗੇਟਸ ਲਈ ਚੁਣਿਆ ਗਿਆ ਸੀ। ਹਿਊਸਟਨ ਵਿੱਚ ਜਨਮੇ ਸੁਬਰਾਮਨੀਅਮ ਪਿਛਲੇ ਓਬਾਮਾ ਪ੍ਰਸ਼ਾਸਨ ਦੌਰਾਨ ਵ੍ਹਾਈਟ ਹਾਊਸ ਵਿੱਚ ਤਕਨਾਲੋਜੀ ਨੀਤੀ ਸਲਾਹਕਾਰ ਸਨ। ਉਹ ਵਰਜੀਨੀਆ ਹਾਊਸ ਲਈ ਚੁਣੇ ਜਾਣ ਵਾਲੇ ਪਹਿਲੇ ਹਿੰਦੂ ਹਨ। ਬਿਜ਼ਨਸ ਮੈਗਨੇਟ ਕੰਨਨ ਸ਼੍ਰੀਨਿਵਾਸਨ ਭਾਰਤੀ-ਅਮਰੀਕੀਆਂ ਦੇ ਦਬਦਬੇ ਵਾਲੇ ਲਾਊਡਨ ਕਾਉਂਟੀ ਖੇਤਰ ਤੋਂ ਵਰਜੀਨੀਆ ਹਾਊਸ ਆਫ ਡੈਲੀਗੇਟਸ ਲਈ ਚੁਣੇ ਗਏ ਹਨ। ਸ੍ਰੀਨਿਵਾਸਨ 90 ਦੇ ਦਹਾਕੇ ਵਿੱਚ ਭਾਰਤ ਤੋਂ ਅਮਰੀਕਾ ਆਏ ਸਨ।

ਵਰਜੀਨੀਆ ਦੇ ਤਿੰਨੋਂ ਜੇਤੂ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਤ ਹਨ। ਇਸ ਦੇ ਨਾਲ ਹੀ ਨਿਊਜਰਸੀ ਤੋਂ ਤਿੰਨ ਭਾਰਤੀ-ਅਮਰੀਕੀਆਂ ਨੇ ਵੀ ਜਿੱਤ ਦਰਜ ਕੀਤੀ ਹੈ। ਨਿਊਜਰਸੀ ਵਿੱਚ ਭਾਰਤੀ-ਅਮਰੀਕੀ ਵਿਨ ਗੋਪਾਲ ਅਤੇ ਰਾਜ ਮੁਖਰਜੀ ਸਟੇਟ ਸੈਨੇਟ ਲਈ ਚੁਣੇ ਗਏ ਹਨ। ਇਹ ਦੋਵੇਂ ਭਾਰਤਵੰਸ਼ੀ ਡੈਮੋਕ੍ਰੇਟਿਕ ਪਾਰਟੀ ਨਾਲ ਜੁੜੇ ਹੋਏ ਹਨ। ਇਨ੍ਹਾਂ ਤੋਂ ਇਲਾਵਾ ਬਲਵੀਰ ਸਿੰਘ ਨਿਊਜਰਸੀ ਦੇ ਬਰਲਿੰਗਟਨ ਕਾਊਂਟੀ ਬੋਰਡ ਆਫ ਕਾਉਂਟੀ ਕਮਿਸ਼ਨਰਜ਼ ਲਈ ਮੁੜ ਚੁਣੇ ਗਏ ਹਨ। ਇਸ ਦੇ ਨਾਲ ਹੀ ਪੈਨਸਿਲਵੇਨੀਆ ’ਚ ਨੀਲ ਮੁਖਰਜੀ (ਡੈਮੋਕ੍ਰੇਟ) ਨੇ ਮਿੰਟਗੁਮਰੀ ਕਾਊਂਟੀ ਕਮਿਸ਼ਨਰ ਦੇ ਅਹੁਦੇ ’ਤੇ ਜਿੱਤ ਹਾਸਲ ਕੀਤੀ ਹੈ, ਜਦਕਿ ਇੰਡੀਆਨਾ ’ਚ ਭਾਰਤੀ-ਅਮਰੀਕੀ ਡਾਕਟਰ ਅਨੀਤਾ ਜੋਸ਼ੀ ਨੇ ਕਾਰਮਲ ਸਿਟੀ ਕੌਂਸਲ ਸੀਟ ਦੀ ’ਵੈਸਟ ਡਿਸਟ੍ਰਿਕਟ’ ਸੀਟ ਜਿੱਤੀ ਹੈ। ਗੈਰ-ਲਾਭਕਾਰੀ ਲੈਂਡ ਬੈਂਕ ਦੇ ਸੀਈਓ ਅਰੁਣਨ ਅਰੁਲਮਪਾਲਮ ਨੂੰ ਕਨੈਕਟੀਕਟ ਵਿੱਚ ਹਾਰਟਫੋਰਡ ਦਾ ਮੇਅਰ ਚੁਣਿਆ ਗਿਆ ਹੈ। ਅਰੁਣਨ ਜ਼ਿੰਬਾਬਵੇ ਤੋਂ ਅਮਰੀਕਾ ਆਇਆ ਸੀ। ਚੋਣਾਂ ਜਿੱਤਣ ਤੋਂ ਬਾਅਦ ਸਾਰੇ 10 ਭਾਰਤੀ-ਅਮਰੀਕੀਆਂ ਨੇ ਆਪਣੇ ਖੇਤਰ ਦੇ ਲੋਕਾਂ ਦੀ ਭਲਾਈ ਲਈ ਕੰਮ ਕਰਨ ਦਾ ਵਾਅਦਾ ਕੀਤਾ।

# ਅਮਰੀਕੀ ਸਿੱਖ ਜਗ ਬੈਂਸ ਨੇ ‘ਬਿੱਗ ਬ੍ਰਦਰ’ ਜਿੱਤ ਕੇ ਇਤਿਹਾਸ ਰਚਿਆ





ਲਾਸ ਏਂਜਲਸ : ਰਿਐਲਿਟੀ ਸ਼ੋਅ ‘ਬਿਗ ਬ੍ਰਦਰ’ ਦੇ 25ਵੇਂ ਸੀਜ਼ਨ ਨੂੰ ਆਪਣਾ ਜੇਤੂ ਮਿਲ ਚੁੱਕਾ ਹੈ। ਇਸ ਸ਼ੋਅ ਦਾ ਖਿਤਾਬ 25 ਸਾਲਾ ਜਗਤੇਸ਼ਵਰ ਸਿੰਘ ਜਗ ਬੈਂਸ ਨੇ ਜਿੱਤਿਆ ਹੈ। ਸ਼ੋਅ ਦੇ ਇਤਿਹਾਸ ’ਚ ਇਹ ਪਹਿਲੀ ਵਾਰ ਹੈ ਕਿ ਕੋਈ ਸਿੱਖ ਪ੍ਰਤੀਯੋਗੀ ’ਬਿੱਗ ਬ੍ਰਦਰ’ ਦਾ ਜੇਤੂ ਬਣਿਆ ਹੈ। ’ਬਿੱਗ ਬ੍ਰਦਰ’ ਦੇ ਘਰ ’ਚ 100 ਦਿਨ ਰਹਿ ਕੇ ਬੈਂਸ ਨੇ ਹਰ ਮੁਸ਼ਕਿਲ ’ਤੇ ਕਾਬੂ ਪਾਇਆ ਅਤੇ ਉਨ੍ਹਾਂ ਦਾ ਸਬਰ ਕੰਮ ਆਇਆ। ਬੈਂਸ ਨੂੰ ਸ਼ੋਅ ਜਿੱਤਣ ਤੋਂ ਬਾਅਦ ਇਨਾਮ ਵਿੱਚ 7,50,000 ਡਾਲਰ ਯਾਨੀ 6 ਕਰੋੜ ਰੁਪਏ ਤੋਂ ਵੱਧ ਮਿਲਣਗੇ।

ਬੈਂਸ ਦੇ ਜੇਤੂ ਬਣਦੇ ਹੀ ਹਰ ਕੋਈ ਉਨ੍ਹਾਂ ਨੂੰ ਵਧਾਈ ਦੇ ਰਿਹਾ ਹੈ। ਸ਼ੋਅ ਵਿੱਚ ਦਾਖ਼ਲ ਹੋਣ ਮੌਕੇ ਜਗ ਬੈਂਸ ਨੇ ਇਕ ਇੰਸਟਾਗ੍ਰਾਮ ਪੋਸਟ ਪਾ ਕੇ ਆਪਣੇ ਜਜ਼ਬਾਤ ਸਾਂਝੇ ਕੀਤੇ ਸਨ। ਬੈਂਸ ਨੇ ਆਪਣੀ ਪੋਸਟ ਵਿੱਚ ਲਿਖਿਆ ਸੀ, “ਹੁਣ ਇਹ ਅਧਿਕਾਰਤ ਹੈ। ਮੈਨੂੰ ਬਹੁਤ ਜ਼ਿਆਦਾ ਖ਼ੁਸ਼ੀ ਹੈ ਕਿ ਮੈਂ ਬਿੱਗ ਬ੍ਰਦਰ 25 ਦੀ ਦੁਨੀਆ ਵਿੱਚ ਹਾਊਸ ਗੈਸਟ ਵਜੋਂ ਦਾਖ਼ਲ ਹੋ ਰਿਹਾ ਹਾਂ।” ਉਨ੍ਹਾਂ ਲਿਖਿਆ, ‘ਸ਼ੋਅ ਵਿੱਚ ਜਾਣ ਵਾਲੇ ਪਹਿਲੇ ਸਿੱਖ ਵਜੋਂ ਮੈਂ ਅਸਲੋਂ ਮਾਣ, ਨਿਮਰ ਅਤੇ ਖ਼ੁਸ਼ਕਿਸਮਤ ਮਹਿਸੂਸ ਕਰ ਰਿਹਾ ਹਾਂ।’

ਇਕ ਪੋਰਟਲ ਨਾਲ ਗੱਲਬਾਤ ਦੌਰਾਨ ਜਗ ਬੈਂਸ ਨੇ ਕਿਹਾ, “ਮੈਂ ਹਮੇਸ਼ਾ ਇਮਾਨਦਾਰੀ ਨਾਲ ਖੇਡ ਕੇ ਇਸ ਖੇਡ ਨੂੰ ਜਿੱਤਣਾ ਚਾਹੁੰਦਾ ਸੀ। ਮੈਂ ਹਮੇਸ਼ਾ ਉਹੀ ਕੀਤਾ ਜੋ ਮੇਰੇ ਦਿਲ ਨੇ ਕਿਹਾ। ਮੈਂ ਬਹੁਤ ਖੁਸ਼ ਹਾਂ। ਮੈਂ ਬਚਪਨ ਤੋਂ ਹੀ ‘ਬਿੱਗ ਬ੍ਰਦਰ’ ਦਾ ਪ੍ਰਸ਼ੰਸਕ ਰਿਹਾ ਹਾਂ। ਸ਼ੋਅ ’ਚ ਜਾਣ ਦੀ ਮੇਰੀ ਬੜੀ ਇੱਛਾ ਸੀ, ਜੋ ਹੁਣ ਪੂਰੀ ਹੋ ਗਈ ਹੈ।” ਦੱਸ ਦੇਈਏ ਕਿ ਬਿੱਗ ਬ੍ਰਦਰ 25’ ਦਾ ਪ੍ਰੀਮੀਅਰ 2 ਅਗਸਤ ਨੂੰ ਹੋਇਆ ਸੀ।

ਜ਼ਿਕਰਯੋਗ ਹੈ ਕਿ ਬਿੱਗ ਬ੍ਰਦਰ ਅਮਰੀਕਾ ’ਚ ਜੁਲਾਈ 2000 ਨੂੰ ਸ਼ੁਰੂ ਹੋਇਆ ਇਕ ਰਿਐਲਿਟੀ ਸ਼ੋਅ ਹੈ। ਭਾਰਤੀ ਟੀਵੀ ਸੀਰੀਜ਼ ਬਿੱਗ ਬੌਸ ਵੀ ਇਸੇ ਤਰਜ਼ ਦੀ ਹੀ ਹੈ। ਬਿੱਗ ਬ੍ਰਦਰ ਵਿੱਚ ਵੀ ‘ਹਾਊਸ ਗੈਸਟ’ ਕਹਾਉਣ ਵਾਲੇ ਪ੍ਰਤੀਯੋਗੀ ਇਕ ਖ਼ਾਸ ਤੌਰ ’ਤੇ ਡਿਜ਼ਾਈਨ ਕੀਤੇ ਗਏ ਘਰ ਵਿੱਚ ਰਹਿੰਦੇ ਹਨ।

**ਕੌਣ ਹੈ ਜਗ ਬੈਂਸ ?**

25 ਸਾਲਾ ਜਗ ਬੈਂਸ ਇਕ ਟਰੱਕ ਕੰਪਨੀ ਦਾ ਮਾਲਕ ਹੈ। ਉਹ ਆਪਣੇ ਪਰਿਵਾਰ ਨਾਲ ਉੱਤਰੀ ਮੱਧ ਵਾਸ਼ਿੰਗਟਨ, ਸੰਯੁਕਤ ਰਾਜ ਦੇ ਓਮਾਕ ਸ਼ਹਿਰ ਵਿੱਚ ਰਹਿੰਦਾ ਹੈ। ਉਨ੍ਹਾਂ ਆਪਣੀ ਸ਼ੁਰੂਆਤੀ ਪੜ੍ਹਾਈ ਵਾਸ਼ਿੰਗਟਨ ਯੂਨੀਵਰਸਿਟੀ ਤੋਂ ਕੀਤੀ।

## ਅਮਰੀਕਾ ’ਚ ਰਾਸ਼ਟਰਪਤੀ ਚੋਣਾਂ

# ਹੇਲੀ ਦੀ ਮੁਹਿੰਮ ਤੇਜ਼, ਟਰੰਪ ਦੀ ਲੀਡ ਬਰਕਰਾਰ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਉਮੀਦਵਾਰ ਬਣਨ ਲਈ ਚੋਣ ਲੜ ਰਹੀ ਭਾਰਤੀ ਅਮਰੀਕੀ ਨੇਤਾ ਨਿੱਕੀ ਹੇਲੀ ਦੀ ਚੋਣ ਮੁਹਿੰਮ ਜ਼ੋਰ ਫੜਦੀ ਨਜ਼ਰ ਆ ਰਹੀ ਹੈ। ਦਰਅਸਲ, ਵਿਰੋਧੀ ਕੈਂਪਾਂ ਦੇ ਕਈ ਪ੍ਰਮੁੱਖ ਦਾਨੀਆਂ ਨੇ ਹੇਲੀ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਹੈ ਅਤੇ ਭਾਰਤੀ ਅਮਰੀਕੀ ਨੇਤਾ ਨੇ ਚੋਣ ਪ੍ਰਚਾਰ ਦੌਰਾਨ ਆਇਓਵਾ ਅਤੇ ਨਿਊ ਹੈਂਪਸ਼ਾਇਰ ’ਚ ਟੈਲੀਵਿਜ਼ਨ, ਰੇਡੀਓ ਅਤੇ ਡਿਜੀਟਲ ਇਸ਼ਤਿਹਾਰਾਂ ’ਤੇ 10 ਮਿਲੀਅਨ ਅਮਰੀਕੀ ਡਾਲਰ ਖਰਚ ਕਰਨ ਦਾ ਐਲਾਨ ਕੀਤਾ ਹੈ।



ਹਾਲਾਂਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਰਿਪਬਲਿਕਨ ਪਾਰਟੀ ਦੇ ਸਭ ਤੋਂ ਲੋਕਪ੍ਰਿਯ ਨੇਤਾ ਬਣੇ ਹੋਏ ਹਨ ਅਤੇ ਉਨ੍ਹਾਂ ਦੀ ਅਪਰੂਵਲ ਰੇਟਿੰਗ 60 ਫੀਸਦੀ ਤੋਂ ਜ਼ਿਆਦਾ ਹੈ। ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਲਗਭਗ 14 ਫੀਸਦੀ ਦੇ ਨਾਲ ਦੂਜੇ ਸਥਾਨ ’ਤੇ ਹਨ ਪਰ ਪਿਛਲੇ ਕੁਝ ਮਹੀਨਿਆਂ ਤੋਂ ਉਨ੍ਹਾਂ ਦੀ ਲੋਕਪ੍ਰਿਅਤਾ ’ਚ ਗਿਰਾਵਟ ਆ ਰਹੀ ਹੈ। ਪਹਿਲਾਂ ਉਸ ਦੀ ਪ੍ਰਵਾਨਗੀ ਰੇਟਿੰਗ 30 ਪ੍ਰਤੀਸ਼ਤ ਤੋਂ ਵੱਧ ਸੀ। ਦੂਜੇ ਪਾਸੇ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਚੁਣਨ ਲਈ ਹੋਈ ਬਹਿਸ ’ਚ ਉਸ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਹੇਲੀ ਦੀ ਲੋਕਪ੍ਰਿਅਤਾ ’ਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਉਸ ਦੀ ਅਪਰੂਵਲ ਰੇਟਿੰਗ ਦੋਹਰੇ ਅੰਕਾਂ ਤੱਕ ਪਹੁੰਚ ਗਈ ਹੈ। ਵਿਰੋਧੀ ਮੁਹਿੰਮ ਦੇ ਕਈ ਦਾਨੀਆਂ, ਜਿਨ੍ਹਾਂ ’ਚ ਕੈਕਸਟਨ ਅਲਟਰਨੇਟਿਵ ਮੈਨੇਜਮੈਂਟ ਦੇ ਬਰੂਸ ਕੋਵਨਰ ਅਤੇ ਹਾਰਲਨ ਕ੍ਰੋ ਸ਼ਾਮਲ ਹਨ, ਨੇ ਹੇਲੀ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਹੈ।

ਕੇਨ ਗ੍ਰਿਫਿਥ, ਜੋ ਪਹਿਲਾਂ ਟਿਮ ਸਕਾਟ ਦਾ ਸਮਰਥਨ ਕਰ ਰਹੇ ਸਨ, ਨੇ ਵੀ ਹੇਲੀ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਉਤਸ਼ਾਹਿਤ ਹੋ ਕੇ, ਹੇਲੀ ਨੇ ਸੋਮਵਾਰ ਨੂੰ ਘੋਸ਼ਣਾ ਕੀਤੀ ਕਿ ਉਸ ਦੀ ਮੁਹਿੰਮ ਆਇਓਵਾ ਅਤੇ ਨਿਊ ਹੈਂਪਸ਼ਾਇਰ ’ਚ ਟੈਲੀਵਿਜ਼ਨ, ਰੇਡੀਓ ਅਤੇ ਡਿਜੀਟਲ ਵਿਗਿਆਪਨਾਂ ’ਤੇ US$ 10 ਮਿਲੀਅਨ ਖਰਚ ਕਰੇਗੀ। ਵੱਡੇ ਪੈਮਾਨੇ ’ਤੇ ਇਸ ਇਸ਼ਤਿਹਾਰ ਦਾ ਮਕਸਦ ਸੰਯੁਕਤ ਰਾਸ਼ਟਰ ’ਚ ਸਾਬਕਾ ਅਮਰੀਕੀ ਰਾਜਦੂਤ ਹੇਲੀ ਨੂੰ ਪਾਰਟੀ ਦੀ ਉਮੀਦਵਾਰੀ ਦੇ ਅਹਿਮ ਪੜਾਅ ’ਚ ਗਵਰਨਰ ਡੀਸੈਂਟਿਸ ਤੋਂ ਅੱਗੇ ਨਿਕਲਣ ’ਚ ਮਦਦ ਕਰਨਾ ਹੈ।

ਹੇਲੀ ਨੇ ਇਹ ਕਦਮ ਰਿਪਬਲਿਕਨ ਪਾਰਟੀ ਦੀ ਨੁਮਾਇੰਦਗੀ ਕਰਨ ਲਈ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਪੱਸ਼ਟ ਬਦਲ ਵਜੋਂ ਉਭਰਨ ਦੀ ਕੋਸ਼ਿਸ਼ ’ਚ ਚੁੱਕਿਆ ਹੈ। ਹੇਲੀ ਦੀ ਮੁਹਿੰਮ ਪ੍ਰਬੰਧਕ ਬੈਟਸੀ ਐਨਕਨੀ ਨੇ ਕਿਹਾ, ‘ਨਿੱਕੀ ਹੈਲੀ ਦੀ ਗਤੀ ਅਤੇ ਜਿੱਤ ਦਾ ਰਸਤਾ ਸਾਫ਼ ਹੈ।’ ਇਹੀ ਗੱਲ ਰੌਨ ਡੀਸੈਂਟਿਸ ਲਈ ਨਹੀਂ ਕਹੀ ਜਾ ਸਕਦੀ, ਜੋ ਆਇਓਵਾ ’ਚ ਵਧੀਆ ਪ੍ਰਦਰਸ਼ਨ ਕਰਨ ਦੇ ਬਾਵਜੂਦ “ਨਿਊ ’ਚ ਰੈੱਡ ਐਰੋ ਡਿਨਰ ’ਚ ਕੌਫੀ ਦਾ ਕੱਪ ਨਹੀਂ ਖਰੀਦ ਸਕਦਾ। ਹੈਂਪਸ਼ਾਇਰ ਅਤੇ ਦੱਖਣੀ ਕੈਰੋਲੀਨਾ ’ਚ ਸਿਰਫ਼ ਇੱਕ ਸੈਲਾਨੀ ਹਨ।”

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਟਿਕਟਾਂ ਦੇ ਲਾਲਚ ਵਿਚ ਪੰਥਕ ਭਾਵਨਾਵਾਂ ਦਾ ਕੀਤਾ ਕਤਲ : ਤਰਲੋਚਨ ਸਿੰਘ ਦੁਪਾਲਪੁਰ

ਸੈਨਹੋਜ਼ੇ-(ਪੱਤਰ ਪ੍ਰੇਰਕ) : ਬੀਤੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ 'ਬਾਦਲੀ ਛਤਰ ਛਾਇਆ' ਹੇਠ ਹੋਈ ਸਾਲਾਨਾ ਚੋਣ ਉੱਤੇ ਟਿੱਪਣੀ ਕਰਦਿਆਂ ਪ੍ਰਵਾਸੀ ਲੇਖਕ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤਰਲੋਚਨ ਸਿੰਘ ਦੁਪਾਲ ਪੁਰ ਨੇ ਕਿਹਾ ਕਿ ਮੌਜੂਦਾ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪੰਥਕ ਕੇਂਦਰ ਨੂੰ ਬਾਦਲਸ਼ਾਹੀ ਤੋਂ



ਨਿਜਾਤ ਦਿਵਾਉਣ ਦਾ ਆਖਰੀ ਮੌਕਾ ਵੀ ਗਵਾ ਲਿਆ ਹੈ।ਆਪਣੇ ਲਿਖਤੀ ਬਿਆਨ ਵਿੱਚ ਉਨ੍ਹਾਂ ਅਫਸੋਸ ਜਾਹਰ ਕੀਤਾ ਕਿ ਸਿੱਖ ਪੰਥ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਦੀ ਬਜਾਏ ਸੌ ਮੈਂਬਰ ਸਾਹਿਬਾਨ ਟਿਕਟਾਂ ਦੇ ਲਾਲਚ ਵਿੱਚ ਫਸ ਕੇ ਉਸੇ ਪ੍ਰਧਾਨ ਦੇ ਗਲ ?ਬੇ ਹੇਠ ਆ ਗਏ ਜੋ ਆਪਣੇ ਰਾਜ ਭਾਗ ਮੌਕੇ ਸ਼ਾਂਤਮਈ ਸੰਗਤ ਉੱਤੇ ਗੋਲੀਆਂ ਚਲਵਾਉਣ ਵਰਗੇ ਬੱਜਰ ਗੁਨਾਹ ਬਦਲੇ ਅਦਾਲਤਾਂ ਵਿੱਚ ਪੇਸ਼ੀਆਂ ਭੁਗਤਦਾ ਫਿਰਦਾ ਹੈ ਅਤੇ ਜਿਸਨੇ ਅਕਾਲੀ ਦਲ ਦੀ 'ਬਿਅਦਬੀ ਦਲ' ਵਾਲੀ ਮੰਦਭਾਗੀ ਅੱਲ ਪੁਆਈ।

ਇਸ ਵਾਰ ਸੰਗਤ ਨੂੰ ਮੱਧਮ ਜਿਹੀ ਆਸ ਸੀ ਕਿ ਪੰਥਕ ਜਮਾਤ ਸ਼੍ਰੋਮਣੀ ਅਕਾਲੀ ਦਲ ਦੀ ਦੁਰਗਤੀ ਕਰਾਉਣ ਵਾਲੇ ਸੁਖਬੀਰ ਬਾਦਲ ਨੂੰ ਐਤਕੀਂ ਆਪਣੇ ਬਾਪ ਦੇ ਕਦਮ-ਚਿੰਨ੍ਹਾਂ 'ਤੇ ਤੁਰਦਿਆਂ ਮੈਂਬਰਾਂ ਦੀ ਕਥਿਤ 'ਰਾਇ ਲੈਣ ਦਾ ਨਾਟਕ' ਨਹੀਂ ਕਰਨ ਦਿੱਤਾ ਜਾਵੇ ਗਾ ਪਰ ਮੈਂਬਰਾਂ ਵਲੋਂ ਖ਼ੁਦਗਰਜੀ ਦਿਖਾ ਦੇਣ ਤੋਂ ਬਾਅਦ ਪੰਥਕ ਕੇਂਦਰ ਨੂੰ ਅਜ਼ਾਦ ਕਰਾਉਣ ਲਈ ਹੁਣ ਸੰਗਤ ਹੀ 'ਇੱਕੀ ਵਿਸਵੇ' ਵਾਲੇ ਕਰਤਵ ਨਿਭਾਵੇ ਗੀ, ਜਦੋਂ ਸ਼੍ਰੋਮਣੀ ਕਮੇਟੀ ਦੀ ਅਗਾਮੀ ਚੋਣ ਹੋਈ। 'ਖਿਜ਼ਾਂ ਜਬ ਆਏ ਗੀ ਉਸ ਵਕਤ ਦੇਖਨਾ ਵੋਹ ਕਿਆ ਕਰੇ ਗਾ ਜੋ ਪੱਤੋਂ ਕੇ ਘਰ ਮੇਂ ਰਹਤਾ ਹੈ!'

ਭਾਈ ਦੁਪਾਲਪੁਰ ਨੇ ਸਿੱਖ ਬੁੱਧੀਜੀਵੀਆਂ ਉੱਤੇ ਵੀ ਗਿਲਾ ਪ੍ਰਗਟਾਇਆ ਕਿ ਉਹ ਲਾਹੌਰ ਦੇ ਸ਼ਾਹੀ ਕਿਲੇ ਵਾਲੇ ਗਿਆਨੀ ਗੁਰਮੁਖ ਸਿੰਘ ਵਾਲਾ ਰੋਲ ਨਿਭਾਉਣ ਤੋਂ ਅਸਮਰੱਥ ਰਹੇ ਹਨ ਜਿਸਨੇ ਸੰਧਾਵਾਲ ?ਇਏ ਸਰਦਾਰਾਂ ਨੂੰ ਧਿਆਨ ਸਿੰਘ ਡੋਗਰੇ ਬਾਰੇ ਇਸ਼ਾਰਤਨ ਕਿਹਾ ਸੀ ਕਿ ਜਦ 'ਕੜਾਹਾ ਨਵਾਂ ਲੈਣਾ ਹੈ ਤਾਂ ਕੜਛਾ ਪੁਰਾਣਾ' ਕਿਉਂ ਰੱਖਣਾ ਹੋਇਆ?

ਬਿਆਨ ਦੇ ਅਖੀਰ ਵਿੱਚ ਉਨ੍ਹਾਂ ਪੰਥਕ ਅਕਾਲੀ ਲਹਿਰ ਅਤੇ ਹੋਰ ਕੁੱਝ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਲਈ ਸਹੀ ਵੋਟਾਂ ਬਣਵਾਉਣ ਲਈ ਨਿੱਠ ਕੇ ਕੰਮ ਕਰਨ।

# 'ਵੈਟਰਨ ਡੇ' ਪਰੇਡ ਫਰਿਜ਼ਨੋ ਵਿੱਚ ਸਿੱਖ ਕੌਂਸਲ ਨੇ ਲਿਆ ਹਿੱਸਾ ਅਤੇ ਸਜਾਇਆ ਫਲੋਟ







ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ): ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਦਾ ਸਿੱਖ ਭਾਈਚਾਰਾ ਆਪਣੀ ਪਹਿਚਾਣ ਬਣਾਉਣ ਲਈ ਹਮੇਸ਼ਾ ਸਰਗਰਮ ਰਿਹਾ ਹੈ। ਜਿਸ ਵਿੱਚ "ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਸਫਲ ਹੰਭਲੇ ਮਾਰ ਰਹੀ ਹੈ। ਅਮਰੀਕਾ ਦੇ ਸਮੂੰਹ ਸੈਨਿਕਾਂ ਨੂੰ ਮਾਣ ਦਿੰਦੇ ਹੋਏ ਫਰਿਜ਼ਨੋ ਦੇ ਡਾਊਨ ਟਾਊਨ ਵਿੱਚ ਹਰ ਸਾਲ ਇੱਕ ਪਰੇਡ ਕੀਤੀ ਜਾਂਦੀ ਹੈ। ਇਹ ਗੱਲ ਬੜੇ ਮਾਣ ਵਾਲੀ ਹੈ ਕਿ ਅਮਰੀਕਾ ਦੀ ਸੈਨਾ ਅਤੇ ਪੁਲੀਸ ਵਿੱਚ ਹੁਣ ਬਹੁਤ ਸਾਰੇ ਸਿੱਖ ਮਾਣ ਨਾਲ ਆਪਣੀ ਦਸਤਾਰ ਸਮੇਤ ਸੇਵਾਵਾਂ ਨਿਭਾ ਰਹੇ ਹਨ। ਇਸੇ ਮਾਣ ਅਤੇ ਪਹਿਚਾਣ ਨੂੰ ਵਧਾਉਂਦੇ ਹੋਏ ਸਿੱਖ ਕੌਸ਼ਲ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾਂ ਅਤੇ ਸਮੁੱਚੀ ਟੀਮ ਦੇ ਯਤਨਾਂ ਸਦਕਾ ਪਹਿਲੀ ਵਾਰ ਸਿੱਖ ਭਾਈਚਾਰੇ ਵੱਲੋਂ ਆਪਣਾ ਸਿੱਖੀ ਦੀ ਪਹਿਚਾਣ ਬਣਾਉਂਦਾ ਫਲੋਟ ਸਜਾਇਆ ਗਿਆ। ਜਿਸ ਵਿੱਚ ਖਾਸ ਤੌਰ 'ਤੇ ਸਥਾਨਿਕ ਮੋਟਰਸਾਈਕਲ ਕਲੱਬ ਦੇ ਸਿੱਖ ਸਰਦਾਰਾ ਨੇ ਵੀ ਖਾਸ ਤੌਰ 'ਤੇ ਹਿੱਸਾ ਲਿਆ। ਇਸ ਪਰੇਡ ਦੌਰਾਨ ਫਰਿਜ਼ਨੋ ਦੇ ਮੇਅਰ ਜੈਰੀ ਡਾਇਰ ਅਤੇ ਹੋਰ ਅਧਿਕਾਰੀਆਂ ਵੱਲੋਂ ਪ੍ਰਸੰਸਾ ਕੀਤੀ ਗਈ। ਅਜਿਹੇ ਕਾਰਜ ਜਿੱਥੇ ਸਿੱਖ ਭਾਈਚਾਰੇ ਦਾ ਮਾਣ ਵਧਾਉਂਦੇ ਹਨ, ਉੱਥੇ ਸਿੱਖਾਂ ਦੀ ਪਹਿਚਾਣ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।

# ਗੁਰਬਖਸ਼ ਸਿੱਧੂ ਨੇ ਇੱਕ ਵਾਰ ਫੇਰ ਚਮਕਾਇਆ ਪੰਜਾਬੀਆ ਦਾ ਨਾਮ

ਮੈਕਸੀਕੋ (ਜੁਆਰੇਜ਼) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਫਰਿਜਨੋ ਨਿਵਾਸੀ ਐਥਲੀਟ ਅਕਸਰ ਐਥਲੈਟਿਕਸ ਮੀਟ ਵਿੱਚ ਹਿੱਸਾ ਲੈਕੇ ਸੀਨੀਅਰ ਖੇਡਾਂ ਵਿੱਚ ਪੰਜਾਬੀਅਤ ਦਾ ਝੰਡਾ ਬੁਲੰਦ ਕਰਦਾ ਰਹਿੰਦਾ ਹੈ। ਇਸ ਵਾਰ ਗੁਰਬਖ਼ਸ਼ ਸਿੰਘ ਸਿੱਧੂ ਨੇ ਸਿਉਡਾਡ, ਜੁਆਰੇਜ਼ ਮੈਕਸੀਕੋ ਵਿੱਚ ਉੱਤਰੀ ਮੱਧ ਅਮਰੀਕਾ ਅਤੇ ਕੈਰੇਬੀਅਨ ਦੇਸ਼ਾਂ ਦੀ ਆਊਟਡੋਰ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ। 9 ਤੋਂ 12 ਨਵੰਬਰ ਤੱਕ ਚੱਲੀ ਇਸ ਮੀਟਿੰਗ ਵਿੱਚ 31 ਦੇਸ਼ਾਂ ਨੇ ਹਿੱਸਾ ਲਿਆ। ਅਮਰੀਕਾ ਭਰ ਤੋਂ 31 ਅਥਲੀਟਾਂ ਪੁਰਸ਼ ਅਤੇ ਔਰਤਾਂ ਨੇ ਭਾਗ ਲਿਆ। ਸਿੱਧੂ ਨੇ ਫਰਿਜ਼ਨੋ ਤੋਂ ਟੀਮ ਯੂਐਸਏ ਦੀ ਨੁਮਾਇੰਦਗੀ ਵੀ ਕੀਤੀ। ਉਸਨੇ ਹੈਮਰ ਥਰੋਅ ਅਤੇ ਵੇਟ ਥਰੋਅ ਵਿੱਚ ਗੋਲਡ ਮੈਡਲ ਜਿੱਤਿਆ। ਸਿੱਧੂ ਨੇ ਡਿਸਕਸ ਥਰੋਅ ਵਿੱਚ ਵੀ ਚਾਂਦੀ ਦਾ ਤਗਮਾ ਜਿੱਤਿਆ। ਸਿੱਧੂ ਨੇ ਫਰਿਜ਼ਨੋ, ਕੈਲੀਫੋਰਨੀਆ ਤੋਂ ਟੀਮ ਯੂਐਸਏ ਦੀ ਨੁਮਾਇੰਦਗੀ ਕਰਦਿਆਂ ਕੁੱਲ 3 ਤਗਮੇ ਜਿੱਤੇ ਹਨ। ਟੀਮ USA ਨੇ 18 ਸੋਨੇ ਦੇ ਤਗਮੇ, 15 ਚਾਂਦੀ ਦੇ ਤਗਮੇ ਅਤੇ 11 ਕਾਂਸੀ



ਦੇ ਤਗਮੇ ਜਿੱਤੇ। ਅਮਰੀਕਾ ਦੀ ਕੁੱਲ ਟੀਮ ਨੇ 44 ਤਗਮੇ ਜਿੱਤੇ। ਸਿੱਧੂ ਨੇ ਪੱਤਰਕਾਰਾਂ ਨਾਲ ਕਰਦਿੰਆ ਕਿਹਾ ਕਿ ਉਹ 68 ਸਾਲ ਦੀ ਉਮਰ ਵਿੱਚ ਵੀ ਫਿੱਟ ਮਹਿਸੂਸ ਕਰਦੇ ਹਨ, ਅਤੇ ਪਿਛਲੇ ਲੰਮੇ ਸਮੇਂ ਤੋਂ ਫਰਿਜਨੋ ਵਿਖੇ ਰਹਿਕੇ ਸੀਨੀਅਰ ਖੇਡਾਂ ਵਿੱਚ ਲਗਾਤਾਰ ਭਾਗ ਲੈ ਰਹੇ ਹਨ। ਉਹਨਾਂ ਕਿਹਾ ਕਿ ਮੈਨੂੰ ਇਹਨਾਂ ਸਾਰੇ ਮੁਕਾਬਲਿਆਂ ਵਿੱਚ ਫਰਿਜ਼ਨੋ ਦੀ ਨੁਮਾਇੰਦਗੀ ਕਰਕੇ ਮਾਣ ਮਹਿਸੂਸ ਹੋ ਰਿਹਾ ਹੈ।

American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਟੈਕਸਾਸ ਵਿਚ ਹੋਈ ਗੋਲੀਬਾਰੀ ਵਿੱਚ ਇਕ 10 ਸਾਲ ਦੇ ਬੱਚੇ ਦੀ ਮੌਤ ਤੇ 4 ਹੋਰ ਜ਼ਖਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਦੱਖਣੀ ਟੈਕਸਾਸ ਵਿਚ ਹੋਸਟਨ ਨੇੜੇ ਇਕ ਮਾਰਕਿਟ ਵਿਚ ਹੋਈ ਗੋਲੀਬਾਰੀ ਵਿਚ ਇਕ 10 ਸਾਲਾਂ ਦੇ ਲੜਕੇ ਦੀ ਮੌਤ ਹੋਣ ਤੇ 4 ਹੋਰ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਪੁਲਿਸ ਨੂੰ ਇਸ ਮਾਮਲੇ ਵਿਚ ਇਕ 19 ਸਾਲਾ ਸ਼ੱਕੀ ਵਿਅਕਤੀ ਦੀ ਤਲਾਸ਼ ਹੈ। ਪੀਅਰਲੈਂਡ ਪੁਲਿਸ ਵਿਭਾਗ ਅਨੁਸਾਰ ਸ਼ਾਮ 5.30 ਵਜੇ ਕੋਲ ਦੀ ਫਲੀ ਮਾਰਕਿਟ ਵਿਚ ਗੋਲੀ ਚੱਲਣ ਦੀ ਸੂਚਨਾ ਮਿਲਣ ’ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਜਿਨਾਂ ਨੂੰ 5 ਲੋਕ ਜ਼ਖਮੀ ਹਾਲਤ ਵਿਚ ਮਿਲੇ। ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਜਿਨਾਂ ਵਿਚੋਂ ਇਕ 10 ਸਾਲ ਦਾ ਲੜਕਾ ਦਮ ਤੋੜ ਗਿਆ। ਬਾਕੀ ਜ਼ਖਮੀਆਂ ਵਿਚ ਇਕ 14 ਸਾਲ ਦੀ ਲੜਕੀ, 16 ਸਾਲ ਦਾ ਲੜਕਾ, 18 ਸਾਲ ਦਾ ਇਕ ਬਾਲਗ ਤੇ ਇਕ 37 ਸਾਲ ਦਾ ਵਿਅਕਤੀ ਸ਼ਾਮਿਲ ਹੈ। ਪੁਲਿਸ ਅਨੁਸਾਰ ਇਸ ਮਾਮਲੇ ਵਿਚ ਇਕ 19 ਸਾਲਾ ਡੇਵਿਡ ਨੇਗਰੇਟ ਨਾਮੀ ਵਿਅਕਤੀ ਦੇ ਸ਼ੱਕੀ ਦੋਸ਼ੀ ਵਜੋਂ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਪੁਲਿਸ ਦਾ ਕਹਿਣਾ ਹੈ ਕਿ ਸ਼ੱਕੀ ਦੋਸ਼ੀ ਹਥਿਆਰਬੰਦ ਹੈ ਤੇ ਉਹ ਖਤਰਨਾਕ ਹੋ ਸਕਦਾ ਹੈ ਇਸ ਲਈ ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ਹੈ। ਸ਼ੱਕੀ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ 15000 ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ



ਪੀਅਰਲੈਂਡ ਪੁਲਿਸ ਵਿਭਾਗ ਦਾ ਬੁਲਾਰਾ ਚਾਡ ਰੋਜਰਸ ਗੋਲੀਬਾਰੀ ਬਾਰੇ ਜਾਣਕਾਰੀ ਦਿੰਦਾ ਹੋਇਆ

ਗਿਆ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀ ਚੱਲਣ ਤੋਂ ਪਹਿਲਾਂ ਦੇ ਵਿਅਕਤੀਆਂ ਵਿਚਾਲੇ ਬੋਲ ਕਬੋਲ ਹੋਇਆ ਸੀ। ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਵਿਚ ਦੋ ਹੈਂਡਗੰਨਾਂ ਦੀ ਵਰਤੋਂ ਕੀਤੀ ਗਈ ਹੈ। ਪੁਲਿਸ ਅਨੁਸਾਰ ਮਾਰਿਆ ਗਿਆ ਲੜਕਾ, ਜ਼ਖਮੀ 14 ਸਾਲ ਦੀ ਲੜਕੀ ਤੇ ਜ਼ਖਮੀ 37 ਸਾਲ ਦਾ ਵਿਅਕਤੀ ਨਿਰਦੋਸ਼ ਰਾਹਗੀਰ ਹਨ ਜਦ ਕਿ 18 ਸਾਲ ਦੇ ਜ਼ਖਮੀ ਬਾਲਗ ਨੂੰ ਸਬੂਤਾਂ ਨਾਲ ਛੇੜਛਾੜ ਕਰਨ ਤੇ ਪੁਲਿਸ ਨੂੰ ਝੂਠਾ ਬਿਆਨ ਦੇਣ ਦੇ ਦੋਸ਼ਾਂ ਤਹਿਤ ਹਿਰਾਸਤ ਵਿਚ ਲੈ ਲਿਆ ਗਿਆ ਹੈ।

# ਨਿਊਯਾਰਕ ਦੇ ਸਰਕਾਰੀ ਸਕੂਲਾਂ ’ਚ ਦੀਵਾਲੀ ’ਤੇ ਹੋਵੇਗੀ ਛੁੱਟੀ, ਗਵਰਨਰ ਨੇ ਕਾਨੂੰਨ ’ਤੇ ਦਸਤਖ਼ਤ ਕੀਤੇ

ਨਿਊਯਾਰਕ : ਅਮਰੀਕਾ ਦੇ ਨਿਊਯਾਰਕ ਸ਼ਹਿਰ ਦੀ ਗਵਰਨਰ ਕੈਥੀ ਹੋਚੁਲ ਨੇ ਇਕ ਇਤਿਹਾਸਕ ਕਦਮ ਚੁੱਕਦੇ ਹੋਏ ਨਿਊਯਾਰਕ ਸਿਟੀ ਦੇ ਪਬਲਿਕ ਸਕੂਲਾਂ ਵਿਚ ਦੀਵਾਲੀ ਦੀ ਛੁੱਟੀ ਘੋਸ਼ਿਤ ਕਰਨ ਦੇ ਬਿੱਲ ’ਤੇ ਦਸਤਖ਼ਤ ਕੀਤੇ। ਹੋਚੁਲ ਨੇ ਮੰਗਲਵਾਰ ਨੂੰ ਕਿਹਾ ਕਿ ਨਿਊਯਾਰਕ ਸ਼ਹਿਰ ਵਿਭਿੰਨ ਧਰਮਾਂ ਤੇ ਸੱਭਿਆਚਾਰਾਂ ਨਾਲ ਭਰਪੂਰ ਹੈ ਅਤੇ ਅਸੀਂ ਇਸ ਨੂੰ ਪਛਾਣਨ ਅਤੇ ਇਸ ਵਿਭਿੰਨਤਾ ਨੂੰ ਮਨਾਉਣ ਲਈ ਇੱਕ ਮਹੱਤਵਪੂਰਨ ਕਦਮ ਚੁੱਕਣ ਜਾ ਰਹੇ ਹਾਂ। ਹੋਚੁਲ ਨੇ ਗਵਰਨਰ ਦੇ ਦਫ਼ਤਰ ਤੋਂ ਜਾਰੀ ਬਿਆਨ ਵਿੱਚ ਕਿਹਾ, ‘ਨਿਊਯਾਰਕ ਸਿਟੀ ਦੇ ਸਾਰੇ ਪਬਲਿਕ ਸਕੂਲ ਹਰ ਸਾਲ ਭਾਰਤੀ ਕੈਲੰਡਰ ਦੇ ਅੱਠਵੇਂ ਮਹੀਨੇ ਦੇ 15ਵੇਂ ਦਿਨ ਬੰਦ ਰਹਿਣਗੇ, ਜਿਸ ਨੂੰ ਦੀਵਾਲੀ ਵਜੋਂ ਜਾਣਿਆ ਜਾਂਦਾ ਹੈ।’

ਹੋਚੁਲ ਨੇ ਕਿਹਾ ਦੀਵਾਲੀ ਨੂੰ ਨਿਊਯਾਰਕ ਸਿਟੀ ਸਕੂਲ ਦੀ ਛੁੱਟੀ ਵਜੋਂ ਮਨੋਨੀਤ ਕਰਨਾ ‘ਸਾਡੇ ਬੱਚਿਆਂ ਲਈ ਦੁਨੀਆ ਭਰ ਦੀਆਂ ਪਰੰਪਰਾਵਾਂ ਬਾਰੇ ਸਿੱਖਣ ਅਤੇ ਮਨਾਉਣ ਦਾ ਇੱਕ ਮੌਕਾ ਹੈ।’ ਇਸ ਬਿੱਲ ’ਤੇ ਟੈਂਪਲ ਸੋਸਾਇਟੀ ਆਫ ਉੱਤਰੀ ਅਮਰੀਕਾ ਵਿਖੇ ਇੱਕ ਵਿਸ਼ੇਸ਼ ਸਵਾਗਤ ਦੌਰਾਨ ਦਸਤਖ਼ਤ ਕੀਤੇ ਗਏ ਸਨ। ਨਿਊਯਾਰਕ ਸਿਟੀ ਡਿਪਾਰਟਮੈਂਟ ਆਫ਼ ਐਜੂਕੇਸ਼ਨ ਅਨੁਸਾਰ ਸਾਲ 2022-23 ਵਿੱਚ NYC ਸਕੂਲ ਪ੍ਰਣਾਲੀ ਵਿੱਚ 1,047,895 ਵਿਦਿਆਰਥੀ ਹਨ। ਇਨ੍ਹਾਂ ਵਿੱਚੋਂ 16.5 ਫੀਸਦੀ ਵਿਦਿਆਰਥੀ ਏਸ਼ੀਅਨ ਹਨ।



ਨਿਊਯਾਰਕ ਸਟੇਟ ਅਸੈਂਬਲੀਵੁਮੈਨ’ ਜੈਨੀਫਰ ਰਾਜਕੁਮਾਰ ਨੇ ਸਕੂਲਾਂ ’ਚ ਦੀਵਾਲੀ ਦੀ ਛੁੱਟੀ ਨੂੰ ਲੈ ਕੇ ਪਹਿਲ ਕੀਤੀ ਸੀ। ਜੈਨੀਫਰ ਰਾਜਕੁਮਾਰ ਨੇ ਕਿਹਾ, ‘ਨਿਊਯਾਰਕ ਦੇ ਲੋਕਾਂ ਦੀਆਂ ਪੀੜ੍ਹੀਆਂ ਹੁਣ ਦੀਵਾਲੀ, ਰੌਸ਼ਨੀਆਂ ਦਾ ਤਿਉਹਾਰ ਮਨਾਉਣਗੀਆਂ।’ ਬਿੱਲ ’ਤੇ ਦਸਤਖ਼ਤ ਕਰਕੇ ਅਸੀਂ ਨਿਊਯਾਰਕ ਦੇ 600,000 ਤੋਂ ਵੱਧ ਹਿੰਦੂਆਂ, ਸਿੱਖਾਂ, ਜੈਨੀਆਂ ਅਤੇ ਬੋਧੀਆਂ ਨੂੰ ਮਾਨਤਾ ਦਿੰਦੇ ਹਾਂ।” ਨਿਊ ਅਮਰੀਕਨ ਵੋਟਰ ਐਸੋਸੀਏਸ਼ਨ ਦੇ ਪ੍ਰਧਾਨ ਡਾ. ਦਿਲੀਪ ਨਾਥ ਨੇ ਇੱਕ ਰਿਲੀਜ਼ ਵਿੱਚ ਕਿਹਾ ਕਿ ਉਨ੍ਹਾਂ ਨੂੰ ਇਹ ਦੇਖ ਕੇ ਮਾਣ ਹੈ ਕਿ ਹੋਚੁਲ ਨੇ ਦੀਵਾਲੀ ਦੀ ਛੁੱਟੀ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ’ਤੇ ਆਖਰਕਾਰ ਕਾਰਵਾਈ ਕਰਦਿਆਂ ਇਸ ਨੂੰ ਕਾਨੂੰਨ ਦਾ ਰੂਪ ਦਿੱਤਾ ਹੈ।

# ਫਲੋਰਿਡਾ ਦੇ ਪਾਣੀਆਂ ਵਿਚ ਡੁੱਬ ਰਹੀ ਕਿਸ਼ਤੀ ’ਚੋਂ 34 ਪ੍ਰਵਾਸੀਆਂ ਨੂੰ ਅਮਰੀਕੀ ਤੱਟੀ ਜਵਾਨਾਂ ਨੇ ਬਚਾਇਆ

## *ਪ੍ਰਵਾਸੀਆਂ ਨੂੰ ਭੇਜਿਆ ਜਾਵੇਗਾ ਵਾਪਿਸ*

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਵਿਚ ਸਮੁੰਦਰੀ ਰਸਤੇ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ 34 ਪ੍ਰਵਾਸੀਆਂ ਨੂੰ ਯੂ ਐਸ ਕੋਸਟ ਗਾਰਡ ਵੱਲੋਂ ਉਸ ਵੇਲੇ ਤੁਰੰਤ ਕਾਰਵਾਈ ਕਰਕੇ ਬਚਾ ਲਏ ਜਾਣ ਦੀ ਖਬਰ ਹੈ ਜਦੋਂ ਉਨਾਂ ਦੀ ਕਿਸ਼ਤੀ ਫਲੋਰਿਡਾ ਦੇ ਪਾਣੀਆਂ ਵਿਚ ਡੁੱਬਣ ਵਾਲੀ ਸੀ। ਯੂ ਐਸ ਕੋਸਟ ਗਾਰਡ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਘਟਨਾ ਪ੍ਰਮੁੱਖ ਕੋਲੋਨੀ ਬੀਚ ਦੇ ਦੱਖਣ ਵਿਚ ਤਕਰੀਬਨ 8 ਮੀਲ ਦੂਰ ਵਾਪਰੀ। ‘ਮੇਨ ਅਟਰੈਕਸ਼ਨ ਸਪੋਰਟਫਿਸ਼ਿੰਗ ਚਾਰਟਰਜ’ ਦੇ ਸਹਿ ਮਾਲਕ ਕੇਟੀ ਲੇਵਿਸ ਅਨੁਸਾਰ ਕੈਪਟਨ ਮਾਰਟੀ ਲੈਵਿਸ ਨੇ ਤੁਰੰਤ ਇਸ ਦੀ ਸੂਚਨਾ ਅਧਿਕਾਰੀਆਂ ਨੂੰ ਦਿੱਤੀ। ਜਿਸ ਉਪਰੰਤ ਅਮਰੀਕੀ ਤੱਟੀ ਜਵਾਨਾਂ ਨੇ ਸਾਰੇ 34 ਪ੍ਰਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਉਪਰੰਤ ਉਨਾਂ ਨੂੰ ਭੋਜਨ, ਪਾਣੀ ਤੇ ਮੁੱਢਲੀ ਡਾਕਟਰੀ ਸਹਾਇਤਾ ਦਿੱਤੀ ਗਈ। ਕੋਸਟ ਗਾਰਡ ਅਨੁਸਾਰ ਸਾਰੇ ਪ੍ਰਵਾਸੀ ਠੀਕ ਠਾਕ ਹਨ ਤੇ ਕਿਸੇ ਦੇ ਵੀ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਕੋਸਟ ਗਾਰਡ ਅਧਿਕਾਰੀਆਂ ਨੇ ਕਿਹਾ ਹੈ ਕਿ ਪ੍ਰਵਾਸੀਆਂ ਦੀ


ਡੁੱਬ ਰਹੀ ਕਿਸ਼ਤੀ ਵਿਚੋਂ ਪ੍ਰਵਾਸੀਆਂ ਨੂੰ ਬਚਾ ਕੇ ਲਿਆਉਂਦੇ ਹੋਏ ਅਮਰੀਕੀ ਤੱਟੀ ਜਵਾਨ

ਪਛਾਣ ਕੀਤੀ ਜਾ ਰਹੀ ਹੈ ਜਿਸ ਉਪਰੰਤ ਉਨਾਂ ਨੂੰ ਉਨਾਂ ਦੇ ਮੂਲ ਦੇਸ਼ ਵਾਪਿਸ ਭੇਜ ਦਿੱਤਾ ਜਾਵੇਗਾ। ਇਨਾਂ ਪ੍ਰਵਾਸੀਆਂ ਵਿਚ ਕਿਸੇ ਭਾਰਤੀ ਦੇ ਸ਼ਾਮਿਲ ਹੋਣ ਦੀ ਪੁਸ਼ਟੀ ਨਹੀਂ ਹੋ ਸਕੀ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਦੋ ਕਾਰਾਂ ਵਿਚਾਲੇ ਹੋਈ ਭਿਆਨਕ ਟੱਕਰ ਵਿੱਚ 8 ਮੌਤਾਂ

## *ਪੁਲਿਸ ਅਫਸਰਾਂ ਤੋਂ ਬਚ ਕੇ ਨਿਕਲ ਜਾਣ ਦੀ ਤਾਕ ਵਿਚ ਸੀ ਇਕ ਕਾਰ ਦਾ ਡਰਾਈਵਰ*

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੀ ਜ਼ਾਵਾਲਾ ਕਾਊਂਟੀ, ਟੈਕਸਾਸ ਵਿਚ ਦੋ ਕਾਰਾਂ ਵਿਚਾਲੇ ਹੋਈ ਭਿਆਨਕ ਟੱਕਰ ਦੇ ਸਿੱਟੇ ਵਜੋਂ 8 ਮੌਤਾਂ ਹੋਣ ਦੀ ਖਬਰ ਹੈ। ਟੱਕਰ ਏਨੀ ਭਿਆਨਕ ਸੀ ਕਿ ਕਾਰਾਂ ਦੇ ਪਰਖਚੇ ਉਡ ਗਏ ਤੇ ਇਕ ਕਾਰ ਨੂੰ ਅੱਗ ਲੱਗ ਗਈ। ਟੈਕਸਾਸ ਡਿਪਾਰਟਮੈਂਟ ਪਬਲਿਕ ਸੇਫਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸੰਭਾਵੀ ਤੌਰ ’ਤੇ ਇਹ ਹਾਦਸਾ ਮਨੁੱਖੀ ਤਸਕਰੀ ਵਿਚ ਸ਼ਾਮਿਲ ਇਕ ਕਾਰ ਦੇ ਡਰਾਈਵਰ ਵੱਲੋਂ ਪੁਲਿਸ ਅਫਸਰਾਂ ਤੋਂ ਬਚ ਕੇ ਤੇਜ ਰਫਤਾਰ ਨਾਲ ਨਿਕਲ ਜਾਣ ਦੀ ਕੋਸ਼ਿਸ਼ ਦੌਰਾਨ ਵਾਪਰਿਆ ਹੈ। ਹਾਦਸਾ ਦੱਖਣ ਪੱਛਮੀ ਟੈਕਸਾਸ ਵਿਚ ਬੇਟਸਵਿਲੇ ਕਸਬੇ ਨੇੜੇ ਮੈਕਸੀਕੋ ਬਾਰਡਰ ਤੋਂ ਤਕਰੀਬਨ 60 ਮੀਲ ਦੂਰ ਯੂ ਐਸ 57 ਮਾਰਗ ਉਪਰ ਵਾਪਰਿਆ। ਪਬਲਿਕ ਸੇਫਟੀ ਵਿਭਾਗ ਦੇ ਬੁਲਾਰੇ ਕ੍ਰਿਸ ਓਲੀਵਰੇਜ਼ ਅਨੁਸਾਰ ਸ਼ੱਕ ਹੈ ਕਿ ਹਾਂਡਾ ਕਾਰ ਦਾ ਡਰਾਈਵਰ ਮਨੁੱਖੀ ਤਸਕਰੀ ਵਿਚ ਸ਼ਾਮਿਲ ਸੀ ਤੇ ਉਹ ਜਾਵਾਲਾ ਕਾਊਂਟੀ ਦੇ ਪੁਲਿਸ ਅਫਸਰਾਂ ਤੋਂ ਬਚਣ ਦੀ ਕੋਸ਼ਿਸ਼


ਟੈਕਸਾਸ ਵਿਚ ਟੱਕਰ ਉਪਰੰਤ ਬੁਰੀ ਤਰ੍ਹਾਂ ਤਬਾਹ ਹੋਈਆਂ ਕਾਰਾਂ

ਵਿਚ ਸੀ। ਜਦੋਂ ਉਸ ਨੇ ਕਾਰ ‘ਨੋ ਪਾਸਿੰਗ ਜ਼ੋਨ’ ਵਿਚੋਂ ਭਜਾ ਕੇ ਲਿਜਾਣ ਦਾ ਯਤਨ ਕੀਤਾ ਤਾਂ ਉਸ ਦੀ ਕਾਰ ਸਿੱਧੀ ਇਕ ਹੋਰ ਕਾਰ ਐਸ ਯੂ ਵੀ ਚੇਵਰੋਲੈਟ ਨਾਲ ਟਕਰਾ ਗਈ ਜਿਸ ਦੇ ਸਿੱਟੇ ਵਜੋਂ ਚੇਵਰੋਲੈਟ ਨੂੰ ਅੱਗ ਲੱਗ ਗਈ। ਉਸ ਵਿਚ ਸਵਾਰ ਡਰਾਈਵਰ ਸਮੇਤ ਦੋਨੋ ਵਿਅਕਤੀ ਮਾਰੇ ਗਏ। ਇਹ ਦੋਨੋ ਜਾਰਜੀਆ ਦੇ ਰਹਿਣ ਵਾਲੇ ਸਨ ਜਿਨਾਂ ਦੀ ਪਛਾਣ ਜੋਸ ਲਰਮਾ (67) ਤੇ ਇਸਾਬੇਲ ਲਰਮਾ (65) ਵਜੋਂ ਹੋਈ ਹੈ। ਬੁਲਾਰੇ ਅਨੁਸਾਰ ਹੌਂਡਾ ਕਾਰ ਵਿਚ ਸਵਾਰ ਸ਼ੱਕੀ ਤਸਕਰ ਸਮੇਤ ਸਾਰੇ 6 ਜਣੇ ਵੀ ਦਮ ਤੋੜ ਗਏ ਜੋ ਹੌਂਡਰਸ ਦੇ ਵਸਨੀਕ ਸਨ।

# ਜੇ ਦੁਬਾਰਾ ਰਾਸ਼ਟਰਪਤੀ ਬਣਿਆ, ਤਾਂ ਮੈਂ ਮੁਸਲਿਮ ਦੇਸ਼ਾਂ ’ਤੇ ਲਾਵਾਂਗਾ ਪਾਬੰਦੀ : ਟਰੰਪ

ਨਿਊਯਾਰਕ : ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੋਣ ਜਿੱਤਣ ਲਈ ਇਕ ਵਾਰ ਫਿਰ ਮੁਸਲਿਮ ਦੇਸ਼ਾਂ ’ਤੇ ਸਮੂਹਿਕ ਦੇਸ਼ ਨਿਕਾਲੇ ਦੀ ਮੁਹਿੰਮ ਚਲਾਉਣ ਅਤੇ ਸਾਰੀਆਂ ਵਸਤਾਂ ਦੀ ਦਰਾਮਦ ’ਤੇ ਕਸਟਮ ਡਿਊਟੀ (ਇੰਪੋਰਟ ਟੈਕਸ) ’ਚ 10 ਫੀਸਦੀ ਵਾਧੇ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਰਾਸ਼ਟਰਪਤੀ ਚੋਣ ਲਈ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਪਰ ਉਸ ਦਾ ਬਹੁਤਾ ਸਮਾਂ ਵੱਖ-ਵੱਖ ਅਦਾਲਤਾਂ ਵਿਚ ਉਸ ਵਿਰੁੱਧ ਲੰਬਿਤ ਪਏ ਕੇਸਾਂ ਵਿਚ ਹਾਜ਼ਰ ਹੋਣ ਵਿਚ ਹੀ ਬੀਤਦਾ ਹੈ। ਹਾਲਾਂਕਿ, ਇਹ ਵੀ ਕਿਹਾ ਜਾ ਰਿਹਾ ਹੈ ਕਿ ਜ਼ਿਆਦਾਤਰ ਅਮਰੀਕੀ ਹੁਣ ਮੰਨਦੇ ਹਨ ਕਿ ਇਹ ਦੋਸ਼ ਟਰੰਪ ਨੂੰ ਦੌੜਨ ਤੋਂ ਰੋਕਣ ਲਈ ਲਗਾਏ ਗਏ ਹਨ। ਇਸ ਦੇ ਖਿਲਾਫ ਟਰੰਪ ਦੀ ਲੜਾਈ ਨੇ ਸਿਰਫ ਉਸ ਦੀ ਸਾਖ ਨੂੰ ਵਧਾ ਦਿੱਤਾ ਹੈ। ਦੂਜੇ ਪਾਸੇ, ਇਲਜ਼ਾਮ ਲਗਾਉਣ ਅਤੇ ਪੇਸ਼ ਕਰਨ ਵਾਲੇ ਜੋਅ ਬਾਇਡਨ ਦੀ ਸਾਖ ਘਟਦੀ ਜਾ ਰਹੀ ਹੈ। ਆਪਣੀ ਚੋਣ ਮੁਹਿੰਮ ਦੌਰਾਨ ਡੋਨਾਲਡ ਟਰੰਪ ਨੇ ਦਰਾਮਦ ਸਾਮਾਨ ’ਤੇ 10 ਫੀਸਦੀ ਵਾਧੂ ਦਰਾਮਦ ਟੈਕਸ ਲਾਉਣ ਦੀ ਮੰਗ ਕੀਤੀ ਸੀ। ਇਨ੍ਹਾਂ ਵਿਚ ਇਲੈਕਟ੍ਰੋਨਿਕਸ, ਸਟੀਲ ਅਤੇ ਫਾਰਮਾਸਿਊਟੀਕਲ ਸ਼ਾਮਲ ਹਨ। ਇਹ ਸਾਰੀਆਂ ਵਸਤੂਆਂ ਚੀਨ ਤੋਂ ਦਰਾਮਦ ਕੀਤੀਆਂ ਜਾਂਦੀਆਂ ਹਨ। ਇਸ ਲਈ ਇਹ ਸਾਫ ਹੈ ਕਿ ਟਰੰਪ ਦਾ ਨਿਸ਼ਾਨਾ ਸਿਰਫ ਚੀਨ ’ਤੇ ਹੀ ਹੈ। ਇਸ ਦੇ ਨਾਲ ਹੀ, ਉਸ ਨੇ ਊਰਜਾ ਤਕਨਾਲੋਜੀ ਅਤੇ ਖੇਤੀਬਾੜੀ ਖੇਤਰ ਵਿਚ ਚੀਨੀ ਕੰਪਨੀਆਂ ਦੁਆਰਾ ‘ਟੇਕ-ਓਵਰ-



ਬੋਲੀਆਂ’ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਐਲਾਨ ਵੀ ਕੀਤਾ ਹੈ। ਜ਼ਿਆਦਾਤਰ (ਲਗਭਗ ਸਾਰੇ) ਅਮਰੀਕੀ ਲੋਕ ਹੁਣ ਚੀਨ ਨੂੰ ਆਪਣਾ ਦੁਸ਼ਮਣ ਮੰਨਦੇ ਹਨ, ਨਾ ਕਿ ਰੂਸ ਨੂੰ। ਇਸ ਲਈ ਟਰੰਪ ਦੁਆਰਾ ਚੀਨ ਨੂੰ ਸਿੱਧੇ ਤੌਰ ’ਤੇ ਪ੍ਰਭਾਵਿਤ ਕਰਨ ਵਾਲੀਆਂ ਪਾਬੰਦੀਆਂ ਦਾ ਐਲਾਨ ਅਮਰੀਕੀ ਵੋਟਰਾਂ ਦੇ ਇੱਕ ਵੱਡੇ ਹਿੱਸੇ ਨੂੰ ਟਰੰਪ ਵੱਲ ਝੁਕਾ ਰਿਹਾ ਮੰਨਿਆ ਜਾਂਦਾ ਹੈ।

ਅਮਰੀਕੀ ਮੰਨਦੇ ਹਨ ਕਿ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕੀਆਂ ਦੀ ਰੋਜ਼ੀ-ਰੋਟੀ ਖੋਹ ਲੈਂਦੇ ਹਨ। ਇਸ ਲਈ ਅਮਰੀਕੀਆਂ ਨੂੰ ਟਰੰਪ ਦੀ ਦੇਸ਼ ਨਿਕਾਲੇ ਯੋਜਨਾ ਦਾ ਫਾਇਦਾ ਹੁੰਦਾ ਹੈ। ਸਾਬਕਾ ਰਾਸ਼ਟਰਪਤੀ ਟਰੰਪ ਨੇ ਆਪਣੇ ਭਾਸ਼ਣਾਂ ਵਿਚ ਰੂਸ-ਯੂਕਰੇਨ ਯੁੱਧ ਨੂੰ ਜਲਦੀ ਤੋਂ ਜਲਦੀ ਖਤਮ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਮੈਂ ਰਾਸ਼ਟਰਪਤੀ ਅਹੁਦੇ ਲਈ ਚੁਣਿਆ ਗਿਆ, ਤਾਂ ਉਹ ਸਹੁੰ ਚੁੱਕਣ ਤੋਂ ਪਹਿਲਾਂ ਹੀ ਉਸ ਜੰਗ ਨੂੰ ਰੋਕ ਦੇਣਗੇ। ਉਨ੍ਹਾਂ ਕਿਹਾ ਕਿ ਉਸ ਦਾ ਏਜੰਡਾ ਯੂਕਰੇਨ ਨੂੰ ਅਮਰੀਕੀ ਧੰਨ ਦੇ ਬੇਅੰਤ ਪ੍ਰਵਾਹ ਨੂੰ ਖਤਮ ਕਰਨਾ ਹੈ ਅਤੇ ਯੂਰਪੀਅਨ ਦੇਸ਼ਾਂ ਨੂੰ ਦੱਸਣਾ ਹੈ ਕਿ ਉਹ ਯੂਕਰੇਨ ਨੂੰ ਉਸ ਪੈਸੇ ਦੀ ਭਰਪਾਈ ਕਰਨ, ਜੋ ਉਨ੍ਹਾਂ ਨੇ ਅਮਰੀਕੀ ਭੰਡਾਰਾਂ ਨੂੰ ਦਿੱਤਾ ਹੈ। ਟਰੰਪ ਨੇ ਸ਼ਿਕਾਗੋ ਤੋਂ ਮਾਫੀਆ ਅਤੇ ਠੱਗਾਂ ਨੂੰ ਖਤਮ ਕਰਨ ਲਈ ਨੈਸ਼ਨਲ ਗਾਰਡ ਭੇਜਣ ਦਾ ਵਾਅਦਾ ਕੀਤਾ ਹੈ, ਜੋ ਕਿ ਅਮਰੀਕਾ ਦੇ ਮਾਫੀਆ ਹੈੱਡਕੁਆਰਟਰ ਵਜੋਂ ਬਦਨਾਮ ਹੋ ਗਿਆ ਹੈ। ਆਬਜ਼ਰਵਰਾਂ ਦਾ ਮੰਨਣਾ ਹੈ ਕਿ 2024 ਦੀਆਂ ਚੋਣਾਂ ’ਚ ਟਰੰਪ ਦੀ ਜਿੱਤ ਲਗਭਗ ਤੈਅ ਹੈ।

# ਫਰਿਜ਼ਨੋ 'ਚ 'ਮਹਿਫਲ-ਏ-ਦਿਵਾਲੀ' ਦੌਰਾਨ ਲੱਗੀਆਂ ਰੌਣਕਾਂ



ਮਹਿਫਲ ਦੇ ਕਲਾਕਾਰ ਯਾਦਗਾਰੀ ਫੋਟੋ ਸਮੇਂ।

ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ): ਭਾਰਤੀ ਸੱਭਿਆਚਾਰ ਵੱਖ-ਵੱਖ ਰਸਮਾਂ ਅਤੇ ਤਿਉਹਾਰਾਂ ਨਾਲ ਭਰਿਆ ਪਿਆ ਹੈ ਅਤੇ ਇੱਥੋਂ ਦੇ ਜਨਮੇ ਲੋਕਾਂ ਨੂੰ ਬਹਾਨਾ ਚਾਹੀਦਾ ਹੁੰਦਾ ਕਿ ਇੰਨਾਂ ਨੂੰ ਕਿਵੇ ਰਲ ਮਨਾਇਆ ਜਾਵੇ। ਦੀਵਾਲੀ ਦਾ ਤਿਉਹਾਰ ਵੀ ਅਜਿਹਾ ਹੀ ਇੱਕ ਖਾਸ ਤਿਉਹਾਰ ਹੈ ਜਿਸ ਨੂੰ ਹਰ ਕੋਈ ਆਪਣੇ-ਆਪਣੇ ਤਰੀਕੇ ਅਤੇ ਵਿਸ਼ਵਾਸ ਅਨੁਸਾਰ ਮਨਾਉਂਦਾ ਹੈ। ਕੁਝ ਲੋਕ ਆਪਣੇ ਧਰਮ ਅਸਥਾਨਾਂ 'ਤੇ ਜਾ ਕੇ ਮਨਾਉਂਦੇ ਹਨ ਅਤੇ ਕੁਝ ਇੰਨ੍ਹਾਂ ਹੀ ਤਿਉਹਾਰਾਂ ਨੂੰ ਆਪਣੇ ਮੰਨੋਰੰਜਨ ਵਜੋਂ ਮਨਾਉਂਦੇ ਹਨ।

ਬੀਤੇ ਦਿਨੀ ਕੁਝ ਖਾਸ ਸਾਹਿਤਕ ਅਤੇ ਸੰਗੀਤਕ ਹਸਤੀਆਂ ਨੇ ਰਲ ਗਾਇਕ ਗੌਗੀ ਸੰਧੂ ਦੇ ਉੱਦਮ ਸਦਕਾ "ਮਹਿਫਲ-ਏ-ਦਿਵਾਲੀ"ਦਾ ਆਗਾਜ਼ ਕੀਤਾ। ਇਸ ਪ੍ਰੋਗਰਾਮ ਦੀ ਖ਼ਾਸੀਅਤ ਇਹ ਸੀ ਕਿ ਇਹ ਪ੍ਰੋਗਰਾਮ ਪਹਿਲੀ ਵਾਰ ਗਾਇਕਾਂ ਦੁਆਰਾ, ਗਾਇਕਾਂ ਦੇ ਸਨਮਾਨ ਹਿੱਤ ਰੱਖਿਆ ਗਿਆ ਸੀ। ਇਸ ਵਿੱਚ ਸ਼ਾਮਲ ਛੋਟੀ ਉਮਰ ਤੋਂ ਲੈ ਕੇ ਵੱਡੀ ਉਮਰ ਤੱਕ ਸਭ ਕਲਾਕਾਰ ਸ਼ਾਮਲ ਸਨ। ਜਿੰਨ੍ਹਾਂ ਨੇ ਆਪਣੇ-ਆਪਣੇ ਅੰਦਾਜ਼ ਵਿੱਚ ਬਾ-ਕਮਾਲ ਗਾਇਆ। ਇਸ ਤੋਂ ਇਲਾਵਾ ਦੋਗਾਣਾ ਜੋੜੀਆਂ ਨੇ ਵੀ ਗਾ ਮਹੌਲ ਨੂੰ ਰੰਗੀਨ ਬਣਾਇਆ। ਇਸ ਮਹਿਫਲ ਵਿੱਚ ਹਾਜ਼ਰੀਨ ਕਲਾਕਾਰਾ ਨੇ ਆਪਣੀ ਗਾਇਕੀ ਦੇ ਨਾਲ-ਨਾਲ ਪੰਜਾਬੀ ਅਤੇ ਹਿੰਦੀ ਕਰਿਓਕੀ ਸਟਾਈਲ ਵਿੱਚ ਗਾਉਂਦੇ ਹੋਏ ਸਭ ਨੂੰ ਨੱਚਣ ਲਾਈ ਰੱਖਿਆ।


ਇਸ ਸਮੇਂ ਕਲਾਕਾਰਾਂ ਦੀ ਮਹਿਫਲ ਵਿੱਚ ਪੂਨਮ ਮਲਹੋਤਰਾ, ਜੁਨੀਆਰ ਕਿਸ਼ੋਰ, ਮੀਮੀ ਗਰਿਨ, ਜੋਤੀ ਸਿੰਘ, ਜਸਵੰਤ ਜੱਸੀ, ਮਲਿਕ ਅਵਾਨ, ਮਨਪ੍ਰੀਤ ਕੌਰ, ਅਰਸ ਖ਼ਾਨ, ਅਮਰ ਸੱਬਰਵਾਲ, ਕਮਲ ਸੰਬਰਵਾਈ, ਟਰੀਸ਼ਾ, ਸੁੱਖ, ਦਿਲਜੀਤ ਅਤੇ ਮਾਸਟਰ ਲੈਂਡਿਨ ਆਦਿਕ ਨੇ ਰੌਣਕਾਂ ਲਾਈਆ।

ਮਹਿਫਲ ਦੀ ਸਮਾਪਤੀ 'ਤੇ ਮੁੱਖ ਪ੍ਰਬੰਧਕ ਗੌਗੀ ਸੰਧੂ ਅਤੇ ਰਾਣੀ ਸੰਧੂ ਵੱਲੋਂ ਰਾਤਰੀਂ ਦੇ ਸੁਆਦਿਸ਼ਟ ਖਾਣੇ ਦੇ ਨਾਲ-ਨਾਲ ਸਭ ਨੂੰ ਦਿਵਾਲੀ ਦੀਆਂ ਮਿਠਿਆਈਆਂ ਦੇ ਡੱਬੇ ਦੇ ਕੇ ਨਿਵਾਜਿਆ ਗਿਆ। ਅੰਤ ਗਾਉਂਦੇ, ਹੱਸਦੇ ਖੇਡਦੇ ਅਤੇ ਨੱਚਦੇ ਮਹਿਫਲ ਯਾਦਗਾਰੀ ਹੋ ਨਿਬੜੀ।

# ਕੈਲੀਫੋਰਨੀਆ ਦੇ ਲਾਸ ਏਂਜਲਸ ਸ਼ਹਿਰ ਦੇ ਇਕ ਗੁਦਾਮ ਨੂੰ ਅੱਗ ਜਾਣ ਬੁਝ ਕੇ ਲਾਈ : ਗਵਰਨਰ ਨਿਊਸਮ

***• ਇੰਟਰਸਟੇਟ 10 ਰੂਟ ਅਣਮਿਥੇ ਸਮੇਂ ਲਈ ਬੰਦ, ਲੋਕਾਂ ਦੀ ਪ੍ਰੇਸ਼ਾਨੀ ਵਧੀ***

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਕੈਲੀਫੋਰਨੀਆ ਦੇ ਵੱਡੇ ਸ਼ਹਿਰ ਲਾਸ ਏਂਜਲਸ ਦੇ ਇਕ ਵੱਡੇ ਗੁਦਾਮ (ਸਟੋਰੇਜ ਯਾਰਡ) ਨੂੰ ਬੀਤੇ ਦਿਨ ਲੱਗੀ ਅੱਗ ਜਾਣ ਬੁਝ ਕੇ ਲਾਈ ਗਈ ਸੀ ਜਿਸ ਬਾਰੇ ਜਾਂਚ ਜਾਰੀ ਹੈ। ਇਹ ਪ੍ਰਗਟਾਵਾ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਕੀਤਾ ਹੈ। ਸਟੋਰੇਜ ਯਾਰਡ ਨੂੰ ਲੱਗੀ ਭਿਆਨਕ ਅੱਗ ਕਾਰਨ ਇੰਟਰਸਟੇਟ 10 ਰੂਟ ਅਣਮਿਥੇ ਸਮੇ ਲਈ ਬੰਦ ਕਰ ਦਿੱਤਾ ਹੈ ਜਿਸ ਰੂਟ ਰਾਹੀਂ ਰੋਜ਼ਾਨ 3 ਲੱਖ ਤੋਂ ਵਧ ਲੋਕ ਲੰਘਦੇ ਹਨ। ਨਿਊਸੋਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਢਲੀ ਜਾਂਚ ਵਿਚ ਅੱਗ ਲੱਗਣ ਪਿੱਛੇ ਦੁਰਭਾਵਨਾ ਪਾਈ ਗਈ ਹੈ ਤੇ ਅੱਗ ਸੋਚ ਸਮਝ ਕੇ ਲਾਈ ਗਈ ਹੈ। ਹਾਲਾਂ ਕਿ ਗਵਰਨਰ ਨੇ ਕਿਸੇ ਸ਼ੱਕੀ ਦਾ ਨਾਂ ਨਹੀਂ ਲਿਆ ਤੇ ਕਿਹਾ ਕਿ ਅਜੇ ਜਾਂਚ ਕੀਤੀ ਜਾ ਰਹੀ ਹੈ। ਇਸੇ ਦੌਰਾਨ ਮੇਅਰ ਕਾਰੇਨ ਬਾਸ ਨੇ ਪਹਿਲਾਂ ਹੀ ਆਵਾਜਾਈ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਲਈ ਇੰਟਰਸਟੇਟ ਮਾਰਗ ਬੰਦ ਕਰਨ ਨੂੰ ਇਕ ਸੰਕਟ ਕਰਾਰ ਦਿੱਤਾ ਹੈ। ਉਸ ਨੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਇੰਟਰਸਟੇਟ ਖੁਲਣ ਤੱਕ ਸਬਰ ਰਖਣ ਤੇ ਬਦਲਵੇਂ ਰਸਤਿਆਂ ਬਾਰੇ ਸੋਚਣ। ਇਥੇ ਜਿਕਰਯੋਗ ਹੈ ਕਿ ਲਾਸ ਏਂਜਲਸ ਦੇ ਡਾਊਨ ਟਾਊਨ ਖੇਤਰ ਵਿਚ ਅਲਾਮੇਡਾ ਨੇੜੇ ਇੰਟਰਸਟੇਟ ਰੂਟ ਦੋਨਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਹੈ ਜਿਸ ਨੂੰ ਅੱਗ ਕਾਰਨ ਭਾਰੀ ਨੁਕਸਾਨ ਪੁੱਜਾ ਹੈ।



ਲਾਸ ਏਂਜਲਸ ਦੇ ਗੁਦਾਮ ਨੂੰ ਲੱਗੀ ਅੱਗ ਕਾਰਨ ਸੜ ਕੇ ਸਵਾਹ ਹੋਏ ਵਾਹਣ ਤੇ ਹੋਰ ਸਮਾਨ

# ਕੈਲੀਫੋਰਨੀਆ 'ਚ ਸ਼ੈਰਿਫ ਵਿਭਾਗ ਦੇ ਇਕ ਸਾਬਕਾ ਤੇ 3 ਮੌਜੂਦਾ ਮੁਲਾਜ਼ਮਾਂ ਦੀ ਮੌਤ, ਖੁਦਕੁਸ਼ੀ ਦਾ ਸ਼ੱਕੀ ਮਾਮਲਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕੀ ਦੇ ਕੈਲੀਫੋਰਨੀਆ ਰਾਜ ਵਿਚ ਸ਼ੈਰਿਫ ਵਿਭਾਗ ਦੇ ਇਕ ਸਾਬਕਾ ਤੇ 3 ਮੌਜੂਦਾ ਮੁਲਾਜ਼ਮਾਂ ਦੀ 24 ਘੰਟਿਆਂ ਦੌਰਾਨ ਮੌਤ ਹੋਣ ਦੀ ਖਬਰ ਹੈ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਮਾਮਲੇ ਦੀ ਜਾਂਚ ਕਰ ਰਿਹਾ ਹੈ ਹਾਲਾਂ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਹ ਖੁਦਕੁੱਸ਼ੀ ਦਾ ਮਾਮਲਾ ਹੈ। ਸ਼ੈਰਿਫ ਵਿਭਾਗ ਅਨੁਸਾਰ ਪਹਿਲੀ ਮੌਤ ਸਾਲੇਂਸੀਆ, ਕੈਲੀਫੋਰਨੀਆ ਵਿਚ ਬੀਤੇ ਦਿਨ ਸਵੇਰੇ 10.30 ਵਜੇ ਹੋਣ ਦੀ ਸੂਚਨਾ ਮਿਲੀ। ਦੂਸਰੀ ਮੌਤ ਦੁਪਹਿਰ 1 ਵਜੇ ਤੋਂ ਪਹਿਲਾਂ ਲਾਂਕਾਸਟਰ, ਕੈਲੀਫੋਰਨੀਆ ਵਿਚ ਹੋਈ। ਸ਼ੈਰਿਫ ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਤੀਸਰੀ ਮੌਤ ਸ਼ਾਮ 5.40 ਵਜੇ ਸਟੈਵੈਨਸਨ ਰਾਂਚ, ਕੈਲੀਫੋਰਨੀਆ ਵਿਚ ਹੋਣ ਦੀ ਰਿਪੋਰਟ ਮਿਲੀ। ਜਦ ਕਿ ਚੌਥੀ ਮੌਤ 7.30 ਵਜੇ ਸਵੇਰੇ ਪੋਮੋਨਾ, ਕੈਲੀਫੋਰਨੀਆ ਵਿਚ ਹੋਈ। ਸ਼ੈਰਿਫ ਵਿਭਾਗ ਨੇ ਮ੍ਰਿਤਕ ਮੁਲਾਜ਼ਮਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਹਾਲਾਂ ਕਿ ਲਾਸ ਏਂਜਲਸ ਕਾਊਂਟੀ ਡਾਕਟਰੀ ਜਾਂਚ ਵਿਭਾਗ ਨੇ ਮ੍ਰਿਤਕ 3 ਮੁਲਾਜ਼ਮਾਂ ਦੀ ਪਛਾਣ ਕਰ ਲਈ ਹੈ ਜਿਨਾਂ ਦੀ ਮੌਤ ਦਾ ਕਾਰਨ ਖੁਦਕੁੱਸ਼ੀ ਦਸਿਆ ਹੈ। ਵਿਭਾਗ ਨੇ ਕਿਹਾ ਹੈ ਕਿ ਚੌਥੇ ਮੁਲਾਜ਼ਮ ਦੀ ਪਛਾਣ ਉਪਰੰਤ ਉਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਲਾਸ ਏਂਜਲਸ ਕਾਊਂਟੀ ਸ਼ੈਰਿਫ ਰਾਬਰਟ ਲੂਨਾ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੈਰਿਫ ਵਿਭਾਗ ਦੇ ਮੁਲਾਜ਼ਮਾਂ ਦੀਆਂ ਮੌਤਾਂ ਤੋਂ ਉਹ ਗਹਿਰੇ ਸਦਮੇ ਵਿਚ ਹਨ। ਸਾਰੇ ਵਿਭਾਗ ਵਿਚ ਸੋਗ ਦੀ ਲਹਿਰ ਹੈ।



# ਕਾਂਗਰਸ ਲਈ ਫ਼ੈਸਲਾਕੁੰਨ ਹਨ ਪੰਜ ਰਾਜਾਂ ਦੀਆਂ ਚੋਣਾਂ

ਜੇ ਕਾਂਗਰਸ ਵਿਧਾਨ ਸਭਾ ਚੋਣਾਂ ਵਿਚ ਬਿਹਤਰ ਕਾਰਗੁਜ਼ਾਰੀ ਦਿਖਾਉਂਦੀ ਹੈ ਤਾਂ ਉਸ ਦਾ ਹੌਸਲਾ ਵਧੇਗਾ ਅਤੇ ਜੇ ਹਾਰਦੀ ਹੈ ਤਾਂ ਲੋਕ ਸਭਾ ਚੋਣਾਂ ਲਈ ਉਸ ਦਾ ਰਾਹ ਹੋਰ ਔਖਾ ਹੋ ਜਾਵੇਗਾ।

ਛੱਤੀਸਗੜ੍ਹ ਅਤੇ ਮਿਜ਼ੋਰਮ ਦੀਆਂ ਵਿਧਾਨ ਸਭਾ ਸੀਟਾਂ 'ਤੇ ਮਤਦਾਨ ਦੇ ਨਾਲ ਹੀ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਆਰੰਭ ਹੋ ਗਈਆਂ ਹਨ। ਇਹ ਵਿਧਾਨ ਸਭਾ ਚੋਣਾਂ ਕਿਉਂਕਿ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਹੋ ਰਹੀਆਂ ਹਨ ਤਾਂ ਇਨ੍ਹਾਂ ਨੂੰ ਆਮ ਚੋਣਾਂ ਦਾ ਇਕ ਸੰਕੇਤਕ ਸਮਝਣਾ ਵੀ ਸੁਭਾਵਿਕ ਹੈ। ਹਾਲਾਂਕਿ ਅਤੀਤ ਦੇ ਰੁਝਾਨ ਤਾਂ ਇਹੀ ਦਰਸਾਉਂਦੇ ਹਨ ਕਿ ਲੋਕ ਸਭਾ ਤੋਂ ਠੀਕ ਪਹਿਲਾਂ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਕੇਂਦਰ ਦੀ ਸੱਤਾ ਦਾ ਕੋਈ ਸਪਸ਼ਟ ਸੰਕੇਤ ਨਹੀਂ ਦਿੰਦੀਆਂ। ਇਸ ਦੇ ਬਾਵਜੂਦ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਦੀਆਂ ਵਿਧਾਨ ਸਭਾ ਚੋਣਾਂ ਦੇ ਮਹੱਤਵ ਨੂੰ ਘੱਟ ਕਰ ਕੇ ਨਹੀਂ ਦੇਖਿਆ ਜਾ ਸਕਦਾ। ਕਾਂਗਰਸ ਲਈ ਤਾਂ ਇਹ 'ਕਰੋ ਜਾਂ ਮਰੋ' ਵਾਲੀਆਂ ਚੋਣਾਂ ਅਤੇ ਲੋਕ ਸਭਾ ਚੋਣਾਂ ਦੀ ਤਿਆਰੀ ਦੇ ਨਜ਼ਰੀਏ ਨਾਲ ਅੰਤਿਮ ਮੌਕਾ ਹੈ। ਇਕ ਸਮਾਂ ਸੀ ਜਦੋਂ ਕਈ ਦਹਾਕਿਆਂ ਤੱਕ ਕਾਂਗਰਸ ਦੀ ਦੇਸ਼ ਭਰ ਵਿਚ ਤੂਤੀ ਬੋਲਦੀ ਸੀ। ਇਸ ਦਾ ਕਾਰਨ ਸੀ ਕਾਂਗਰਸ ਦੀ ਆਜ਼ਾਦੀ ਸੰਗਰਾਮ ਵਿਚ ਨਿਭਾਈ ਗਈ ਅਹਿਮ ਭੂਮਿਕਾ। ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਦੀ ਮੌਤ ਹੋਈ ਤਾਂ ਦੇਸ਼ ਵਾਸੀਆਂ ਦੀ ਜ਼ੁਬਾਨ 'ਤੇ ਇੱਕੋ ਸਵਾਲ ਸੀ, 'ਨਹਿਰੂ ਤੋਂ ਬਾਅਦ ਕੌਣ?' ਹੌਲੀ-ਹੌਲੀ ਕਾਂਗਰਸ ਪਰਿਵਾਰਵਾਦ ਦਾ ਸ਼ਿਕਾਰ ਹੋ ਗਈ। ਇਸ ਨੇ ਦੇਸ਼ ਦੀ ਸਭ ਤੋਂ ਪੁਰਾਣੀ ਸਿਆਸੀ ਜਮਾਤ ਨੂੰ ਵੱਡੀ ਢਾਹ ਲਾਈ।

ਇਨ੍ਹਾਂ ਚੋਣਾਂ ਵਿਚ ਕਾਂਗਰਸ ਦਾ ਕਾਫ਼ੀ ਕੁਝ ਦਾਅ 'ਤੇ ਲੱਗਿਆ ਹੋਇਆ ਹੈ ਕਿਉਂਕਿ ਦੇਸ਼ ਦੇ ਕੁਝ ਸੂਬਿਆਂ ਦੇ ਰਾਜਨੀਤਕ ਮੁਹਾਂਦਰੇ ਵਿਚ ਹਾਸ਼ੀਏ 'ਤੇ ਪੁੱਜੀ ਇਹ ਪਾਰਟੀ ਇਨ੍ਹਾਂ ਪੰਜਾਂ ਸੂਬਿਆਂ ਵਿਚ ਅਸਰਦਾਰ ਭੂਮਿਕਾ ਵਿਚ ਦਿਸਦੀ ਹੈ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਭਾਜਪਾ ਨਾਲ ਉਸ ਦਾ ਸਿੱਧਾ ਮੁਕਾਬਲਾ ਹੈ। ਓਥੇ ਹੀ ਤੇਲੰਗਾਨਾ ਵਿਚ ਉਹ ਆਪਣੀ ਸਿਆਸੀ ਜ਼ਮੀਨ ਵਾਪਸ ਹਾਸਲ ਕਰ ਕੇ ਮੁਕਾਬਲੇ ਵਿਚ ਪਰਤ ਰਹੀ ਦਿਸ ਰਹੀ ਹੈ। ਮਿਜ਼ੋਰਮ ਵਿਚ ਵੀ ਕਾਂਗਰਸ ਨੂੰ ਖ਼ਾਰਜ ਨਹੀਂ ਕੀਤਾ ਜਾ ਸਕਦਾ। ਪਾਰਟੀ ਲਈ ਛੱਤੀਸਗੜ੍ਹ ਅਤੇ ਰਾਜਸਥਾਨ ਵਿਚ ਆਪਣੀ ਸੱਤਾ ਬਚਾਈ ਰੱਖਣ ਦੀ ਚੁਣੌਤੀ ਹੈ ਤਾਂ ਮੱਧ ਪ੍ਰਦੇਸ਼ ਨੂੰ ਉਹ ਵਾਪਸ ਹਾਸਲ ਕਰਨ ਦੀ ਯੁਗਤ ਵਿਚ ਲੱਗੀ ਹੋਈ ਹੈ। ਤੇਲੰਗਾਨਾ ਵਿਚ ਵੀ ਕਾਂਗਰਸ ਸੂਬੇ ਦੇ ਨਿਰਮਾਣ ਨੂੰ ਲੈ ਕੇ ਭਾਵਨਾਤਮਕ ਕਾਰਡ ਖੇਡ ਕੇ ਮੁੱਖ ਮੰਤਰੀ ਕੇਸੀਆਰ ਨੂੰ ਉਨ੍ਹਾਂ ਦੀ ਹੀ ਖੇਡ ਵਿਚ ਮਾਤ ਦੇਣਾ ਚਾਹੁੰਦੀ ਹੈ। ਓਥੇ ਹੀ ਮਿਜ਼ੋਰਮ ਵਿਚ ਐੱਨਡੀਏ ਵਿਚ ਮਨ-ਮੁਟਾਅ ਦਾ ਫ਼ਾਇਦਾ ਚੁੱਕਣ ਦੇ ਚੱਕਰ ਵਿਚ ਹੈ। ਚੋਣ ਸੰਭਾਵਨਾਵਾਂ ਦੀ ਗੱਲ ਕਰੀਏ ਤਾਂ ਰਾਜਸਥਾਨ ਦਾ ਗਣਿਤ ਕਈ ਦਹਾਕਿਆਂ ਤੋਂ ਇਕਦਮ ਸਿੱਧਾ ਰਿਹਾ ਹੈ। ਸੂਬੇ ਦੀ ਜਨਤਾ ਵਿਧਾਨ ਸਭਾ ਵਿਚ ਕਿਸੇ ਵੀ ਪਾਰਟੀ ਨੂੰ ਲਗਾਤਾਰ ਦੋ ਵਾਰ ਸੱਤਾ ਸੁੱਖ ਦਾ ਮੌਕਾ ਨਹੀਂ ਦਿੰਦੀ। ਮੁੱਖ ਮੰਤਰੀ ਅਸ਼ੋਕ ਗਹਿਲੋਤ ਇਸ ਰੁਝਾਨ ਨੂੰ ਨਕਾਰਨ ਦੇ ਯਤਨ ਵਿਚ ਲੱਗੇ ਹੋਏ ਹਨ। ਸਚਿਨ ਪਾਇਲਟ ਦੇ ਨਾਲ ਵੀ ਉਨ੍ਹਾਂ ਦੀ ਅਸਥਾਈ ਜੰਗਬੰਦੀ ਜਿਹੀ ਹੋ ਗਈ ਹੈ। ਹਾਲਾਂਕਿ ਮਾੜੇ-ਮੋਟੇ ਟਕਰਾਅ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਇਸ ਦੇ ਬਾਵਜੂਦ ਭਾਜਪਾ ਵਿਚ ਅੰਦਰੂਨੀ ਖਿੱਚੋਤਾਣ ਅਤੇ ਗਹਿਲੋਤ ਦੀਆਂ ਕਲਿਆਣਕਾਰੀ ਯੋਜਨਾਵਾਂ ਦੇ ਬਲਬੂਤੇ ਕਾਂਗਰਸ ਸੱਤਾ ਵਿਚ ਵਾਪਸ ਪਰਤਣ ਲਈ ਜਦੋਜਹਿਦ ਕਰ ਰਹੀ ਹੈ। ਰਾਜਸਥਾਨ ਵਿਚ ਦੋਵੇਂ ਪਾਰਟੀਆਂ ਭਾਵੇਂ ਹੀ ਵਾਰੋ-ਵਾਰੀ ਸੱਤਾ ਵਿਚ ਆਉਂਦੀਆਂ ਹੋਣ ਪਰ ਦੋਵਾਂ ਦੀ ਜਿੱਤ ਵਿਚ ਇਕ ਵੱਡਾ ਫ਼ਰਕ ਸਪਸ਼ਟ ਦਿਸਦਾ ਹੈ। ਉਹ ਇਹ ਕਿ ਜਦ ਭਾਜਪਾ ਜਿੱਤਦੀ ਹੈ ਤਾਂ ਭਾਰੀ ਬਹੁਮਤ ਨਾਲ ਸੱਤਾ ਵਿਚ ਆਉਂਦੀ ਹੈ ਅਤੇ ਕਾਂਗਰਸ ਦੀ ਸਰਕਾਰ ਮਾਮੂਲੀ ਫ਼ਰਕ ਨਾਲ ਬਣਦੀ ਹੈ। ਇਸ ਦਾ ਮਤਲਬ ਇਹੀ ਹੈ ਕਿ ਭਾਜਪਾ ਦਾ ਸੂਬੇ ਵਿਚ ਵਿਆਪਕ ਆਧਾਰ ਹੈ। ਅਜਿਹੇ ਵਿਚ ਦੇਖਣਾ ਇਹੀ ਹੋਵੇਗਾ ਕਿ ਕੀ ਗਹਿਲੋਤ ਜਿਨ੍ਹਾਂ ਯੋਜਨਾਵਾਂ 'ਤੇ ਦਾਅ ਲਾ ਰਹੇ ਹਨ, ਉਹ ਭਾਜਪਾ ਦੇ ਆਧਾਰ ਵਿਚ ਇਸ ਵਾਰ ਕੋਈ ਸੰਨ੍ਹਮਾਰੀ ਕਰ ਸਕਣਗੀਆਂ ਜਾਂ ਨਹੀਂ?

ਸੰਗਠਨਾਤਮਕ ਕੌਸ਼ਲ ਅਤੇ ਸ਼ਿਵਰਾਜ ਸਿੰਘ ਚੌਹਾਨ ਦਾ ਲੋਕਪਿ ?ਰਆ ਚਿਹਰਾ ਮੱਧ ਪ੍ਰਦੇਸ਼ ਵਿਚ ਭਾਜਪਾ ਦੀ ਵੱਡੀ ਤਾਕਤ ਰਹੀ ਹੈ। ਇੱਥੋਂ ਤੱਕ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵੀ ਭਾਜਪਾ ਮਾਮੂਲੀ ਫ਼ਰਕ ਨਾਲ ਹੀ ਹਾਰੀ ਸੀ। ਇਸ ਵਾਰ ਭਾਜਪਾ ਦੀ ਇਹੀ ਤਾਕਤ ਹੀ ਉਸ ਦੀ ਕਮਜ਼ੋਰੀ ਦਿਸ ਰਹੀ ਹੈ। ਹਾਲਾਂਕਿ ਸੂਬੇ ਵਿਚ ਸ਼ਿਵਰਾਜ ਹਾਲੇ ਵੀ ਸਭ ਤੋਂ ਮਕਬੂਲ ਨੇਤਾ ਬਣੇ ਹੋਏ ਹਨ ਪਰ ਇਸ ਕਾਰਜਕਾਲ ਵਿਚ ਉਨ੍ਹਾਂ ਦਾ ਕੱਦ ਕੁਝ ਘਟਦਾ ਹੋਇਆ ਦਿਖਾਈ ਦਿੱਤਾ ਹੈ। ਵਿਧਾਨ ਸਭਾ ਚੋਣਾਂ ਵਿਚ ਕਈ ਦਿੱਗਜ ਨੇਤਾਵਾਂ ਨੂੰ ਚੋਣ ਪਿੜ ਵਿਚ ਉਤਾਰ ਕੇ ਭਾਜਪਾ ਨੇ ਇਕ ਵੱਡਾ ਦਾਅ ਖੇਡਿਆ ਹੈ ਜਿਸ ਨੂੰ ਕੁਝ ਵਿਸ਼ਲੇਸ਼ਕ ਹਮਲਾਵਰ ਤੇ ਕੁਝ ਰੱਖਿਆਤਮਕ ਦੱਸ ਰਹੇ ਹਨ। ਜੋ ਵੀ ਹੋਵੇ, ਇਸ ਨਾਲ ਬਤੌਰ ਮੁੱਖ ਮੰਤਰੀ ਸ਼ਿਵਰਾਜ ਦੀ ਸਾਖ਼ ਜ਼ਰੂਰ ਪ੍ਰਭਾਵਤ ਹੋਈ ਹੈ ਕਿਉਂਕਿ ਇਸ ਵਾਰ ਭਾਜਪਾ ਦੇ ਹੋਰ ਨੇਤਾ ਵੀ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰਾਂ ਵਿਚ ਗਿਣੇ ਜਾ ਰਹੇ ਹਨ। ਇੱਥੇ ਕਾਂਗਰਸ ਲਈ ਮੌਕਾ ਭਾਜਪਾ ਦੀ ਕਮਜ਼ੋਰੀ ਅਤੇ ਕੁਝ ਵੱਡੇ ਐਲਾਨਾਂ ਦੇ ਆਧਾਰ 'ਤੇ ਬਣ ਸਕਦਾ ਹੈ। ਛੱਤੀਸਗੜ੍ਹ ਵਿਚ ਕਾਂਗਰਸ ਕੁਝ ਚੜ੍ਹਤ ਵਾਲੀ ਸਥਿਤੀ ਵਿਚ ਦਿਸ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਪੂਰੇ ਕਾਰਜਕਾਲ ਵਿਚ ਵਿਰੋਧੀ ਭਾਜਪਾ ਨੂੰ ਸਿਰ ਚੁੱਕਣ ਨਹੀਂ ਦਿੱਤਾ। ਪਿਛਲੀਆਂ ਚੋਣਾਂ ਵਿਚ ਇੱਥੇ ਕਾਂਗਰਸ ਨੂੰ ਪ੍ਰਚੰਡ ਬਹੁਮਤ ਮਿਲਿਆ ਸੀ। ਅਜਿਹੇ ਵਿਚ ਜੇ ਭਾਜਪਾ ਨੇ ਜਿੱਤ ਹਾਸਲ ਕਰਨੀ ਹੈ ਤਾਂ ਉਸ ਨੂੰ ਪੂਰਾ ਜ਼ੋਰ ਲਾਉਣਾ ਹੋਵੇਗਾ। ਦੇਖਣਾ ਹੋਵੇਗਾ ਕਿ ਭਾਜਪਾ ਦੇ ਵੱਡੇ-ਵੱਡੇ ਐਲਾਨ ਅਤੇ ਮਹਾਦੇਵ ਐਪ ਦੇ ਮਾਧਿਅਮ ਨਾਲ ਬਘੇਲ ਦੀ ਘੇਰਾਬੰਦੀ ਕਿੰਨੀ ਕਾਮਯਾਬ ਹੁੰਦੀ ਹੈ।

ਤੇਲੰਗਾਨਾ ਵਿਚ ਭਾਜਪਾ ਇਕ ਉੱਭਰਦੀ ਹੋਈ ਤਾਕਤ ਦਿਸ ਰਹੀ ਸੀ ਪਰ ਹੈਦਰਾਬਾਦ ਨਗਰ ਨਿਗਮ ਦੀਆਂ ਚੋਣਾਂ ਮਗਰੋਂ ਪਾਰਟੀ ਵਿਚ ਅੰਦਰੂਨੀ ਖਿੱਚੋਤਾਣ ਨੇ ਉਸ ਦੀਆਂ ਸੰਭਾਵਨਾਵਾਂ 'ਤੇ ਕੁਝ ਗ੍ਰਹਿਣ ਲਗਾ ਦਿੱਤਾ ਹੈ। ਇਸ ਦੌਰਾਨ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਅਤੇ ਕਰਨਾਟਕ ਵਿਚ ਕਾਂਗਰਸ ਦੇ ਜਿੱਤਣ ਨਾਲ ਵੀ ਇੱਥੇ ਪਾਰਟੀ ਨੂੰ ਨਵੀਂ ਤਾਕਤ ਮਿਲੀ ਹੈ ਅਤੇ ਉਹ ਚੁਣਾਵੀ ਟੱਕਰ ਵਿਚ ਵਾਪਸ ਪਰਤੀ ਹੈ। ਅਜਿਹਾ ਦਿਸ ਰਿਹਾ ਹੈ ਕਿ ਦੱਖਣ ਵਿਚ ਕਾਂਗਰਸ ਇਕ ਅਲੱਗ ਪਾਰਟੀ ਦੇ ਰੂਪ ਵਿਚ ਕੰਮ ਕਰਦੀ ਹੈ। ਦੇਖਣਾ ਇਹੀ ਹੋਵੇਗਾ ਕਿ ਕੀ ਉਹ ਕੇਸੀਆਰ ਦੀ ਰਾਜ 'ਤੇ ਪਕੜ ਢਿੱਲੀ ਕਰ ਸਕਣ ਵਿਚ ਕਾਮਯਾਬ ਹੋ ਪਾਉਂਦੀ ਹੈ ਜਾਂ ਨਹੀਂ? ਮਿਜ਼ੋਰਮ ਵਿਚ ਟੱਕਰ ਭਾਵੇਂ ਹੀ ਸਿੱਧੀ ਦਿਸਦੀ ਹੋਵੇ ਪਰ ਇੱਥੇ ਛੇ ਪਾਰਟੀਆਂ ਦੇ ਗੱਠਜੋੜ ਜ਼ੋਰਮ ਪੀਪਲਜ਼ ਮੂਵਮੈਂਟ ਵਰਗੀ ਤੀਜੀ ਤਾਕਤ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਇੱਥੋਂ ਦੀਆਂ ਚੋਣਾਂ 'ਤੇ ਮਨੀਪੁਰ ਦੇ ਘਟਨਾਚੱਕਰ ਦੀ ਛਾਪ ਵੀ ਦਿਖਾਈ ਦਿੱਤੀ ਹੈ। ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨਾਲ ਦੋ ਮੁਹਾਂਦਰੇ ਉੱਭਰ ਸਕਦੇ ਹਨ। ਜੇ ਕਾਂਗਰਸ ਬਿਹਤਰ ਕਰਦੀ ਹੈ ਤਾਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਸ ਦਾ ਹੌਸਲਾ ਵਧੇਗਾ। ਸੰਭਵ ਹੈ ਕਿ ਆਪਣੇ ਪੱਖ ਵਿਚ ਮਾਹੌਲ ਬਣਾਉਣ ਅਤੇ ਉਸ ਦਾ ਫ਼ਾਇਦਾ ਚੁੱਕਣ ਲਈ ਪਾਰਟੀ ਵੱਲੋਂ 'ਭਾਰਤ ਜੋੜੋ ਯਾਤਰਾ' ਦਾ ਦੂਜਾ ਦੌਰ ਸ਼ੁਰੂ ਹੋਵੇ। ਇਸ ਸਥਿਤੀ ਵਿਚ ਜੇ ਕਾਂਗਰਸ ਹਮਲਾਵਰ ਹੁੰਦੀ ਹੈ ਤਾਂ ਭਾਜਪਾ-ਵਿਰੋਧੀ ਮੋਰਚੇ ਆਈਐੱਨਡੀਆਈਏ ਲਈ ਮੁਸ਼ਕਲਾਂ ਖੜ੍ਹੀਆਂ ਹੋਣਗੀਆਂ। ਅਖਿਲੇਸ਼ ਯਾਦਵ ਤੇ ਨਿਤਿਸ਼ ਕੁਮਾਰ ਨਾਲ ਪਹਿਲਾਂ ਹੀ ਉਸ ਦੀ ਅਣਬਣ ਸ਼ੁਰੂ ਹੋ ਗਈ ਹੈ। ਉਕਤ ਮੋਰਚੇ ਦੇ ਹੋਰ ਭਾਈਵਾਲਾਂ ਨਾਲ ਵੀ ਕਾਂਗਰਸ ਦੀ ਬਹੁਤੀ ਨਹੀਂ ਬਣਦੀ। ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਤਾਂ ਕਾਂਗਰਸ 'ਤੇ ਤਨਜ਼ ਕੱਸਦਿਆਂ ਕਿਹਾ ਹੈ ਕਿ ਉਸ ਨੂੰ ਆਈਐੱਨਡੀਆਈਏ ਦੀ ਮਜ਼ਬੂਤੀ ਦਾ ਕੋਈ ਫ਼ਿਕਰ ਨਹੀਂ ਹੈ, ਉਹ ਤਾਂ ਵਿਧਾਨ ਸਭਾ ਚੋਣਾਂ ਲੜਨ ਵਿਚ ਮਸ਼ਗੂਲ ਹੈ। ਦੂਜੇ ਪਾਸੇ, ਜੇ ਜਿੱਤ ਦੇ ਬਾਵਜੂਦ ਕਾਂਗਰਸ ਨਰਮ ਰਹਿੰਦੇ ਹੋਏ ਸਹਿਯੋਗੀ ਪਾਰਟੀਆਂ ਨਾਲ ਕੁਝ ਸਿਆਸੀ ਤਾਲਮੇਲ ਕਰਦੀ ਹੈ ਤਾਂ ਸੰਭਵ ਹੈ ਕਿ ਵਿਰੋਧੀ ਏਕਤਾ ਦੀ ਗੱਡੀ ਕੁਝ ਪ੍ਰਵਾਨ ਚੜ੍ਹੇ। ਹਾਲਾਂਕਿ ਕਾਂਗਰਸ ਦੀ ਇਨ੍ਹਾਂ ਸੂਬਿਆਂ ਵਿਚ ਸੰਭਾਵੀ ਜਿੱਤ ਦੇ ਬਾਵਜੂਦ ਲੋਕ ਸਭਾ ਚੋਣਾਂ ਦੇ ਲਿਹਾਜ਼ ਨਾਲ ਭਾਜਪਾ ਨੂੰ ਪੂਰੀ ਤਰ੍ਹਾਂ ਖ਼ਾਰਜ ਨਹੀਂ ਕੀਤਾ ਜਾ ਸਕਦਾ ਕਿਉਂਕਿ 2018 ਵਿਚ ਤਿੰਨ ਸੂਬਿਆਂ ਵਿਚ ਚੋਣਾਂ ਹਾਰਨ ਤੋਂ ਬਾਅਦ ਭਾਜਪਾ ਨੇ ਕਿਸਾਨ ਸਨਮਾਨ ਨਿਧੀ ਤੋਂ ਲੈ ਕੇ ਈਡਬਲਿਊਐੱਸ ਰਾਖਵਾਂਕਰਨ 'ਤੇ ਸਰਗਰਮੀ ਦਿਖਾਉਣ ਵਰਗੇ ਕਈ ਅਜਿਹੇ ਕਦਮ ਚੁੱਕੇ ਜਿਨ੍ਹਾਂ ਨੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਸ ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਈ। ਜੇ ਇਨ੍ਹਾਂ ਚੋਣਾਂ ਵਿਚ ਕਾਂਗਰਸ ਹਾਰਦੀ ਹੈ ਤਾਂ ਲੋਕ ਸਭਾ ਚੋਣਾਂ ਲਈ ਉਸ ਦਾ ਰਾਹ ਹੋਰ ਮੁਸ਼ਕਲ ਹੋ ਜਾਵੇਗਾ।

-ਰਾਹੁਲ ਵਰਮਾ

# ਸਿਰਫ਼ ਫ਼ੌਜੀ ਹੱਲ ਦੀ ਕੋਸ਼ਿਸ਼ ਇਜ਼ਰਾਈਲ ਦੀ ਗ਼ਲਤੀ

**ਮਨੋਜ ਜੋਸ਼ੀ**



ਪੱਛਮੀ ਏਸ਼ੀਆ ਵਿਚ ਇਸ ਸਮੇਂ ਵਾਪਰ ਰਹੀਆਂ ਘਟਨਾਵਾਂ ਫੋਕੇ ਗ਼ਰੂਰ ਦੀ ਅੱਗ ਦਾ ਸਿੱਟਾ ਹਨ। ਇਜ਼ਰਾਇਲੀਆਂ ਦਾ ਇਹ ਗ਼ਰੂਰ ਕਿ ਉਨ੍ਹਾਂ ਆਪਣੇ ਤੌਰ 'ਤੇ ਮੰਨ ਲਿਆ ਹੈ ਕਿ ਉਨ੍ਹਾਂ ਹਮਾਸ ਨੂੰ ਗਾਜ਼ਾ ਵਿਚ ਅਸਰਦਾਰ ਢੰਗ ਨਾਲ ਰੋਕ ਲਿਆ ਹੈ; ਅਮਰੀਕੀਆਂ ਦਾ ਇਹ ਕਿ ਉਨ੍ਹਾਂ ਨੂੰ ਜਾਪਦਾ ਸੀ ਕਿ ਫ਼ਲਸਤੀਨ ਮੁੱਦੇ ਨਾਲ ਸਿੱਝਣ ਤੋਂ ਬਿਨਾਂ ਹੀ ਇਜ਼ਰਾਈਲ ਦੇ ਅਰਬ ਮੁਲਕਾਂ ਨਾਲ ਆਮ ਵਰਗੇ ਰਿਸ਼ਤੇ ਬਣਾਉਣਾ ਵਾਜਿਬ ਤਰੀਕਾ ਸੀ ਅਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਦਾ ਇਹ ਕਿ ਉਨ੍ਹਾਂ ਦੀ ਸਨਕੀ ਤੇ ਖ਼ੁਦਗਰਜ਼ ਸਿਆਸਤ ਨੇ ਆਖ਼ਰ ਇਜ਼ਰਾਈਲ ਨੂੰ ਬਹੁਤ ਜ਼ਿਆਦਾ ਕਮਜ਼ੋਰ ਕੀਤਾ ਅਤੇ ਸੰਭਵ ਤੌਰ 'ਤੇ ਇਸ ਨੇ ਹਮਾਸ ਵੱਲੋਂ ਕੀਤੀ ਕਾਰਵਾਈ ਵਿਚ ਵੀ ਭੂਮਿਕਾ ਨਿਭਾਈ।

ਹਮਾਸ ਦੇ ਇਜ਼ਰਾਈਲ ਉਤੇ ਕੀਤੇ ਹਾਲੀਆ ਦਹਿਸ਼ਤੀ ਹਮਲੇ ਨੂੰ ਇਸ ਯਹੂਦੀ ਮੁਲਕ ਦੀ 1948 ਵਿਚ ਹੋਈ ਸਥਾਪਨਾ ਤੋਂ ਬਾਅਦ ਹੁਣ ਤੱਕ ਦਾ ਸਭ ਤੋਂ ਭਿਆਨਕ ਹਮਲਾ ਮੰਨ ਲਿਆ ਗਿਆ ਹੈ ਪਰ ਹੁਣ ਮੁੱਦਾ ਇਜ਼ਰਾਈਲ ਦੀ ਜਵਾਬੀ ਕਾਰਵਾਈ ਦਾ ਹੈ। ਇਜ਼ਰਾਈਲ ਨੇ ਗਾਜ਼ਾ ਪੱਟੀ ਨੂੰ ਪਾਣੀ, ਬਜਿਲੀ ਤੇ ਰਸਦ ਦੀ ਸਪਲਾਈ ਬੰਦ ਕਰ ਦਿੱਤੀ ਹੈ ਅਤੇ ਉਥੇ ਅੰਨ੍ਹੇਵਾਹ ਬੰਬਾਰੀ ਕਰ ਰਿਹਾ ਹੈ ਤਾਂ ਕਿ ਜ਼ਮੀਨੀ ਹਮਲਾ ਸ਼ੁਰੂ ਕਰਨ ਲਈ ਇਲਾਕੇ ਨੂੰ ਪੱਧਰ ਕੀਤਾ ਜਾ ਸਕੇ। ਇਹ ਦੇਖਦਿਆਂ ਕਿ ਇਜ਼ਰਾਈਲ ਦੀ ਦਹਿਸ਼ਤਗਰਦੀ-ਰੋਕੂ ਰਣਨੀਤੀ ਧੂੰਆਂ ਬਣ ਕੇ ਉਠ ਚੁੱਕੀ ਹੈ, ਇਹ ਸਾਫ਼ ਨਹੀਂ ਹੈ ਕਿ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਨੂੰ 'ਹਮਾਸ-ਰਹਿਤ' ਕਿਵੇਂ ਕੀਤਾ ਜਾਵੇਗਾ। ਉਹ ਆਪਣੇ ਆਪ ਨੂੰ ਬਿਲਕੁਲ ਨਵੀਂ ਸਥਤਿ ਵਿਚ ਪਾ ਰਿਹਾ ਹੈ। ਇਥੋਂ ਤੱਕ ਕਿ ਜਿਵੇਂ ਉਸ ਦੇ ਦੋਸਤ ਵੀ ਇਹੋ ਸਲਾਹ ਦੇ ਰਹੇ ਹਨ ਕਿ ਇਜ਼ਰਾਈਲ ਨੂੰ ਆਪਣੇ ਬਦਲਾਂ ਬਾਰੇ ਬਹੁਤ ਧਿਆਨ ਨਾਲ ਸੋਚਣ ਦੀ ਲੋੜ ਹੈ ਅਤੇ ਮੌਕੇ ਦੇ ਜਜ਼ਬਾਤ ਨੂੰ ਆਪਣੇ ਉਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ।

ਅਲ-ਕਾਇਦਾ ਦੇ 9/11 ਹਮਲਿਆਂ ਦੇ ਅਜਿਹੇ ਹੀ ਹਾਲਾਤ ਦੌਰਾਨ ਅਮਰੀਕਾ ਨੇ ਦਹਿਸ਼ਤਗਰਦੀ ਖ਼ਿਲਾਫ਼ ਆਲਮੀ ਜੰਗ ਦਾ ਐਲਾਨ ਕੀਤਾ ਸੀ। ਇਸ ਤੋਂ ਇਕ ਚੌਥਾਈ ਸਦੀ ਬਾਅਦ ਮੁਲੰਕਣ ਕਰਨ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਦੀਆਂ ਅਫ਼ਗਾਨਿਸਤਾਨ ਵਿਚ 'ਲੋੜ ਦੀ ਜੰਗ' ਅਤੇ ਇਰਾਕ ਵਿਚ 'ਪਸੰਦ ਦੀ ਜੰਗ' ਆਖ਼ਰ ਅਮਰੀਕਾ ਲਈ ਤਬਾਹਕੁਨ ਰੂਪ ਵਿਚ ਅਤੇ ਨਾਲ ਹੀ ਇਰਾਕ ਤੇ ਅਫ਼ਗਾਨਿਸਤਾਨ ਦੇ ਲੋਕਾਂ ਲਈ ਦੁਖਦਾਈ ਰੂਪ ਵਿਚ ਖ਼ਤਮ ਹੋਈਆਂ ਪਰ ਇਸ ਸਭ ਕਾਸੇ ਦੀ ਇਜ਼ਰਾਇਲੀ ਲੀਡਰਸ਼ਿਪ ਨੂੰ ਕੋਈ ਪਰਵਾਹ ਨਹੀਂ ਜਾਪਦੀ। ਇਸ ਦੇ ਸਖ਼ਤੀ ਦੀਆਂ ਗੱਲਾਂ ਕਰਨ ਵਾਲੇ ਜਰਨੈਲ ਕਹਿੰਦੇ ਹਨ ਕਿ ਉਹ ਗਾਜ਼ਾ ਨੂੰ ਮਲੀਆਮੇਟ ਕਰਨ ਤੋਂ ਬਾਅਦ ਇਸ ਨਾਲ ਹਰ ਤਰ੍ਹਾਂ ਦੇ ਸਬੰਧ ਖ਼ਤਮ ਕਰ ਦੇਣਗੇ ਪਰ ਇਸ ਦੇ ਬਾਵਜੂਦ ਇਹ ਇਜ਼ਰਾਈਲ ਦੇ ਐਨ ਗੁਆਂਢ ਵਿਚ ਰਹਿ ਰਹੇ 20 ਲੱਖ ਲੋਕਾਂ ਦਾ ਸਮੂਹ ਹੋਵੇਗਾ, ਭਾਵੇਂ ਇਸ ਨੂੰ ਨਵੇਂ ਗ਼ੈਰ-ਫ਼ੌਜੀ ਖੇਤਰ ਰਾਹੀਂ ਵੱਖ ਹੀ ਕਿਉਂ ਨਾ ਕਰ ਦਿੱਤਾ ਜਾਵੇ। ਸੰਯੁਕਤ ਰਾਸ਼ਟਰ ਦੇ ਮਤੇ ਦੇ ਆਧਾਰ ਉਤੇ ਕਾਇਮ ਕੀਤੇ ਇਜ਼ਰਾਈਲ ਨੂੰ ਉਨ੍ਹਾਂ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਜਿਨ੍ਹਾਂ ਨੂੰ ਇਸ ਨੇ ਜਬਰੀ ਉਨ੍ਹਾਂ ਦੀ ਆਪਣੀ ਹੀ ਜ਼ਮੀਨ ਤੋਂ ਉਜਾੜ ਦਿੱਤਾ ਸੀ। ਦਹਾਕਿਆਂ ਤੱਕ ਇਹ ਖ਼ਤਰਿਆਂ ਨੂੰ ਮਾਤ ਦੇਣ ਜਾਂ ਅਗਾਊਂ ਤੌਰ 'ਤੇ ਹੀ ਖ਼ਤਮ ਕਰ ਦੇਣ ਲਈ ਆਪਣੀ ਫ਼ੌਜੀ ਤਾਕਤ ਅਤੇ ਬਹੁਤ ਕਾਰਆਮਦ ਖ਼ੁਫ਼ੀਆ ਸੇਵਾਵਾਂ ਉਤੇ ਨਿਰਭਰ ਕਰਦਾ ਰਿਹਾ ਹੈ। ਆਪਣੀ ਸੁਰੱਖਿਆ ਕਵਾਇਦ ਦੇ ਹਿੱਸੇ ਵਜੋਂ ਇਸ ਨੇ 1967 ਵਿਚ ਇਲਾਕੇ ਦਾ ਪਸਾਰ ਕਰਦਿਆਂ ਪੱਛਮੀ ਕਿਨਾਰੇ ਅਤੇ ਗਾਜ਼ਾ ਪੱਟੀ ਉਤੇ ਕਬਜ਼ਾ ਕਰ ਲਿਆ, ਜਿਥੇ ਉਹ ਫ਼ਲਸਤੀਨੀ ਸ਼ਰਨਾਰਥੀ ਰਹਿ ਰਹੇ ਸਨ ਜਿਨ੍ਹਾਂ ਨੂੰ ਨਵੇਂ ਮੁਲਕ ਇਜ਼ਰਾਈਲ ਦੀ ਕਾਇਮੀ ਲਈ ਉਨ੍ਹਾਂ ਦੇ ਆਪਣੇ ਘਰਾਂ ਤੋਂ ਬੇਘਰ ਕਰ ਦਿੱਤਾ ਗਿਆ ਸੀ। ਫ਼ਲਸਤੀਨੀਆਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਉਜਾੜ ਦੇਣਾ ਜੋ ਹਾਲੇ ਵੀ ਜਾਰੀ ਹੈ, ਕਾਫ਼ੀ ਹੱਦ ਤੱਕ ਇਜ਼ਰਾਇਲੀ ਢੰਗ-ਤਰੀਕਿਆਂ ਦਾ ਹਿੱਸਾ ਰਿਹਾ ਹੈ, ਜਿਵੇਂ ਇਸ ਦੇ ਜਵਾਬ ਵਿਚ ਦਹਿਸ਼ਤਗਰਦੀ ਫ਼ਲਸਤੀਨੀ ਢੰਗ-ਤਰੀਕਿਆਂ ਦਾ ਹਿੱਸਾ ਰਹੀ ਹੈ।

ਆਪਣੀਆਂ ਸਰਹੱਦਾਂ ਉਤੇ ਖ਼ਤਰੇ ਦੇ ਮੱਦੇਨਜ਼ਰ ਇਜ਼ਰਾਈਲ ਨੇ ਸਮੁੱਚੇ ਫ਼ਲਸਤੀਨੀ ਇਲਾਕਿਆਂ, ਅਰਬ ਮੁਲਕਾਂ ਤੇ ਇਥੋਂ ਤੱਕ ਕਿ ਇਰਾਨ ਵਿਚ ਵੀ ਆਪਣੇ ਸੂਹੀਆਂ ਤੇ ਏਜੰਟਾਂ ਦਾ ਜ਼ਬਰਦਸਤ ਖ਼ੁਫ਼ੀਆ ਨੈੱਟਵਰਕ ਕਾਇਮ ਕੀਤਾ ਹੋਇਆ ਹੈ। ਇਸ ਨੇ ਗਾਜ਼ਾ ਦੇ ਦੁਆਲੇ ਵੀ ਉੱਚ ਤਕਨੀਕੀ ਬੈਰੀਅਰ ਬਣਾਇਆ ਹੋਇਆ ਹੈ ਪਰ ਜਿਸ ਤਰ੍ਹਾਂ ਇਜ਼ਰਾਈਲ ਅੰਦਰ ਹਮਲਾ ਕੀਤਾ ਗਿਆ, ਉਸ ਤੋਂ ਪਤਾ ਲੱਗਦਾ ਹੈ ਕਿ ਇਸ ਦੀਆਂ ਇਹ ਸਾਰੀਆਂ ਕੋਸ਼ਿਸ਼ਾਂ ਬੇਕਾਰ ਗਈਆਂ।

ਗਾਜ਼ਾ ਉਤੇ ਇਜ਼ਰਾਈਲ ਵੱਲੋਂ ਆਪਣਾ 38 ਸਾਲ ਲੰਮਾ ਕਬਜ਼ਾ ਛੱਡੇ ਜਾਣ ਦੇ ਦੋ ਸਾਲਾਂ ਦੌਰਾਨ ਹੀ ਹਮਾਸ ਨੇ ਇਸ 45 ਕਿਲੋਮੀਟਰ ਲੰਮੇ ਜ਼ਮੀਨੀ ਟੁਕੜੇ ਉਤੇ ਆਪਣਾ ਕੰਟਰੋਲ ਬਣਾ ਲਿਆ ਜੋ ਇਜ਼ਰਾਈਲ, ਮਿਸਰ ਅਤੇ ਸਮੁੰਦਰ ਦੇ ਵਿਚਕਾਰ ਸਥਿਤ ਹੈ। ਉਸ ਤੋਂ ਬਾਅਦ ਇਜ਼ਰਾਈਲ ਨੇ ਚਾਰ ਮੌਕਿਆਂ ਉਤੇ ਗਾਜ਼ਾ ਖ਼ਿਲਾਫ਼ ਹਵਾਈ ਜਾਂ ਜ਼ਮੀਨੀ ਹਮਲੇ ਵਿੱਢੇ ਹਨ। ਪਹਿਲੀ ਵਾਰ ਅਜਿਹਾ 2008 ਵਿਚ ਹੋਇਆ ਜਦੋਂ ਤਿੰਨ ਹਫ਼ਤਿਆਂ ਦੀ ਜੰਗ ਦਾ ਸਿੱਟਾ 1000 ਫ਼ਲਸਤੀਨੀਆਂ ਅਤੇ 13 ਇਜ਼ਰਾਇਲੀਆਂ ਦੀਆਂ ਮੌਤਾਂ ਵਜੋਂ ਨਿਕਲਿਆ। ਨਵੰਬਰ 2012 ਵਿਚ ਇਜ਼ਰਾਇਲੀਆਂ ਨੇ ਗਾਜ਼ਾ ਪੱਟੀ ਉਤੇ ਲਗਾਤਾਰ ਅੱਠ ਦਿਨ ਹਮਲੇ ਕੀਤੇ। ਫਿਰ 2014 ਵਿਚ ਛੇ ਹਫ਼ਤੇ ਤੱਕ ਚੱਲੇ ਹਵਾਈ ਅਤੇ ਜ਼ਮੀਨੀ ਹਮਲੇ ਵਿਚ ਬਹੁਤ ਸਾਰੇ ਇਜ਼ਰਾਇਲੀ ਤੇ 2000 ਫ਼ਲਸਤੀਨੀ ਮਾਰੇ ਗਏ। ਇਸੇ ਤਰ੍ਹਾਂ 2021 ਵਿਚ 11 ਰੋਜ਼ਾ ਲੜਾਈ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਹਮਾਸ ਨੇ ਇਜ਼ਰਾਈਲ ਦੇ ਸ਼ਹਿਰਾਂ ਕਸਬਿਆਂ ਉਤੇ ਰਾਕਟ ਹਮਲੇ ਕੀਤੇ ਅਤੇ ਜਵਾਬ ਵਿਚ ਇਜ਼ਰਾਈਲ ਨੇ ਗਾਜ਼ਾ ਉਤੇ ਤੋਪਾਂ ਤੇ ਜਹਾਜ਼ਾਂ ਰਾਹੀਂ ਗੋਲੇ ਵਰ੍ਹਾਏ। ਇਸ ਦੌਰਾਨ ਘੱਟੋ-ਘੱਟ 13 ਇਜ਼ਰਾਇਲੀ ਅਤੇ 250 ਫ਼ਲਸਤੀਨੀ ਹਲਾਕ ਹੋਏ। ਹਮਾਸ ਅਤੇ ਇਜ਼ਰਾਈਲ ਦਰਮਿਆਨ ਜਾਰੀ ਮੌਜੂਦਾ ਲੜਾਈ ਵਿਚ ਹੋਏ ਜਾਨੀ ਨੁਕਸਾਨ ਦਾ ਲੇਖਾ-ਜੋਖਾ ਹਾਲੇ ਕੀਤਾ ਜਾਣਾ ਹੈ ਪਰ ਜ਼ਾਹਿਰਾ ਤੌਰ 'ਤੇ ਮੌਤਾਂ ਦੀ ਗਿਣਤੀ ਕਈ ਹਜ਼ਾਰਾਂ ਵਿਚ ਹੋ ਸਕਦੀ ਹੈ। ਇਹ ਹਿੰਸਾ ਦਾ ਜਵਾਬ ਹਿੰਸਾ ਰਾਹੀਂ ਦੇਣ ਦਾ ਸਪਸ਼ਟ ਨਮੂਨਾ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਹਮਾਸ ਦੇ ਹਮਲੇ ਕਾਰਨ ਇਜ਼ਰਾਈਲ ਵਿਚ ਜਿਸ ਤਰ੍ਹਾਂ ਵੱਡੀ ਗਿਣਤੀ ਮੌਤਾਂ ਹੋਈਆਂ ਅਤੇ ਨਾਲ ਹੀ ਹਮਾਸ ਵੱਲੋਂ ਲੋਕਾਂ ਨੂੰ ਅਗਵਾ ਕੀਤੇ ਜਾਣ ਦੇ ਮੱਦੇਨਜ਼ਰ ਇਜ਼ਰਾਈਲ ਬਦਲੇ ਦੀ ਅਜਿਹੀ ਕਾਰਵਾਈ ਕਰਨੀ ਚਾਹੁੰਦਾ ਹੈ ਜਿਹੜੀ ਫ਼ਲਸਤੀਨੀਆਂ ਨੂੰ ਮੁੜ ਇਸ ਤਰ੍ਹਾਂ ਕਰਨ ਤੋਂ ਵਰਜ ਸਕੇ ਪਰ ਅਜਿਹਾ ਅਤੀਤ ਵਿਚ ਵੀ ਕਈ ਵਾਰ ਕੀਤਾ ਜਾ ਚੁੱਕਾ ਹੈ। ਇਸ ਕਾਰਨ ਇਜ਼ਰਾਇਲੀਆਂ ਨੂੰ ਹੁਣ ਤੱਕ ਸਮਝ ਜਾਣਾ ਚਾਹੀਦਾ ਸੀ ਕਿ ਇਸ ਮੁੱਦੇ ਦੇ ਹੱਲ ਲਈ ਸਿਰਫ਼ ਤਾਕਤ ਹੀ ਕਾਫ਼ੀ ਨਹੀਂ ਹੋਵੇਗੀ।

ਗਾਜ਼ਾ ਵਿਚ ਹਮਾਸ ਦਾ ਪ੍ਰਭਾਵ ਖ਼ਤਮ ਕਰਨ ਜਾਂ ਘਟਾਉਣ ਲਈ ਦੋਵੇਂ ਫ਼ੌਜੀ ਅਤੇ ਸਿਆਸੀ ਹੱਲ ਦਰਕਾਰ ਹਨ। ਪਹਿਲਾ, ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਜਵਾਬੀ ਕਾਰਵਾਈਆਂ ਦਾ ਨਿਸ਼ਾਨਾ ਸਿਰਫ਼ ਹਮਾਸ ਨੂੰ ਬਣਾਇਆ ਜਾਵੇ। ਫ਼ਲਸਤੀਨੀਆਂ ਦੀਆਂ ਵੱਡੇ ਪੱਧਰ 'ਤੇ ਮੌਤਾਂ ਅਤੇ ਉਨ੍ਹਾਂ ਨੂੰ ਪੇਸ਼ ਅੰਤਾਂ ਦੀਆਂ ਮੁਸ਼ਕਿਲਾਂ ਨਾਲ ਤਾਂ ਸਿਰਫ਼ ਹਿੰਸਾ ਦਾ ਪਹੀਆ ਹੀ ਤੇਜ਼ ਘੁੰਮੇਗਾ। ਇਜ਼ਰਾਈਲ ਨੂੰ ਆਪਣੀ ਹਿਫ਼ਾਜ਼ਤ ਕਰਨ ਦਾ ਹੱਕ ਹੈ ਪਰ ਲੋਕਾਂ ਨੂੰ ਘੇਰਾਬੰਦੀ ਵਿਚ ਜਕੜਨਾ, ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਮਹਿਰੂਮ ਕਰਨਾ ਅਤੇ ਉਨ੍ਹਾਂ ਨੂੰ ਇਕ ਤਰ੍ਹਾਂ ਸਮੂਹਿਕ ਸਜ਼ਾ ਦੇਣ ਵਰਗੀਆਂ ਕਾਰਵਾਈਆਂ ਕਰਨਾ ਕੌਮਾਂਤਰੀ ਕਾਨੂੰਨਾਂ ਦਾ ਗੰਭੀਰ ਉਲੰਘਣ ਹੈ। ਇਜ਼ਰਾਈਲ ਦੀ ਬੰਬਾਰੀ ਮੁਹਿੰਮ ਕੋਈ ਨਿਖੇੜਾ ਨਹੀਂ ਕਰ ਰਹੀ। ਇਸ ਦੇ ਹਿਸਾਬ ਨਾਲ ਹੀ ਹਮਾਸ ਗਾਜ਼ਾ ਵਿਚ ਮਜਬੂਰ ਲੋਕਾਂ ਨੂੰ ਢਾਲ ਵਜੋਂ ਇਸਤੇਮਾਲ ਕਰ ਰਹੀ ਹੈ। ਅਮਰੀਕਾ ਅਤੇ ਦੂਜੇ ਪੱਛਮੀ ਮੁਲਕਾਂ ਨੂੰ ਇਜ਼ਰਾਈਲ ਉਤੇ ਲਾਜ਼ਮੀ ਤੌਰ 'ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਜੰਗ ਦੇ ਨਿਯਮਾਂ ਦਾ ਪਾਲਣ ਕਰੇ; ਜੇ ਉਹ ਅਜਿਹਾ ਨਹੀਂ ਕਰਦੇ ਤਾਂ ਉਹ ਦੱਖਣੀ ਸੰਸਾਰ ਅੰਦਰ ਇਹੋ ਰਾਇ ਮਜ਼ਬੂਤ ਕਰਨਗੇ ਕਿ ਕੌਮਾਂਤਰੀ ਕਾਨੂੰਨ ਅਜਿਹੀ ਚੀਜ਼ ਹੈ ਜਿਸ 'ਤੇ ਉਹ ਉਦੋਂ ਹੀ ਜ਼ੋਰ ਦਿੰਦੇ ਹਨ ਜਦੋਂ ਉਨ੍ਹਾਂ ਨੂੰ ਮੁਆਫ਼ਕ ਹੋਵੇ; ਜਦੋਂ ਅਜਿਹਾ ਨਾ ਹੋਵੇ ਤਾਂ ਉਸ ਨੂੰ ਰੱਦੀ ਦੀ ਟੋਕਰੀ ਵਿਚ ਸੁੱਟਣ 'ਚ ਕੋਈ ਝਿਜਕ ਨਹੀਂ ਦਿਖਾਉਂਦੇ।

ਇਜ਼ਰਾਈਲ ਅਤੇ ਇਸ ਦੇ ਵੱਡੇ ਹਮਾਇਤੀ ਅਮਰੀਕਾ ਨੂੰ ਸਮਝਣਾ ਪਵੇਗਾ ਕਿ ਅਜੋਕਾ ਪੱਛਮੀ ਏਸ਼ੀਆ ਬਿਲਕੁਲ ਵੀ ਉਹੋ ਜਿਹਾ ਨਹੀਂ ਹੈ ਜਿਵੇਂ ਇਹ ਅਮਰੀਕਾ ਦੀ ਸਰਦਾਰੀ ਵਾਲੇ ਜ਼ਮਾਨੇ ਵਿਚ ਸੀ। ਇਜ਼ਰਾਈਲ ਦੀ ਲੰਮੀ ਮਿਆਦ ਲਈ ਸੁਰੱਖਿਆ ਵਾਸਤੇ ਜ਼ਰੂਰੀ ਹੈ ਕਿ ਉਹ ਮਿਸਰ, ਸਾਊਦੀ ਅਰਬ, ਕਤਰ, ਤੇ ਜੇ ਸੰਭਵ ਹੋਵੇ ਤਾਂ ਇਰਾਨ ਵਰਗੇ ਮੁਲਕਾਂ ਤੱਕ ਵੀ ਪਹੁੰਚ ਕਰੇ ਅਤੇ ਮਾਮਲਿਆਂ ਦੇ ਸਿਆਸੀ ਨਿਬੇੜੇ ਦਾ ਰਾਹ ਅਪਣਾਵੇ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com

ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-93

**ਗੀੜ ਦੀ ਹੱਡੀ ਦੀ ਬਣਤਰ**

ਗੀੜ ਦੀ ਹੱਡੀ ਦੀ ਬਣਤਰ ਬਲਾਸਟੋਸਿਸਟ ਯਾਨੀ ਫਰਟੀਲਾਈਜਡ ਓਵਮ ਦੀ ਬਣਤਰ ਦੇ ਤਿੰਨ ਪਰਦਿਆਂ ਵਿਚੋਂ ਵਿਚਕਾਰ ਲੇਮੈਸੋਡਰਮ ਨਾ ਦੇ ਪਰਦੇ ਤੋ ਸ਼ੁਰੂ ਹੁੰਦੀ ਹੈ।

ਵਰਟੇਬਰਲ ਕੌਲਮ ਤੇ ਸਪਾਈਨਲ ਕੌਲਮ ਦੋ ਲਫ਼ਜ਼ ਵੱਖ ਵੱਖ ਹਨ। ਵਰਟੇਬਰਲ ਕੋਲਮ ਹੱਡੀਆਂ ਦਾ ਉਹ ਖੋਲ ਹੈ ਜੋ ਮਿਲ ਕੇ ਇਕ ਨਹਿਰ ਵਾਂਗ ਅੰਦਰੋ ਖਾਲੀ ਜਗ੍ਹਾ ਬਣਾਉਂਦੇ ਹਨ ਜਿਹੜੀ ਇਸਦੇ ਪਹਿਲੇ ਵਰਟੇਬਰਾ ਐਟਲਸ ਯਾਨੀ ਬਿਲਡਿੰਗ ਬਲੌਕ ਤੋਂ ਸ਼ੁਰੂ ਹੋਕੇਟੇਲ ਬੋਨ ਯਾਨੀ ਕੌਕਸਿਕਸ ਤੱਕ ਜਾਂਦੀ ਹੈ। ਸਪਾਈਨਲ ਕੌਲਮ ਨਰਵਜ ਦਾ ਉਹ ਗੁੱਛਾ ਹੈ ਜਿਹੜਾ ਸਾਡੀ ਖੋਪੜੀ ਵਿੱਚ ਬਰੇਨ ਦੇ ਪਿਛਲੇ ਇਕ ਹਿੱਸੇ ਮੈਡੂਲਾ ਔਬਲੌਂਗਟਾ ਦੀ ਪੂਛ ਤੋਂ ਸ਼ੁਰੂ ਹੋ ਕੇ ਵਰਟੇਬਰਲ ਕੌਲਮ ਦੇ ਖੋਲ ਦੇ ਅੰਦਰ ਅੰਦਰ ਟੇਲ ਬੋਨ ਯਾਨੀ ਕੌਕਸਿਕਸ ਤੱਕ ਜਾਂਦਾ ਹੈ ਤੇ ਹਰੇਕ ਵਰਟੇਬਰਾ ਦੇ ਦੋਹੀਂ ਪਾਸੀਂ ਬਣੇ ਸੁਰਾਂਖਾ ਰਾਹੀਂ ਦੋ ਤਰ੍ਹਾਂ ਦੀਆਂ ਨਸ਼ਾ ਦਾ ਆਦਾਨ ਪ੍ਰਦਾਨ ਕਰਦਾ ਜਾਂਦਾ ਹੈ। ਇਕ ਸੈਂਸਰੀ ਨਰਵਜ ਤੇ ਦੂਸਰਾ ਲੋਕੋਮੋਟਰੀ ਨਰਵਜ।

ਸੈਂਸਰੀ ਨਰਵਜ ਉਹ ਨਸ਼ਾ ਹਨ ਜਿਹਨਾਂ ਰਾਹੀਂ ਹਰ ਅੰਗ ਹਰ ਸੈਲ ਤੋਂ ਸੂਚਨਾ ਬਰੇਨ ਨੂੰ ਪਹੁੰਚਦੀ ਹੈ ਤੇ ਵਾਪਸੀ ਹੁਕਮ ਹਰ ਸੈਲ ਤੱਕ ਪਹੁੰਚਦੇ ਹਨ।

ਦੂਸਰੀ ਤਰ੍ਹਾਂ ਦੀਆਂ ਨਰਵਜ ਲੋਕੋਮੋਟਰੀ ਨਰਵਜ ਮਾਸਪੇਸ਼ੀਆ ਨੂੰ ਬਰੇਨ ਤੋਂ ਆਏ ਹੁਕਮ ਦੀ ਤਾਮੀਲ ਕਰਨ ਲਈ ਕਾਰਵਾਈ ਕਰਨ ਲਈ ਸਹਿਯੋਗ ਕਰਦੀਆਂ ਹਨ ਇਹਨਾਂ ਨੂੰ ਲੋਕੋਮੋਟਰ ਨਰਵਜ ਕਹਿੰਦੇ ਹਨ ।

ਗੀੜ ਦੀ ਹੱਡੀ ਦੀ ਬਣਤਰ ਕੁਲ 33 ਮਣਕਿਆਂ ਦੇ ਜੁੜਨ ਨਾਲ ਬਣਦੀ ਹੈ ਜਿਹਨਾਂ ਨੂੰ ਵਰਟੇਬਰਾ ਕਹਿੰਦੇ ਹਨ। ਇਹ ਸਾਰੇ ਵਰਟੇਬਰਾ ਇਕ ਦੂਜੇ ਨਾਲ ਮਾਸਪੇਸ਼ੀਆਂ ਦੀਆਂ ਰਸੀਆ ਯਾਨੀ ਲਿਗਾਮੈਂਟ ਨਾਲ ਇਕ ਦੂਜੇ ਨਾਲ ਅਤੇ ਸਰੀਰ ਨਾਲ ਬੱਝੇ ਹੋਏ ਹੁੰਦੇ ਹਨ। ਗੀੜ ਦੀ ਹੱਡੀ ਦੇ ਇਹਨਾਂ ਸਾਰੇ ਮਣਕਿਆਂ ਦੀ ਬਣਤਰ ਆਪਸ ਵਿੱਚ ਇੰਜ ਸੈੱਟ ਕਰਕੇ ਜੁੜੀ ਹੁੰਦੀ ਹੈ ਭਾਵ ਆਪਸ ਵਿੱਚ ਇੰਜ ਜੁੜਦੇ ਹਨ ਜਿਸ ਨਾਲ ਉਹਨਾਂ ਦੇ ਵਿਚਕਾਰਲਾ ਸੁਰਾਖ ਇਕ ਲੰਬੀ ਸੁਰੰਗ ਵਰਗੀ ਨਾਲੀ ਬਣਾਉਂਦਾ ਹੈ।

**ਖੋਪੜੀ ਦਾ ਖੁੱਤੀ ਵਿਚਲਾ ਸੁਰਾਖ**

ਹੇਠਾਂ ਵਾਲੇ ਜਬਾੜ੍ਹੇ ਤੋਂ ਅਗਰ ਖੋਪੜੀ ਨੂੰ ਅਲੱਗ ਕੀਤਾ ਜਾਵੇ ਤਾਂ ਹੱਡੀਆਂ ਦੀ ਜੋ ਤਸਵੀਰ ਦਿਖਾਈ ਦਿੰਦੀ ਹੈ ਉਹ ਉੱਪਰ ਉਹਨਾਂ ਦੇ ਨਾਵਾਂ ਸਮੇਤ ਦਿੱਤੀ ਗਈ ਹੈ।

ਗੀੜ ਦੀ ਹੱਡੀ ਦੇ ਮਣਕੇ ਸਿਰ ਦੇ ਖੁੱਤੀ ਯਾਨੀ ਔਕਸੀਪੀਟਲ ਏਰੀਏ ਵਿਚਲੇ ਸੁਰਾਖ ਜਿਸ ਨੂੰ ਫੋਰਾਮੈਨ ਮੈਗਨਮ ਕਹਿੰਦੇ ਹਨ ਉਸ ਰਾਹੀਂ ਸਿਰ ਦੀਆਂ ਪਿਛਲੀਆਂ ਹੱਡੀਆਂ ਨਾਲ ਇੰਜ ਜੁੜਦੀ ਹੈ ਕਿ ਇਹਦੇ ਅੰਦਰ ਦਾ ਲੰਬਾ ਸੁਰਾਖ ਫੋਰਾਮੈਨ ਮੈਗਨਮ ਰਾਹੀਂ ਬਰੇਨ ਨਾਲ ਜੁੜਦਾ ਹੈ। ਭਾਵ ਬਰੇਨ ਨਾਲ ਸਿੱਧਾ ਸੰਬੰਧ ਸਥਾਪਤ ਹੁੰਦਾ ਹੈ।

ਫੋਰਾਮੈਨ ਮੈਗਨਮ ਰਾਹੀਂ ਬਰੇਨ ਵਿਚੋਂ ਨਿਕਲਦੀਆਂ ਚੌਵੀ ਨਰਵਜ ਯਾਨੀ ਬਾਰਾਂ ਜੋੜੇ ਨਰਵਜ ਦੇ ਬਰੇਨ ਦੀਆਂ ਅਲੱਗ ਅਲੱਗ ਥਾਵਾਂ ਤੋਂ ਨਿਕਲ ਕੇ ਇਕ ਬੰਡਲ ਦੇ ਤੌਰ 'ਤੇ ਇਸ ਗੀੜ ਦੀ ਹੱਡੀ ਦੇ ਸੁਰਾਖ ਵਿਚੋਂ ਵਿੱਚ ਗੁਜ਼ਰਦੇ ਹਨ ਇੰਜ ਗੀੜ ਦੀ ਹੱਡੀ ਦੇ ਨਿਰਮਾਨ ਵਿੱਚ ਯੋਗਦਾਨ ਕਰਦੇ ਹਨ ਜਿਸ ਨੂੰ ਵਰਟੇਬਰਲ ਕਨਾਲ ਜਾ ਨਿਊਰਾਲ ਕਨਾਲ ਕਹਿੰਦੇ ਹਨ।

ਫੋਰਾਮੈਨ ਮੈਗਨਮ ਅੰਡੇ ਵਰਗੀ ਗੁਲਾਈ ਵਾਲਾ ਸਾਡੀ ਖੋਪੜੀ ਵਿਚ ਪਿਛਲੇ ਪਾਸੇ ਤੋਂ ਨਿਕਲਣ ਵਾਲਾ ਸੁਰਾਖ ਹੈ ਇਹ ਇਸ ਤਰ੍ਹਾਂ ਦੇ ਖੋਪੜੀ ਦੇ ਹੇਠਲੇ ਪਾਸੇ ਤੋਂ ਨਿਕਲਣ ਵਾਲੇ ਸਾਰੇ ਸੁਰਾਖਾਂ ਤੋਂ ਵੱਡਾ ਸੁਰਾਖ ਹੈ। ਸਿਰ ਵਿੱਚ ਪਏ ਹੋਏ ਬਰੇਨ ਦੇ ਹਿੱਸੇ ਮੈਡੂਲਾਓਬਲੌਂਗਟਾਜੋ ਇਕ ਤਰ੍ਹਾਂ ਦਾ ਤਾਰਾਂ ਦੇ ਗੁੱਛੇ ਵਰਗਾ ਸਮੂੰਹ ਹੈ ਇਸ ਵਿੱਚੋਂ ਗੀੜ ਦੀ ਹੱਡੀ ਵਿੱਚ ਜਾਣ ਵਾਲੀਆਂ ਨਸ਼ਾ ਦੇ ਸਰੀਰ ਨੂੰ ਸਾਹਮਣੇ ਪਾਸੇ ਤੋਂ ਕੰਟਰੋਲ ਕਰਨ ਵਾਲੀਆਂ ਨਸ਼ਾ ਯਾਨੀ ਐਨਟੀਰੀਅਰ ਯਾ ਕਹੋ ਵੈਨਟਰਲ ਨਰਵਜ ਹਨ ਅਤੇ ਸਰੀਰ ਦੇ ਪਿਛਲੇ ਪਾਸੇ ਦੀਆਂ ਨਸ਼ਾ ਯਾਨੀ ਪੋਸਟੇਰੀਅਰ ਨਰਵਜ ਦੀ ਆਵਾਜਾਈ ਹੁੰਦੀ ਰਹਿੰਦੀ ਹੈ। ਨਰਵਜ ਯਾਨੀ ਨਸ਼ਾ ਤੋਂ ਇਲਾਵਾ ਇਸ ਵਿਚੋਂ ਖ਼ੂਨ ਦੀਆਂ ਨਾੜੀਆਂ ਯਾਨੀ ਆਰਟਰੀਆ ਭਾਵ ਖ਼ੂਨ ਦਿਲ ਤੋਂ ਸਾਰੇ ਬਾਕੀ ਅੰਗਾਂ ਨੂੰ ਲੈ ਕੇ ਜਾਣ ਵਾਲੀਆਂ ਨਾੜੀਆਂ ਅਤੇ ਵੇਨਜ ਬਾਕੀ ਸਾਰੇ ਸਰੀਰ ਦੇ ਅੰਗਾਂ ਤੋਂ ਵਰਤਿਆ ਹੋਇਆ ਖ਼ੂਨ ਵਾਪਸੀ ਦਿਲ ਨੂੰ ਪਹੁੰਚਾਉਣ ਵਾਲੀਆਂ ਖ਼ੂਨ ਦੀਆਂ ਨਾੜੀਆਂ ਜੋ ਦੋਵੇਂ ਮਿਲਕੇ ਖ਼ੂਨ ਦੀ ਆਵਾਜਾਈ ਨਿਯਮਤ ਬਣਾਉਂਦੀਆਂ ਹਨ। ਇਹਨਾਂ ਸੁਰਾਖਾਂ ਵਿਚੋ ਹੀ ਨਿਕਲਦੀਆਂ ਹਨ। ਉਹਨਾਂ ਸਭ ਕਾਰਵਾਈਆਂ ਨੂੰ ਕੰਟਰੋਲ ਕਰਨ ਲਈ ਨਸ਼ਾ ਇਸੇ ਰਸਤੇ ਬਰੇਨ ਵਿੱਚ ਦਾਖਲ ਹੁੰਦੀਆਂ ਤੇ ਬਾਹਰ ਨਿਕਲਦੀਆਂ ਹਨ।

**ਗੀੜ ਦੀ ਹੱਡੀ ਦੇ ਮਣਕੇ**

ਗੀੜ ਦੀ ਹੱਡੀ ਦੀ ਬਣਤਰ ਦੇ ਵੱਖ ਵੱਖ ਭਾਗਾ ਨੂੰ ਹੇਠ ਵਾਲੀ ਵਿਖਾਉਂਦੀ ਤਸਵੀਰ ਵਿਖਾ ਰਹੀ ਹੈ ਵੱਖ ਵੱਖ ਰੰਗਾ ਵਿੱਚ ਗੀੜ ਦੀ ਹੱਡੀ ਦੇ ਮਣਕੇ ਬਣਤਰ ਦੇ ਹਿਸਾਬ ਅਤੇ ਉਹ ਸਰੀਰ ਦੇ ਕਿਸ ਕਿਸ ਹਿੱਸੇ ਵਿਚੋਂ ਗੁਜ਼ਰਦੇ ਹਨ ਉਸ ਹਿਸਾਬ ਨਾਲ ਹੀ ਇਹਨਾਂ ਦੇ ਨਾ ਪਰਚਲਤ ਹਨ।

ਉਪਰਲੀ ਤਸਵੀਰ ਇਕ ਟਿਪੀਕਲ ਜਾਣੀ ਸਟੈਂਡਰਡ ਵਰਟੇਬਰਾ ਦੀ ਤਸਵੀਰ ਹੈ ਜਿਹੜੀ ਇਕ ਵਰਟੇਬਰਾ ਦੇ ਹਿੱਸਿਆਂ ਦੀ ਤਸਵੀਰ ਤੇ ਨਾਮਾਕਰਨ ਸਪਸ਼ਟ ਕਰ ਰਹੀ ਹੈ ਜਿਹੜੇ ਆਮ ਕਰਕੇ ਹਰੇਕ ਵਰਟੇਬਰਾ ਯਾਨੀ ਗੀੜ ਦੀ ਹੱਡੀ ਦੇ ਹਰੇਕ ਮਣਕੇ ਵਿੱਚ ਹੁੰਦੇ ਹੀ ਹਨ।

ਸਭ ਤੋ ਉੱਪਰ ਵਾਲੇ ਸੱਤ ਮਣਕੇ ਜਿਹੜੇ ਉੱਪਰੋਂ ਖੋਪੜੀ ਨਾਲ ਜੋੜ ਸਥਾਪਤ ਕਰਦੇ ਹਨ ਤੇ ਗਰਦਨ ਦੇ ਪਿਛਲੇ ਪਾਸੇ ਦਾ ਸਿਰ ਤੋਂ ਮੋਢਿਆ ਦੇ ਲੈਵਲ ਤੱਕ ਪਹੁੰਚਦੇ ਹਨ ਉਹਨਾਂ ਨੂੰ ਸਰਵਾਈਕਲ ਵਰਟੇਬਰਾ ਕਹਿੰਦੇ ਹਨ। ਇਹ ਗਿਣਤੀ ਵਿੱਚ ਸੱਤ ਹੁੰਦੇ ਹਨ।

**ਛਾਤੀ ਦੇ ਬਰਾਬਰ ਆਉਣ ਵਾਲੇ ਮਣਕੇ**

ਸਰਵਾਈਕਲ ਮਣਕਿਆਂ ਤੋਂ ਬਾਅਦ ਹੇਠਲੇ ਬਾਰਾਂ ਮਣਕਿਆਂ ਨੂੰ ਥੋਰੈਸਿਕ ਵਰਟੇਬਰਾ ਕਹਿੰਦੇ ਹਨ।

(ਚੱਲਦਾ)





CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
ਸਾਨੂੰ 16 ਸਾਲਾਂ ਦਾ ਤਜਰਬਾ ਹੈ।
Same Day Plates Same Day Plates Same Day Plates
PH : 530-669-5780 Fax : 530-669-5775,
Cell : 530-908-9386 Cell : 530-405-6020
Tax Returns- Corporations, LLC, Non-Profits, Small Business and Individuals
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991


TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਇਜ਼ਰਾਇਲੀ ਟੈਂਕ ਸ਼ਿਫ਼ਾ ਹਸਪਤਾਲ ਅੰਦਰ ਦਾਖ਼ਲ


*ਐਮਰਜੈਂਸੀ ਅਤੇ ਸਰਜਰੀ ਸਮੇਤ ਹੋਰ ਵਿਭਾਗਾਂ ਦੀ ਤਲਾਸ਼ੀ ਲਈ*



ਯੇਰੂਸ਼ਲਮ : ਕਈ ਦਿਨਾਂ ਦੀ ਘੇਰੇਬੰਦੀ ਮਗਰੋਂ ਇਜ਼ਰਾਇਲੀ ਫ਼ੌਜ ਅੱਜ ਸਵੇਰੇ ਗਾਜ਼ਾ ਦੇ ਸਭ ਤੋਂ ਵੱਡੇ ਸ਼ਿਫ਼ਾ ਹਸਪਤਾਲ ਅੰਦਰ ਦਾਖ਼ਲ ਹੋ ਗਈ। ਇਜ਼ਰਾਈਲ ਦਾ ਦਾਅਵਾ ਹੈ ਕਿ ਹਮਾਸ ਦੇ ਅਤਿਵਾਦੀਆਂ ਨੇ ਉਥੇ ਮੁੱਖ ਕਮਾਂਡ ਸੈਂਟਰ ਬਣਾਇਆ ਹੋਇਆ ਹੈ ਅਤੇ ਉਹ ਮਰੀਜ਼ਾਂ ਤੇ ਹਸਪਤਾਲ 'ਚ ਪਨਾਹ ਲੈਣ ਵਾਲੇ ਲੋਕਾਂ ਨੂੰ ਢਾਲ ਬਣਾ ਰਹੇ ਹਨ। ਹਮਾਸ ਅਤੇ ਸ਼ਿਫ਼ਾ ਹਸਪਤਾਲ ਦੇ ਹਮਲੇ ਨੇ ਇਜ਼ਰਾਈਲ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆ ਹੈ। ਗਾਜ਼ਾ 'ਚ ਹਸਪਤਾਲਾਂ ਦੇ ਡਾਇਰੈਕਟਰ ਮੁਹੰਮਦ ਜ਼ਾਕੂਤ ਨੇ ਕਿਹਾ ਕਿ ਇਜ਼ਰਾਇਲੀ ਟੈਂਕ ਸ਼ਿਫ਼ਾ ਹਸਪਤਾਲ ਅੰਦਰ ਦਾਖ਼ਲ ਹੋ ਗਏ ਹਨ। ਫ਼ੌਜੀਆਂ ਵੱਲੋਂ ਐਮਰਜੈਂਸੀ ਅਤੇ ਸਰਜਰੀ ਸਮੇਤ ਹੋਰ ਕਈ ਵਿਭਾਗਾਂ ਅੰਦਰ ਤਲਾਸ਼ੀ ਲਈ ਜਾ ਰਹੀ ਹੈ। ਇਜ਼ਰਾਇਲੀ ਫ਼ੌਜ ਨੇ ਕਿਹਾ ਕਿ ਜਵਾਨਾਂ ਵੱਲੋਂ ਹਸਪਤਾਲ ਦੇ ਇਕ ਖਾਸ ਇਲਾਕੇ 'ਚ ਹਮਾਸ ਖ਼?ਲਾਫ਼ ਸਟੀਕ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਹੋਰ ਵੇਰਵੇ ਤਾਂ ਨਹੀਂ ਦਿੱਤੇ ਪਰ ਇੰਨਾ ਜ਼ਰੂਰ ਕਿਹਾ ਕਿ ਉਹ ਆਮ ਨਾਗਰਿਕਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਕਦਮ ਚੁੱਕ ਰਹੇ ਹਨ। ਇਜ਼ਰਾਇਲੀ ਫ਼ੌਜ ਨੇ ਇਕ ਬਿਆਨ 'ਚ ਕਿਹਾ ਕਿ ਉਨ੍ਹਾਂ ਗਾਜ਼ਾ 'ਚ ਸਬੰਧਤ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਹਸਪਤਾਲ 'ਚ ਫ਼ੌਜ ਖ਼ਿਲਾਫ਼ ਚਲਾਈਆਂ ਜਾ ਰਹੀਆਂ ਗਤੀਵਿਧੀਆਂ 12 ਘੰਟੇ ਦੇ ਅੰਦਰ ਬੰਦ ਕਰ ਦਿੱਤੀਆਂ ਜਾਣ ਪਰ ਇੰਜ ਨਹੀਂ ਹੋਇਆ ਜਿਸ ਕਾਰਨ ਉਨ੍ਹਾਂ ਨੂੰ ਕਾਰਵਾਈ ਕਰਨੀ ਪਈ ਹੈ। ਇਸ ਦੌਰਾਨ ਸੰਯੁਕਤ ਰਾਸ਼ਟਰ ਦੇ ਹੰਗਾਮੀ ਰਾਹਤ ਬਾਰੇ ਅਧਿਕਾਰੀ ਮਾਰਟਿਨ ਗ੍ਰਿਫਿਥ ਨੇ ਸ਼ਿਫ਼ਾ ਹਸਪਤਾਲ 'ਚ ਫ਼ੌਜ ਦੇ ਦਾਖ਼ਲੇ ਦੀ ਨਿਖੇਧੀ ਕਰਦਿਆਂ ਹਮਾਸ ਨੂੰ ਕਿਹਾ ਹੈ ਕਿ ਉਹ ਆਮ ਲੋਕਾਂ ਨੂੰ ਢਾਲ ਵਜੋਂ ਨਾ ਵਰਤੇ। ਉਧਰ ਤੁਰਕੀ ਦੇ ਰਾਸ਼ਟਰਪਤੀ ਰੇਸਿਪ ਤੱਈਅਪ ਅਰਦੌਗਾਂ ਨੇ ਇਜ਼ਰਾਈਲ ਦੀ ਆਲੋਚਨਾ ਕਰਦਿਆਂ ਉਸ ਨੂੰ ਅਤਿਵਾਦੀ ਮੁਲਕ ਕਰਾਰ ਦਿੱਤਾ ਹੈ।

# ਅਮਰੀਕਾ ਦੇ ਓਹੀਓ ਰਾਜ 'ਚ ਵਿਦਿਆਰਥੀਆਂ ਨਾਲ ਭਰੀ ਬੱਸ ਸਮੇਤ 5 ਵਾਹਨਾਂ ਦੀ ਆਪਸ ਵਿਚ ਭਿਆਨਕ ਟੱਕਰ

## 6 ਮੌਤਾਂ ਤੇ ਕਈ ਹੋਰ ਜ਼ਖਮੀ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਅਮਰੀਕਾ ਦੇ ਓਹੀਓ ਰਾਜ ਵਿਚ ਏਟਨਾ ਵਿਖੇ ਇੰਟਰਸਟੇਟ 70 ਉਪਰ ਸਵੇਰ ਵੇਲੇ ਵਾਪਰੇ ਇਕ ਭਿਆਨਕ ਹਾਦਸੇ ਵਿਚ ਕਈ ਵਾਹਣਾਂ ਦੇ ਆਪਸ ਵਿਚ ਟਕਰਾਅ ਜਾਣ ਕਾਰਨ ਘੱਟੋ ਘੱਟ 6 ਮੌਤਾਂ ਹੋਣ ਤੇ 20 ਦੇ ਕਰੀਬ ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਬੱਸ ਵਿਚ ਟਸਕਾਰਾਵਾਸ ਵੈਲੀ ਦੇ ਵਿਦਿਆਰਥੀ ਸਵਾਰ ਸਨ। ਇਹ ਜਾਣਕਾਰੀ ਲਿਕਿੰਗ ਕਾਊਂਟੀ ਦੇ ਐਮਰਜੈਂਸੀ ਮੈਨਜਮੈਂਟ ਡਾਇਰੈਕਟਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਡਾਇਰੈਕਟਰ ਸੀਅਨ ਗਰੈਡੀ ਨੇ ਕਿਹਾ ਹੈ ਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਮ੍ਰਿਤਕ ਵਿਦਿਆਰਥੀ ਹਨ ਜਾਂ ਹੋਰ ਵਿਅਕਤੀ ਹਨ ਜੋ ਦੂਸਰੇ ਵਾਹਣਾਂ ਵਿਚ ਸਵਾਰ ਸਨ। ਗਵਰਨਰ ਮਾਈਕ ਡੇਵਾਈਨ ਨੇ ਕਿਹਾ ਹੈ ਕਿ ਇਹ ਇਕ ਭਿਆਨਕ ਸੁਪਨੇ ਦੀ ਤਰਾਂ ਹੈ ਕਿ ਵਿਦਿਆਰਥੀਆਂ ਨਾਲ ਭਰੀ ਬੱਸ ਨੂੰ ਹਾਦਸਾ ਪੇਸ਼ ਆਇਆ ਹੈ। ਉਨਾਂ ਨੇ ਮੌਤਾਂ ਦੀ ਗਿਣਤੀ ਬਾਰੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਪੁਲਿਸ ਸਬੰਧਤ ਪਰਿਵਾਰਾਂ ਨੂੰ ਸੂਚਿਤ ਕਰੇਗੀ। ਡੀਵਾਈਨ ਨੇ ਕਿਹਾ ਕਿ ਸੋਗ ਵਜੋਂ ਰਾਜਧਾਨੀ ਵਿਚ ਸਰਕਾਰੀ ਇਮਾਰਤਾਂ ਅਤੇ ਟਸਕਾਰਾਵਾਸ ਕਾਊਂਟੀ ਵਿਚ ਝੰਡੇ ਅੱਧੇ ਝੁਕੇ ਰਹਿਣਗੇ। ਸਟੇਟ ਹਾਈਵੇਅ ਪੈਟਰੋਲ ਦੇ ਅਧਿਕਾਰੀ ਲੈਫਟੀਨੈਂਟ ਨਾਥਨ ਡੈਨਿਸ ਨੇ ਕਿਹਾ ਹੈ ਕਿ ਹਾਦਸਾ ਸਵੇਰੇ 8.52 ਵਜੇ ਪੱਛਮ ਨੂੰ ਜਾ ਰਹੇ ਵਾਹਣਾਂ ਨਾਲ ਵਾਪਰਿਆ ਜਿਸ ਵਿਚ 5 ਵਾਹਣ ਆਪਸ ਵਿਚ ਭਿੜ ਗਏ। ਉਨਾਂ ਕਿਹਾ ਕਿ 18 ਵਿਅਕਤੀਆਂ ਨੂੰ ਸਥਾਨਕ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ ਜਿਨ੍ਹਾਂ ਵਿਚੋਂ ਕਈ ਗੰਭੀਰ ਹਨ।

# ਟਰੂਡੋ ਨੇ ਦੀਵਾਲੀ ਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਪਾਰਲੀਮੈਂਟ ਹਿੱਲ 'ਤੇ ਸਮਾਗਮ 'ਚ ਕੀਤੀ ਸ਼ਿਰਕਤ



ਓਟਾਵਾ : ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਓਟਾਵਾ ਵਿੱਚ ਪਾਰਲੀਮੈਂਟ ਹਿੱਲ 'ਤੇ ਰੋਸ਼ਨੀ ਦੇ ਤਿਉਹਾਰ ਦਾ ਜਸ਼ਨ ਮਨਾਉਣ ਲਈ ਦੀਵਾਲੀ ਸਮਾਗਮ ਵਿੱਚ ਸ਼ਿਰਕਤ ਕੀਤੀ। ਆਪਣੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ 'ਤੇ ਸਮਾਗਮ ਦੀ ਝਲਕ ਨੂੰ ਸਾਂਝਾ ਕਰਦੇ ਹੋਏ ਟਰੂਡੋ ਨੇ ਲਿਖਿਆ,'ਬੱਸ ਕੁਝ ਹੀ ਦਿਨਾਂ ਵਿੱਚ ਦੇਸ਼ ਅਤੇ ਦੁਨੀਆ ਭਰ ਦੇ ਲੋਕ ਦੀਵਾਲੀ ਅਤੇ ਬੰਦੀ ਛੋੜ ਦਿਵਸ ਮਨਾਉਣਗੇ। ਦੋਵੇਂ ਜਸ਼ਨ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਅਤੇ ਆਸ਼ਾਵਾਦ ਬਾਰੇ ਹਨ। ਪਾਰਲੀਮੈਂਟ ਹਿੱਲ 'ਤੇ ਸਮਾਗਮ ਲਈ ਇਕੱਠੇ ਹੋਏ ਸਾਰਿਆਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ! ਮੈਂ ਉਮੀਦ ਕਰਦਾ ਹਾਂ ਕਿ ਇਸ ਹਫਤੇ ਦੇ ਜਸ਼ਨ ਤੁਹਾਡੇ ਲਈ ਆਉਣ ਵਾਲੇ ਸਾਲ ਲਈ ਆਸ਼ਾਵਾਦੀ ਹੋਣਗੇ।'





ਕੈਪਟਨ ਅਮਰਜੀਤ ਸਿੰਘ ਕਾਲੇਕਾ

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


# ਵੱਡੇ ਭਰਾ ਦਾ ਅਸਰ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)

ਮਨ ਵਿਚੋਂ ਆਵਾਜ਼ ਆਈ ਇੰਨੇ ਚੰਗਾ ਮਾਤਾ ਪਿਤਾ ਦੇ ਘਰ ਨੌ ਬੱਚਿਆਂ ਨੇ ਜਨਮ ਲਿਆ ਹੈ। ਅਸੀਂ ਉਹਨਾਂ ਦੀ ਇੱਜ਼ਤ ਵਧਾਉਣੀ ਹੈ ਨਾ ਕਿ ਉਨ੍ਹਾਂ ਨੂੰ ਸ਼ਰਮ ਨਾਲ ਡੋਬਣਾ ਹੈ। ਮੈਂ ਸੋਚਿਆ ਕਿ ਮੈਂ ਅੱਜ ਇੱਜ਼ਤ ਨਾਲ ਮਰਨਾ ਹੈ ਅਤੇ ਇੱਜ਼ਤ ਵਾਲੀ ਜਗ੍ਹਾ ਇਹੀ ਹੈ। ਇੰਨੇ ਵਿਚ ਮੈਂ ਟਰੁਪਸ ਨੂੰ ਕਿਹਾ ਥੋੜ੍ਹਾ ਸਮਾਂ ਰਹਿ ਗਿਆ ਹੈ, ਰੱਬ ਦਾ ਨਾਂ ਲਓ ਤੇ ਜਦੋਂ ਦੁਸ਼ਮਣ ਆਏਗਾ ਤੇ ਜਦੋਂ ਉਹ 20 ਕੁ ਫੁੱਟ ਦੀ ਦੂਰੀ ਤੇ ਹੋਵੇਗਾ ਅਸੀਂ ਸਾਰੇ ਬੈਨਟਾਂ ਨਾਲ ਨਿਕਲਾਂਗੇ ਤੇ ਉਨ੍ਹਾਂ ਤੇ ਹਮਲਾ ਕਰ ਦੇਵਾਂਗੇ। ਜਦੋਂ ਦੁਸ਼ਮਣ ਦੇ ਸਾਹਮਣੇ ਜਾ ਕੇ ਅਸੀਂ ਮਾਹਰ ਰੈਜੀਮੈਂਟ ਦਾ ਨਾਅਰਾ ਲਾਵਾਂਗੇ ਤਾਂ ਦੁਸ਼ਮਣ ਕੁਝ ਮਿੰਟਾਂ ਵਿਚ ਭੱਜ ਜਾਵੇਗਾ ਅਤੇ ਸਾਡੀ ਜਿੱਤ ਹੋਵੇਗੀ।

ਮੈਂ ਇੰਨੀ ਗੱਲ ਕਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਦਾਸ ਕੀਤੀ, "ਮਹਾਰਾਜ ਮੈਂ ਹੁਣ ਮਰਨ ਲਈ ਤਿਆਰ ਹਾਂ ਪਰ ਮੇਰੀ ਮੌਤ ਗੋਲੀ ਨਾਲ ਹੋਵੇ।" ਮੈਂ ਜਪੁ ਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਉਸ ਵੇਲੇ ਮੈਨੂੰ ਸਿਰਫ ਜਪੁ ਜੀ ਸਾਹਿਬ ਦੀਆਂ 15 ਪਉੜੀਆਂ ਹੀ ਯਾਦ ਸਨ। ਦੁਸ਼ਮਣ ਅੱਗੇ ਨਾ ਵਧਿਆ। ਸਾਡੇ ਇਰਾਦੇ ਬੁਲੰਦ ਸਨ। ਅਸੀਂ ਮਰਨਾ ਧਾਰ ਲਿਆ ਸੀ। ਮੈਂ ਟਰੁਪਸ ਨੂੰ ਕਿਹਾ ਕਿ ਛਾਤੀ ਅੱਗੇ ਕਰ ਕੇ ਦੁਸ਼ਮਣ ਨੂੰ ਹੱਸ ਕੇ ਦਿਖਾਓ ਤਾਂ ਕਿ ਦੁਸ਼ਮਣ ਨੂੰ ਸਮਝ ਨਾ ਆਵੇ ਕਿ ਕੀ ਹੋ ਰਿਹਾ ਹੈ। ਮੇਰੇ ਜਵਾਨਾਂ ਨੇ ਕਿਹਾ, "ਸਰ ਹੱਸਣਾ ਬਹੁਤ ਔਖਾ ਹੈ। ਮੈਂ ਕਿਹਾ ਕਿ ਰੋ ਕੇ ਵੀ ਦੁਸ਼ਮਣ ਨਹੀਂ ਛੱਡੇਗਾ। ਇਸ ਲਈ ਬਹਾਦਰੀ ਨਾਲ ਵਿਚਰਨਾ ਹੀ ਯੋਧਿਆਂ ਵਾਲੀ ਗੱਲ ਹੈ।"

ਤਕਰੀਬਨ 5 ਕੁ ਵਜੇ ਸਾਡੇ ਦੋ ਟੈਂਕ ਸਾਡੀ ਮਦਦ ਲਈ ਆਏ। ਉਨ੍ਹਾਂ ਨੇ ਸਾਡੇ ਤੋਂ ਦੁਸ਼ਮਣ ਬਾਰੇ ਪੁੱਛਿਆ। ਮੈਂ ਇਸ਼ਾਰੇ ਨਾਲ ਦੱਸਿਆ ਕਿ ਸਾਹਮਣੇ ਬੈਠਾ ਹੈ, ਪਰ ਉਹ ਸਾਡੀ ਦਿੱਖ ਤੋਂ ਬਾਹਰ ਸੀ। ਟੈਂਕਾਂ ਨੇ ਦੁਸ਼ਮਣ ਤੇ ਗੋਲੇ ਦਾਗੇ ਅਤੇ ਨਾਲ ਹੀ ਗਨਫਾਇਰ ਵੀ ਕੀਤਾ। ਦੁਸ਼ਮਣ 'ਅਲਾਹ ਹੂ ਅਕਬਰ' ਦੇ ਨਾਅਰੇ ਲਾਉਂਦਾ ਹੋਇਆ ਦੌੜ ਗਿਆ। ਕਰਨਲ ਬਖਸ਼ੀ ਨੇ ਮੈਨੂੰ ਜਫੀ ਪਾ ਲਈ ਤੇ ਕਿਹਾ ਕਿਤੇ ਨੂੰ ਮਹਾਂਵੀਰ ਚੱਕਰ ਆਵੇ ਜਾਂ ਵੀਰਚੱਕਰ। ਮੈਂ ਕਿਹਾ, "ਸਰ ਮੈਂ ਫੌਜ ਵਿਚ ਨਹੀਂ ਰਹਿਣਾ। ਤੁਸੀਂ ਇਹ ਇਨਾਮ ਉਸ ਫੌਜੀ ਨੂੰ ਦਿਓ ਜਿਸ ਨੇ ਫੌਜ ਵਿਚ ਰਹਿਣਾ ਹੈ।" ਮਹਾਂਰਾਸ਼ਟਰ ਵਿਚ ਮਹਾਂਵੀਰ ਚੱਕਰ ਜਾਂ ਵੀਰਚੱਕਰ ਮਿਲਣ ਵਾਲੇ ਸਿਪਾਹੀ ਨੂੰ ਦਸ ਏਕੜ ਜ਼ਮੀਨ ਮਿਲਦੀ ਸੀ। ਮੈਂ ਭੀਮ ਸੈਨ ਮੌਰੇ ਅਤੇ ਹੌਲਦਾਰ ਸਰਕਾਟੇ ਦੇ ਨਾਮ ਦੀ ਸਿਫਾਰਸ਼ ਕੀਤੀ। ਕੁਝ ਹੀ ਦਿਨਾਂ ਬਾਅਦ ਭੀਮ ਸੈਨ ਨੂੰ ਵੀਰ ਚੱਕਰ ਮਿਲਿਆ ਅਤੇ ਹੌਲਦਾਰ ਸਰਕਾਟੇ ਨੂੰ ਕਮੇਂਡਸ਼ਨ ਸ਼ਲਾਘਾ ਪੱਤਰ ਮਿਲਿਆ। ਕੁਝ ਮਹੀਨਿਆਂ ਬਾਅਦ ਮੈਨੂੰ ਵੇਪਨਟ੍ਰਨਿੰਗ ਕੋਰਸ ਤੇ ਮਹੂ ਭੇਜਿਆ ਗਿਆ। ਉਥੇਂ ਮੈਂ ਅਖਬਾਰ ਵਿਚ ਪੜ੍ਹਿਆ ਕਿ ਮੈਨੂੰ ਵੀ 'ਮੈਨਸ਼ਨਇਨਡਿਸਪੈਚਸ' ਬਹਾਦਰੀ ਲਈ ਮਿਲਿਆ ਹੈ।




ਇਹਨਾਂ ਦੋਵਾਂ ਅਸਰਾਂ ਤੋਂ ਇਲਾਵਾ ਮੇਰੀ ਮਾਤਾ ਜੀ ਜਦੋਂ ਵੀ ਕਿਸੇ ਸ਼ਹਾਦਤ ਜਾਂ ਕਿਸੇ ਤਕਲੀਫ ਦੀ ਗੱਲ ਕਰਦੇ ਸਨ ਤਾਂ ਅੱਖਾਂ ਭਰ ਲੈਂਦੇ ਸਨ। ਉਹ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਪੜ੍ਹ ਸੁਣ ਕੇ ਬਹੁਤ ਬੈਰਾਗਮਈ ਹੋ ਜਾਂਦੇ ਸਨ। ਉਹ ਅਕਸਰ ਭਾਈ ਮਨੀ ਸਿੰਘ ਜੋ ਸਾਡੇ ਇਲਾਕੇ ਦੇ ਹੀ ਸਨ, ਦੇ ਬੰਦ ਬੰਦ ਕਟਵਾਉਣ ਬਾਰੇ ਵੀ ਗੱਲ ਕਰਦੇ ਰਹਿੰਦੇ ਸਨ। ਬਾਬਾ ਦੀਪ ਸਿੰਘ ਜੀ ਦੀ ਅਲੌਕਿਕ ਸ਼ਹੀਦੀ ਦਾ ਵੀ ਅਕਸਰ ਜ਼ਿਕਰ ਹੁੰਦਾ ਸੀ।

**ਬਚਪਨ ਤੋਂ ਸ਼ਹੀਦੀ ਤੱਕ ਦਾ ਸਫ਼ਰ**

ਸਤਵੰਤ ਦਾ ਜਨਮ 2 ਜੂਨ 1947 ਨੂੰ ਹੋਇਆ। ਉਸ ਵੇਲੇ ਸਾਡੇ ਪਿਤਾ ਜੀ (ਚਾਰ ਪਟਿਆਲਾ ਪਲਟਨ ਦੇ ਸੈਕਿੰਡ ਇਨ ਕਮਾਂਡ ਸਨ ਅਤੇ ਮੇਜਰ ਦਾ ਰੈਂਕ ਸੀ) ਨੇ ਸਰਹਿੰਦ ਵਿਚ ਕੈਂਪ ਲਗਾਇਆ ਹੋਇਆ ਸੀ, ਜਿਥੇ ਲੱਖਾਂ ਮੁਸਲਮਾਨਾਂ ਨੂੰ ਉਹਨਾਂ ਦੇ ਘਰ ਪਹੁੰਚਾਉਣ ਦਾ ਕੰਮ ਮਹਾਰਾਜਾ ਯਾਦਵਿੰਦਰ ਸਿੰਘ ਨੇ ਉਹਨਾਂ ਨੂੰ ਦਿੱਤਾ ਹੋਇਆ ਸੀ। ਸਤਵੰਤ ਦਾ ਜਨਮ ਤੋਪਖਾਨੇ ਵਾਲੇ ਘਰ ਵਿਚ ਹੋਇਆ। ਉਸ ਵੇਲੇ ਕਾਫ਼ੀ ਲੋਕ ਆਪਣੇ ਘਰ ਦਾਈ ਨੂੰ ਬੁਲਾਉਂਦੇ ਸਨ ਅਤੇ ਜਣੇਪਾ ਕਰਵਾ ਲੈਂਦੇ ਸਨ। ਸਤਵੰਤ ਦੇ ਕੇਸ ਵਿਚ ਵੀ ਇਸ ਤਰ੍ਹਾਂ ਹੀ ਹੋਇਆ। ਸਾਡੇ ਤੋਪਖਾਨੇ ਵਾਲੇ ਘਰ ਦੇ ਪਾਸ ਇਕ ਦਾਈ ਰਹਿੰਦੀ ਸੀ ਜਿਸ ਨੇ ਇਹ ਕਾਰਜ ਕੀਤਾ। ਉਸ ਦਾਈ ਦਾ ਨਾਮ ਵੀ ਸਤਵੰਤ ਕੌਰ ਸੀ। ਇਹ ਸਤਵੰਤ ਕੌਰ ਨੇ ਹੀ ਇਸ ਦਾ ਨਾਮ ਸਤਵੰਤ ਸਿੰਘ ਰੱਖਿਆ ਸੀ।

ਸਤਵੰਤ ਕੁਝ ਹੀ ਦਿਨਾਂ ਦਾ ਸੀ ਕਿ ਉਹ ਬਿਮਾਰ ਹੋ ਗਿਆ। ਮਾਤਾ ਜੀ ਘਰ ਦੇ ਨੇੜੇ ਡਾ. ਗੁਰਮੁਖ ਸਿੰਘ ਕੋਲ ਗਏ। ਡਾ. ਗੁਰਮੁਖ ਦੀ ਦੁਕਾਨ ਅਤੇ ਘਰ ਸਾਡੇ ਘਰ ਤੋਂ 150 ਕੁ ਗਜ਼ ਤੇ ਹੀ ਸੀ। ਮਾਤਾ ਜੀ ਨੂੰ ਰਾਹ ਵਿਚ ਇਕ ਰਮਤਾ ਸਾਧੂ ਮਿਲਿਆ। ਸਾਧੂ ਕਹਿਣ ਲੱਗਾ, "ਭਾਈ ਚਿੰਤਾ ਨਾ ਕਰ, ਅਵੱਲ ਤਾਂ ਇਹ ਬੱਚਾ ਬਚਦਾ ਹੀ ਨਹੀਂ। ਜੇ ਇਹ ਬਚ ਗਿਆ ਤਾਂ ਤੇਰੀ ਕੁੱਖ ਨੂੰ ਮਸ਼ਹੂਰ ਕਰਕੇ ਜਾਏਗਾ।"

1949 ਵਿਚ ਪਿਤਾ ਜੀ ਫੌਜ ਦੀ ਨੌਕਰੀ ਤੋਂ ਰਿਟਾਇਰ ਹੋਣ ਤੋਂ ਬਾਅਦ ਅਸੀਂ ਸਾਰਾ ਟੱਬਰ (ਮਾਤਾ-ਪਿਤਾ ਅਤੇ 7 ਭੈਣ ਭਾਈ) ਪਿੰਡ ਦੁਗਾਲ ਚਲਾ ਗਿਆ। (ਚਲਦਾ)




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਹਠੀਆਂ**

ਹਠੀ ਦਾ ਅਰਥ ਜ਼ਿੱਦੀ ਨਹੀਂ ਬਲਕਿ ਧਰਮ ਦੀ ਖਾਤਰ ਸਿਰੜੀ ਜਾਂ ਦ੍ਰਿੜ੍ਹ ਰਹਿਣ ਵਾਲਾ ਹੈ। ਯਥਾ "ਸੀਸ ਦੀਆ ਪਰ ਸਿਰਰ ਨਾ ਦੀਨਾ॥ ਰੰਚ ਸਮਾਨ ਦੇਹ ਕਰ ਚੀਨਾ॥"
(ਬਿਚਿਤ੍ਰ ਨਾਟਕ)

**ਜਪੀਆਂ, ਤਪੀਆਂ**

ਅਰਦਾਸ ਵਿਚ ਜਪੀਆਂ ਤਪੀਆਂ ਦੀ ਕਮਾਈ ਦਾ ਵੀ ਧਿਆਨ ਧਰਿਆ ਗਿਆ ਹੈ। ਗੁਰੂ ਸਾਹਿਬ ਦੇ ਆਗਮਨ ਤੋਂ ਪਹਿਲਾਂ ਵੀ ਜਪ ਤਪ ਤਾਂ ਸੰਸਾਰ ਵਿਚ ਬਹੁਤ ਸੀ ਪਰ ਇਹ ਕਰਤਾਰ ਨੂੰ ਛੱਡ ਕਿਰਤਮ ਦਾ ਹੋ ਰਿਹਾ ਸੀ। ਇਹ ਸਾਰੇ ਦਾ ਸਾਰਾ ਕਿਸੇ ਦੇਵੀ ਦੇਵਤੇ, ਪੀਰ, ਪੈਗੰਬਰ, ਦ੍ਰਿਸ਼ ਅਦ੍ਰਿਸ਼, ਕਲਪਿਤ ਜਾਂ ਜੜ੍ਹ ਵਸਤੂ ਦਾ ਹੋ ਰਿਹਾ ਸੀ। ਸੰਸਾਰ ਵਿਚ ਜਿਸ ਕਿਸੇ ਕੋਲੋਂ ਕੁਝ ਵੀ ਪ੍ਰਾਪਤ ਹੋ ਗਿਆ, ਭਾਵੇਂ ਉਹ ਹਵਾ, ਪਾਣੀ, ਦਰਖਤ, ਫਲ-ਫੁਲ, ਪਸ਼ੂ-ਪੰਛੀ ਹੋਣ ਜਾਂ ਜਿਸ ਕਿਸੇ ਤੋਂ ਡਰ ਲਗਾ ਜਿਵੇਂ ਅੱਗ, ਬੱਦਲ, ਬੀਮਾਰੀਆਂ ਉਹ ਸਾਰੇ ਹੀ ਦੇਵ ਅਤੇ ਪੂਜਣਯੋਗ ਸਨ। ਗੁਰਮਤਿ ਨੇ "ਬਿਨੁ ਕਰਤਾਰ ਨ ਕਿਰਤਮ ਮਾਨੋ॥ ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸੁਰ ਜਾਨੋ॥੧॥ ਰਹਾਉ।" ਦੇ ਅਨੁਸਾਰ ਜਪ ਤਪ ਨੂੰ ਪ੍ਰਵਾਨ ਕੀਤਾ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਪ ਤਪ ਵਿਹੀਣ ਅਵਸਥਾ ਵਿਚ ਵਾਹਿਗੁਰੂ ਦੀ ਸ਼ਰਣ ਮੰਗੀ ਹੈ।

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥**
**ਸੇਵਾ ਸਾਧ ਨ ਜਾਨਿਆ ਹਰਿ ਰਾਇਆ॥**
**ਕਹੁ ਨਾਨਕ ਹਮ ਨੀਚ ਕਰੰਮਾ॥**
**ਸਰਣਿ ਪਰੇ ਕੀ ਰਾਖਹੁ ਸਰਮਾ॥੨॥੪॥**
(ਮ.੫, ਅੰਗ ੧੨)

**ਜਿਹਨਾਂ ਨਾਮ ਜਪਿਆ**

ਇਸ ਤੋਂ ਬਾਅਦ ਵਾਹਿਗੁਰੂ ਦਾ ਨਾਮ ਜਪਣ ਵਾਲਿਆਂ ਦੀ ਕਮਾਈ ਚਿਤਵੀ ਗਈ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਨਿਰਣਾ ਹੀ ਦੇ ਦਿੱਤਾ ਹੈ।

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥ (ਮ. ੧, ਅੰਗ ੮)

**ਵੰਡ ਛਕਿਆ**


ਆਦਿ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਤਿੰਨ ਵਡਮੁੱਲੇ ਸਿਧਾਂਤ ਦਿੱਤੇ- ਨਾਮ ਜਪੋ, ਵੰਡ ਛਕੋ, ਕਿਰਤ ਕਰੋ ਇਸ ਵਿਚ ਵੰਡ ਛਕੋ ਹੈ ਨਾ ਕਿ ਵੰਡ ਕੇ ਛਕੋ। ਅਰਦਾਸ ਵਿਚ ਵੀ ਉਨ੍ਹਾਂ ਨੂੰ ਯਾਦ ਕੀਤਾ ਹੈ ਜਿਨ੍ਹਾਂ ਨੇ ਵੰਡ ਛਕਿਆ। ਵੰਡ ਛਕਣ ਦਾ ਅਰਥ ਹੈ ਮਿਲ ਬੈਠ ਕੇ ਛਕਣਾ। ਵੰਡ ਕੇ ਛਕਿਆ ਦਾ ਅਰਥ ਕਿਸੇ ਨੂੰ ਛਕਾ ਕੇ ਫਿਰ ਆਪ ਛਕਣਾ। ਕਿਸੇ ਨੂੰ ਭੋਜਨ ਖਵਾ ਦੇਣਾ ਹੋਰ ਹੈ ਪਰ ਕਿਸੇ ਨਾਲ ਪੰਗਤ ਵਿਚ ਬਹਿ ਕੇ ਉਸ ਨਾਲ ਛਕਣਾ ਇਹ ਰਹਿਮਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਹੈ।

**ਦੇਗ ਚਲਾਈ, ਤੇਗ ਵਾਹੀ**

**ਕਲਗੀਧਰ ਪਿਤਾ ਦਾ ਹੁਕਮ ਹੈ :**
**ਦੇਗ ਤੇਗ ਜਗ ਮੈ ਦੋਊ ਚਲੈ॥**
**ਰਾਖੁ ਆਪਿ ਮੁਹਿ ਅਉਰ ਨ ਦਲੈ॥ ੪੩੬॥**
**(ਕ੍ਰਿਸ਼ਨਾਵਤਾਰ, ਦਸਮ ਗ੍ਰੰਥ ੪੪੦)**

ਭਾਈ ਕਾਨ੍ਹ ਸਿੰਘ ਜੀ ਨਾਭਾ ਕਥਨ ਹੈ, ਦੇਗ ਤੇਗ ਫ਼ਤਹਿ ਦਾ ਸਿੱਧਾ ਅਰਥ ਹੈ ਸਿੰਘਾਂ ਦੀ ਕ੍ਰਿਪਾਨ ਅਤੇ ਕੜਛੀ ਹਿਲਦੀ ਰਹਿਣੀ ਚਾਹੀਦੀ ਹੈ। ਇਨ੍ਹਾਂ ਨੂੰ ਜੰਗਾਲ ਨਹੀਂ ਲੱਗਣਾ ਚਾਹੀਦਾ। ਭਾਵੇਂ ਜੰਗ ਹੋਵੇ ਜਾਂ ਅਮਨ ਸਿੱਖਾਂ ਨੇ ਇਸ ਦੇਗ ਫ਼ਤਹਿ ਨੂੰ ਹਰ ਥਾਂ ਅਤੇ ਹਰ ਸਮੇਂ ਬੁਲੰਦ ਰੱਖਿਆ ਹੈ।

**ਆਉ ਬੈਠੋ, ਰਹੋ, ਪੜ੍ਹੋ, ਖਾਉ, ਪੀਉ, ਉਢੋ, ਲਉ।**
**ਐਸੇ ਵਾਕ ਬੋਲਨ ਮੇਂ ਜ਼ੁਬਾਂ ਹਿਲਤੀ ਰਹੈ।**
**ਬੀਰ ਬਰ ਖਾਲਸਾ ਦੁਲਾਰੇ ਦਸ਼ਮੇਸ਼ ਜੂ ਕੋ।**
**ਕੜਛੀ ਕ੍ਰਿਪਾਣ ਤੇਰੀ ਚਲਤੀ ਰਹੈ॥**




ਬਾਬਾ ਬੰਦਾ ਬਹਾਦੁਰ ਨੇ ਵੀ ਜਿਹੜਾ ਪਹਿਲਾ ਸਿੱਕਾ ਜਾਰੀ ਕੀਤਾ ਉਸ 'ਤੇ ਵੀ ਉਕਰਿਆ ਸੀ,
ਦੇਗੋ ਤੇਗ਼ੋ ਫ਼ਤਹਿ ਉ ਨਸਰਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
ਜਿਨ੍ਹਾਂ ਨੇ ਦੇਗ ਚਲਾਈ ਤੇ ਨਾਲ ਹੀ ਤੇਗ ਵਾਹੀ, ਉਨ੍ਹਾਂ ਦੀ ਕਮਾਈ ਨੂੰ ਯਾਦ ਕੀਤਾ ਗਿਆ ਹੈ। ਗੁਰੂ ਕੇ ਸਿੰਘਾਂ ਨੇ ਦੇਗ ਚਲਾਈ ਹੈ ਅਤੇ ਨਾਲ ਹੀ ਤੇਗ ਵਾਹੀ ਹੈ। ਜਦੋਂ ਤੇਗ ਵਾਹੀ ਜਾਂਦੀ ਹੈ ਉਸਦਾ ਮੰਜ਼ਰ ਉਸਤਾਦ ਹਮਦਮ ਨੇ ਆਪਣੀ ਨਜ਼ਮ 'ਕਲਮ ਤੇ ਤਲਵਾਰ' ਵਿਚ ਕੀਤਾ ਹੈ :

**ਵਹਿਣ ਲਗੇ ਵਹਿਣ ਜਦੋਂ,**
**ਵਹਿਣ ਲਗੀ ਵਹਣ ਜੋਗੀ**
**ਵਾਹਣ ਕੀਤੇ ਵਹਿਣ ਤੇ ਸਮੁੰਦਰਾਂ ਨੂੰ ਤਾਰਦੀ**
**ਉਹ ਤਖ਼ਤ ਵਾਲੇ ਤਖ਼ਤ ਤੋਂ**
**ਬੇਤਖਤ ਦੇ ਕੇ ਤਖਤਿਆਂ ਤੇ**
**ਤਖਤ ਬਖਤ ਤ੍ਰੋੜ ਕੇ ਤੇ ਫਟ ਤੇ ਫਟਕਾਰਦੀ।**

**ਦੇਖ ਕੇ ਅਣਡਿੱਠ ਕੀਤਾ**

ਇਸ ਬੰਦ ਦੇ ਅੰਤ ਵਿਚ ਉਨ੍ਹਾਂ ਸਿੰਘਾਂ ਸਿੰਘਣੀਆਂ ਦਾ ਜੈਕਾਰ ਕੀਤਾ ਹੈ ਜਿਨ੍ਹਾਂ ਨੇ ਦੇਖ ਕੇ ਅਣਦੇਖਿਆ ਕੀਤਾ। ਦੁਸ਼ਮਣ ਜਾਂ ਵਿਰੋਧੀ ਦੇ ਅਵਗੁਣ ਜਾਂ ਜ਼ਿਆਦਤੀਆਂ ਨੂੰ ਬਾਰ ਬਾਰ ਨਹੀਂ ਚਿਤਾਰਿਆ। ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥ (ਮ. ੫ ਅੰਗ ੧੧੦੨) ਸ਼ੇਖ ਸਾਅਦੀ ਨੇ ਬਹੁਤ ਸੁੰਦਰ ਹਵਾਲਾ ਦਿੱਤਾ ਹੈ ਕਿ ਰੱਬ ਸਾਡੇ ਅਵਗਣ ਦੇਖਦਾ ਹੈ ਪਰ ਢਕ ਦਿੰਦਾ ਹੈ, ਗਵਾਂਢੀ ਦੇਖਦਾ ਵੀ ਨਹੀਂ ਐਪਰ ਰੌਲਾ ਪਾ ਦਿੰਦਾ ਹੈ। ਗੁਰੂ ਘਰ ਵਿਚ ਬਦਲਾ ਨਹੀਂ ਹੈ। ਅਲਬੱਤਾ ਜੋ ਕੋਈ ਹਮਲਾਵਰ ਹੋਇਆ ਹੈ ਤਾਂ ਉਸ ਨੂੰ ਜਵਾਬ ਜ਼ਰੂਰ ਦਿੱਤਾ ਹੈ। ਫਿਰ ਇਸ ਦੇ ਬਾਅਦ ਉਸ ਪ੍ਰਤੀ ਕੋਈ ਦੁਰਭਾਵਨਾ ਜਾਂ ਦਵੇਸ਼ ਬਾਕੀ ਨਹੀਂ ਰਿਹਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਬਾਅਦ ਗੁਰੂ ਹਰਿਗੋਬਿੰਦ ਜੀ ਜਹਾਂਗੀਰ ਦੇ ਹਮਸਫ਼ਰ ਹੋਏ ਅਤੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੇ ਬਾਅਦ ਗੁਰੂ ਗੋਬਿੰਦ ਸਿੰਘ ਜੀ ਬਹਾਦਰ ਸ਼ਾਹ ਦੇ ਹਮਸਫ਼ਰ ਹੋਏ। ਮੁਗਲ ਹਕੂਮਤ ਵਲੋਂ ਜ਼ੁਲਮ ਦੀ ਹਨ੍ਹੇਰੀ ਵਿਚ ਭਾਈ ਘਨਈਆ ਜੀ ਦਾ ਕਿਰਦਾਰ ਦੇਖ ਕੇ ਅਣਡਿੱਠ ਕਰਨ ਦੀ ਮਰਯਾਦਾ ਦਾ ਸਿਖਰ ਹੈ।

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ! (ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੪ ਪੰਨਾ ੧੧)

(ਚਲਦਾ)

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਬੰਦੀ ਛੋੜ ਦਿਵਸ ਅਤੇ ਦੀਵਾਲੀ 'ਤੇ ਹੋਏ ਵਿਸ਼ੇਸ਼ ਸਮਾਗਮ

## ਦੀਪਮਾਲਾ ਅਤੇ ਆਤਿਸਬਾਜ਼ੀ ਵੀ ਹੋਈ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਦਮਦਮੀ ਟਕਸਾਲ ਜੱਥਾ ਭਿੰਡਰਾ ਦੀ ਰਹਿਨੁਮਾਈ ਅਧੀਨ ਚਲਾਏ ਜਾ ਰਹੇ "ਗੁਰਦੁਆਰਾ ਗੁਰ ਨਾਨਕ ਪ੍ਰਕਾਸ਼" ਫਰਿਜ਼ਨੋ, ਕੈਲੇਫੋਰਨੀਆਂ ਵਿਖੇ ਬੰਦੀ ਛੋੜ ਦਿਵਸ ਅਤੇ ਦੀਵਾਲੀ ਨੂੰ ਮਨਾਉਂਦੇ ਹੋਏ ਵੱਡੇ ਪੱਧਰ 'ਤੇ ਵਿਸ਼ੇਸ਼ ਸਮਾਗਮ ਕਰਵਾਏ ਗਏ। ਗੁਰੂ ਘਰ ਵਿੱਚ ਅਖੰਡ ਪਾਠਾ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ। ਜਿਨ੍ਹਾਂ ਵਿੱਚ ਗੁਰੂਘਰ ਦੇ ਕੀਰਤਨੀਏ ਜੱਥੇ ਤੋਂ ਇਲਾਵਾ ਹੋਰ ਜੱਥਿਆ ਨੇ ਵੀ ਹਾਜ਼ਰੀ ਭਰੀ। ਇਸ ਸਮੇਂ ਕਥਾ ਕਰਦੇ ਹੋਏ ਭਾਈ ਸਾਹਿਬੁ ਨੇ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੇ ਇਤਿਹਾਸ ਬਾਰੇ ਕਥਾ-ਵਿਚਾਰਾ ਰਾਹੀ ਜਾਣਕਾਰੀ ਸਾਂਝੀ ਕੀਤੀ। ਇਸੇ ਤਰ੍ਹਾਂ ਹੋਰ ਗੁਰਸਿੱਖ ਬੁਲਾਰਿਆਂ ਅਤੇ ਸੰਗਤਾਂ ਨੇ ਧਾਰਮਿਕ ਵਿਚਾਰਾ ਦੀ ਸਾਂਝ ਪਾਈ।





ਗੁਰੂਘਰ ਵਿੱਚ ਇਸ ਦਿਨ ਦੀ ਵਿਸ਼ੇਸ਼ਤਾ ਨੂੰ ਮਨਾਉਂਦੇ ਹੋਏ ਲਾਈਟਾਂ ਅਤੇ ਦੀਵਿਆਂ ਨਾਲ ਦੀਪਮਾਲਾ ਕਰ ਸਜਾਇਆ ਗਿਆ ਸੀ। ਸੰਗਤਾਂ ਦੂਰ-ਦੁਰਾਡੇ ਤੋਂ ਪਹੁੰਚ ਇੱਥੇ ਮਿਠਾਈਆਂ ਦੇ ਪ੍ਰਸਾਦ ਲਿਆ, ਅਰਦਾਸਾਂ ਕਰ ਰਹੀਆਂ ਸਨ ਅਤੇ ਦੀਵੇ, ਮੋਮਬੱਤੀਆਂ ਆਦਿਕ ਜਗਾ ਰੋਸ਼ਨੀਆਂ ਦੇ ਤਿਉਹਾਰ ਨੂੰ ਹੋਰ ਰੋਸ਼ਨ ਕਰ ਰਹੀਆਂ ਸਨ। ਇਸੇ ਤਰ੍ਹਾਂ ਸੰਗਤਾਂ ਨੇ ਰਲ ਕੇ ਆਤਿਸ਼ਬਾਜ਼ੀ ਵੀ ਕੀਤੀ। ਜਿਸ ਦੌਰਾਨ ਵੱਡੇ ਪੱਧਰ 'ਤੇ ਪਟਾਕੇ, ਫੁਲਝੜੀਆਂ ਆਦਿਕ ਵੀ ਚਲਾਏ ਗਏ। ਇਸ ਸਮੇਂ ਪਟਾਕਿਆਂ ਦੀ ਗੂੰਜ ਅਤੇ ਆਤਿਸਬਾਜ਼ੀ ਦੇ ਰੰਗਾਂ ਨਾਲ ਟਿਮਟਮਾਉਂਦੇ ਅਸਮਾਨ ਦਾ ਸੰਗਤਾਂ ਨੇ ਰੱਜ ਕੇ ਅਨੰਦ ਮਾਣਿਆ। ਗੁਰੂਘਰ ਅੰਦਰ ਲੱਗੇ ਬਹੁ-ਭਾਂਤੀ ਖਾਣਿਆਂ ਦੇ ਸਟਾਲ ਵੀ ਸਭ ਲਈ ਖਿੱਚ ਦਾ ਕੇਂਦਰ ਰਹੇ। ਗੁਰੂਘਰ ਵਿੱਚ ਹਜ਼ਾਰਾਂ ਸੰਗਤਾਂ ਦਾ ਇਕੱਠ ਪੰਜਾਬੀ ਭਾਈਚਾਰੇ ਅਤੇ ਗੁਰਸਿੱਖਾਂ ਦੀ ਚੜ੍ਹਦੀਕਲਾ ਦਾ ਸੁਨੇਹਾ ਦੇ ਰਿਹਾ ਸੀ। ਇਸ ਸੰਗਤਾਂ ਦਾ ਭਾਰੀ ਇਕੱਠ ਸੀ। ਜਿੱਥੇ ਵੱਖ-ਵੱਖ ਤਰਾਂ ਦੇ ਸੁਆਦਿਸ਼ਟ ਲੰਗਰ ਲੱਗੇ ਹੋਏ ਸਨ। ਚੱਲ ਰਹੇ ਇਹ ਸਮਾਗਮ ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜੇ।

# ਵਾਈਟ ਹਾਊਸ 'ਚ ਉਤਸ਼ਾਹ ਨਾਲ ਮਨਾਇਆ ਦੀਵਾਲੀ ਦਾ ਤਿਉਹਾਰ



ਸਾਨ ਫਰਾਂਸਿਸਕੋ : ਦੀਵਾਲੀ ਦੇ ਪਵਿੱਤਰ ਤਿਓਹਾਰ ਮੌਕੇ ਦੱਖਣੀ ਏਸ਼ੀਆਈ ਅਮਰੀਕੀਆਂ ਨੂੰ ਵਧਾਈ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਕਿ ਦੀਵਾਲੀ ਜਿੱਤ, ਪਿਆਰ ਅਤੇ ਏਕਤਾ ਦਾ ਪ੍ਰਤੀਕ ਹੈ ਤੇ ਸਾਨੂੰ ਰੌਸ਼ਨੀਆਂ ਦੇ ਇਸ ਤਿਓਹਾਰ ਨੂੰ ਸਾਂਝੀਵਾਲਤਾ ਦੀ ਮਜਬੂਤੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਬਾਈਡਨ ਨੇ ਵਾਈਟ ਹਾਊਸ ਵਿਖੇ ਅਮਰੀਕਾ ਦੀ ਪ੍ਰਥਮ ਮਹਿਲਾ ਜਿਲ ਬਾਈਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਹਾਜ਼ਰੀ 'ਚ ਦੀਵਾ ਜਗਾ ਕੇ ਤਿਓਹਾਰ ਪ੍ਰਤੀ ਸਤਿਕਾਰ ਪੇਸ਼ ਕੀਤਾ। ਭਾਰਤੀ ਮੂਲ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸਮਾਗਮ ਦੀ ਮੇਜ਼ਬਾਨੀ ਕੀਤੀ ਜਦੋਂ ਕਿ ਵਿਸ਼ਵ ਬੈਂਕ ਦੇ ਅਜੇ ਬੰਗਾ, ਨੈੱਟ ਫਲੈਕਸ ਦੇ ਬੇਲਾ ਬਜਾਰੀਆ, ਸੈਨੇਟਰ ਕ੍ਰਿਸ਼ਨਾ ਮੂਰਤੀ ਆਦਿ ਵੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸਾਲ 2003 'ਚ ਰਾਸ਼ਟਪਤੀ ਜਾਰਜ ਡਬਲਯੂ ਬੁਸ਼ ਨੇ ਪਹਿਲੀ ਵਾਰ ਵਾਈਟ ਹਾਊਸ ਵਿਖੇ ਦੀਵਾਲੀ ਮਨਾਈ ਸੀ ਤੇ ਬਾਅਦ ਵਿਚ ਇਸ ਪ੍ਰੰਪਰਾ ਨੂੰ ਬਰਾਕ ਓਬਾਮਾ ਤੇ ਡੋਨਾਲਡ ਟਰੰਪ ਨੇ ਵੀ ਜਾਰੀ ਰੱਖਿਆ।

# ਮੈਰੀਲੈਂਡ ਦੇ ਗਵਰਨਰ ਵੈੱਸ ਮੋਰ ਨੇ ਜਸਦੀਪ ਸਿੰਘ ਜੱਸੀ ਤੇ ਸਾਜਿਦ ਤਰਾਰ ਨੂੰ ਕੀਤਾ ਸਨਮਾਨਿਤ

ਵਾਸ਼ਿੰਗਟਨ, ਡੀਸੀ : ਮੈਰੀਲੈਂਡ ਦੇ ਗਵਰਨਰ ਵੈੱਸ ਮੂਰ ਅਤੇ ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਨੇ ਹਾਲ ਹੀ ਵਿੱਚ ਗਵਰਨਰ ਕਮਿਸ਼ਨ ਆਨ ਸਾਊਥ ਏਸ਼ੀਅਨ ਅਮਰੀਕਨ ਅਫੇਅਰਜ਼ ਦੇ ਚੇਅਰਮੈਨ ਸ ? ਜਸਦੀਪ ਸਿੰਘ ਜੱਸੀ ਅਤੇ ਵਾਈਸ ਚੇਅਰਮੈਨ ਸਾਜਿਦ ਤਰਾਰ ਨੂੰ 12 ਸਾਲ ਲੰਮੀਆਂ ਸਮਾਜਿਕ ਸੇਵਾਵਾਂ ਨਿਭਾਉਣ ਲਈ ਇੱਕ ਵੱਕਾਰੀ ਸਨਮਾਨ ਨਾਲ ਸਨਮਾਨਿਤ ਕੀਤਾ। ਇਹ ਸਨਮਾਨ ਮੈਰੀਲੈਂਡ ਵਿੱਚ ਦੱਖਣੀ ਏਸ਼ੀਆਈ ਅਮਰੀਕੀ ਭਾਈਚਾਰੇ ਲਈ ਉਨ੍ਹਾਂ ਦੀਆਂ ਬੇਮਿਸਾਲ ਸੇਵਾਵਾਂ ਨੂੰ ਮਾਨਤਾ ਦਿੰਦਾ ਹੈ।

ਮੈਰੀਲੈਂਡ 'ਚ ਕਰਵਾਏ ਗਏ ਇਸ ਸਮਾਰੋਹ 'ਚ ਸਨਮਾਨ ਮੌਕੇ ਗਵਰਨਰ ਐੱਸ ਮੂਰ, ਲੈਫਟੀਨੈਂਟ ਗਵਰਨਰ ਅਰੁਣਾ ਮਿਲਰ, ਸੈਕਟਰੀ ਆਫ ਸਟੇਟ ਸੂਜਨ ਲੀ, ਸੈਕਟਰੀ ਆਫ ਹਾਇਰ ਐਜੂਕੇਸ਼ਨ ਡਾ.ਸੰਜੇ ਰਾਏ, ਸੈਕਟਰੀ ਆਫ ਡਿਪਾਰਟਮੈਂਟ ਆਪ ਸੈਂਟਰਲ ਸਰਵਸਿਜ ਆਤਿਵ ਚੌਧਰੀ ਅੰਗਜ਼ੈਕਟਿਵ ਡਾਇਰੈਕਟਰ ਗਵਰਨਰ 'ਚ ਆਫਿਸ ਆਫ ਕਮਿਊਨਿਟੀ ਇਨਸ਼ੀਏਟਿਵ ਰੈਵਰਨ ਲੈਰੀ ਵਾਕਰ, ਐਡਮਿਨਸਟ੍ਰੇਟਿਵ ਡਾਇਰੈਕਟਰ ਆਫ ਗਵਰਨਰ ਕਮਿਸ਼ਨ ਕ੍ਰਿਸਟੀਨਾ ਪੋਏ ਵੀ ਹਾਜ਼ਰ ਸਨ।



ਇਸ ਮੌਕੇ ਲੈਕਟੀਨੈਂਟ ਗਵਰਨਰ ਅਰੁਣਾ ਮਿਲਰ ਨੇ ਆਪਣੇ ਸੰਬੋਧਨੀ ਭਾਸ਼ਣ 'ਚ ਜਸਦੀਪ ਸਿੰਘ ਜੰਸੀ ਅਤੇ ਸਾਜਿਦ ਤਰਾਰ ਵਲੋਂ ਕੀਤੀਆਂ ਗਈਆਂ ਸਮਾਜਿਕ ਸੇਵਾਵਾਂ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕੀਤੀ। ਇਸ ਮੌਕੇ ਗਵਰਨਰਸ ਕਮਿਸ਼ਨ ਆਫ ਸਾਊਥ ਏਸ਼ੀਅਨ ਅਮੈਰਿਕਨ ਅਫੇਅਰ ਦੇ ਕਮਿਸ਼ਨਰ ਬਲਜਿੰਦਰ ਸਿੰਘ ਸ਼ੰਮੀ ਨੇ ਮਾਣ ਸਨਮਾਨ ਮਿਲਣ 'ਤੇ ਜਸਦੀਪ ਸਿੰਘ ਜੱਸੀ ਅਤੇ ਸਾਜਿਦ ਤਰਾਰ ਨੂੰ ਵਧਾਈਆਂ ਵੀ ਦਿੱਤੀਆਂ। ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਉਹਨਾਂ ਨੇ 12 ਸਾਲ ਤਿੰਨ ਗਵਰਨਰਾਂ ਦੇ ਕਾਰਜਕਾਲ ਦੌਰਾਨ ਇਸ ਅਹੁਦੇ 'ਤੇ ਸੇਵਾ ਕੀਤੀ ਹੈ। ਅਤੇ ਹੁਣ ਉਹ ਚਾਹੁੰਦੇ ਹਨ ਕਿ ਇਹ ਜ਼ਿੰਮੇਵਾਰੀ ਨਵੀਂ ਪੀੜ੍ਹੀ ਦੇ ਹੱਥਾਂ ਵਿੱਚ ਜਾਵੇ ਤਾਂ ਕਿ ਉਹ ਸਮੇਂ ਦੇ ਹਾਣ ਦੇ ਹੋ ਕੇ ਇਸ ਕਮਿਸ਼ਨ ਨੂੰ ਹੋਰ ਵੀ ਮਜ਼ਬੂਤ ਕਰ ਸਕਣ। ਉਹਨਾਂ ਦੱਸਿਆ ਕਿ ਉਹਨਾਂ ਇਸ ਭਾਵਨਾ ਦਾ ਗਵਰਨਰ ਵੈੱਸ ਕੋਲ ਇਜ਼ਹਾਰ ਵੀ ਕੀਤਾ।

# ਐਫ ਬੀ ਆਈ ਵੱਲੋਂ ਫੰਡਰੇਜ਼ਿੰਗ ਮਾਮਲੇ 'ਚ ਨਿਊਯਾਰਕ ਦੇ ਮੇਅਰ ਏਰਿਕ ਐਡਮਜ ਦੇ ਮੋਬਾਇਲ ਫੋਨ ਆਈ ਪੈਡ ਜ਼ਬਤ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਅਦਾਲਤ ਵੱਲੋਂ ਜਾਰੀ ਤਲਾਸ਼ੀ ਵਾਰੰਟਾਂ 'ਤੇ ਕਾਰਵਾਈ ਕਰਦਿਆਂ ਐਫ ਬੀ ਆਈ ਦੇ ਅਧਿਕਾਰੀਆਂ ਨੇ ਫੰਡ ਰੇਜ਼ਿੰਗ ਦੇ ਮਾਮਲੇ ਦੀ ਚੱਲ ਰਹੀ ਸੰਘੀ ਜਾਂਚ ਤਹਿਤ ਨਿਊ ਯਾਰਕ ਦੇ ਮੇਅਰ ਏਰਿਕ ਐਡਮਜ ਦੇ ਸੈੱਲ ਫੋਨ ਤੇ ਆਈ ਪੈਡ ਨੂੰ ਜ਼ਬਤ ਕਰ ਲੈਣ ਦੀ ਖਬਰ ਹੈ। ਇਸ ਮਾਮਲੇ ਨਾਲ ਜੁੜੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਇਕ ਨਿਊਜ਼ ਚੈਨਲ ਨੂੰ ਦਿੰਦਿਆਂ ਕਿਹਾ ਹੈ ਕਿ ਐਫ ਬੀ ਆਈ ਨੇ ਇਹ ਕਾਰਵਾਈ ਇਸ ਹਫਤੇ ਦੇ ਸ਼ੁਰੂ ਵਿਚ ਕੀਤੀ ਹੈ। ਐਫ ਬੀ ਆਈ ਦੀ ਇਸ ਕਾਰਵਾਈ ਨਾਲ ਜਾਂਚ ਵਿਚ ਇਕ ਨਾਟਕੀ ਮੋੜ ਆਇਆ ਹੈ। ਐਫ ਬੀ ਆਈ ਤੇ ਯੂ ਐਸ ਅਟਾਰਨੀ ਦੱਖਣੀ ਜਿਲਾ ਨਿਊਯਾਰਕ ਦੇ ਦਫਤਰ ਵੱਲੋਂ ਕੀਤੀ ਜਾ ਰਹੀ ਜਾਂਚ ਵਿਚ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੀ ਫੰਡਰੇਜ਼ਿੰਗ ਤਹਿਤ ਵਿਦੇਸ਼ੀ ਪੈਸਾ ਵੀ ਲਿਆ ਗਿਆ ਸੀ। ਹਾਲਾਂ ਕਿ ਅਜੇ ਤੱਕ ਡੈਮੋਕਰੈਟਿਕ ਆਗੂ ਐਡਮਜ ਕਿਸੇ ਵੀ ਤਰਾਂ ਦੇ ਗਲਤ ਕੰਮ ਵਿਚ ਦੋਸ਼ੀ ਨਹੀਂ ਪਾਇਆ ਗਿਆ ਹੈ ਪਰੰਤੂ ਉਹ ਵਿਦੇਸ਼ੀ ਸਰਕਾਰਾਂ ਨਾਲ ਸਬੰਧ ਰਖਣ ਦੀ ਹੋ ਰਹੀ ਜਾਂਚ ਦੇ ਘੇਰੇ ਵਿਚ ਆਉਣ ਵਾਲਾ ਨਵਾਂ ਰਾਜਸੀ ਆਗੂ ਜ਼ਰੂਰ ਬਣ ਗਿਆ ਹੈ। ਐਡਮਜ ਦੇ ਚੀਫ ਫੰਡ ਰੇਜਰ ਦੇ ਘਰ ਵਿਚ ਛਾਪਾ ਮਾਰਨ ਦੇ ਕੁਝ ਦਿਨਾਂ ਬਾਅਦ ਐਫ ਬੀ ਆਈ ਨੇ ਉਕਤ ਕਾਰਵਾਈ ਅਮਲ ਵਿਚ ਲਿਆਂਦੀ ਹੈ।




# ਬੰਦੀ ਛੋੜ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਪਮਾਲਾ ਤੇ ਆਤਿਸ਼ਬਾਜ਼ੀ ਦਾ ਅਲੌਕਿਕ ਨਜ਼ਾਰਾ







ਅੰਮ੍ਰਿਤਸਰ : ਬੰਦੀ ਛੋੜ ਦਿਵਸ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੀਪਮਾਲਾ ਕਰਕੇ, ਆਤਿਸ਼ਬਾਜ਼ੀ ਚਲਾ ਕੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਸ਼ਾਮ ਨੂੰ ਪੁਰਾਤਨ ਪੰਥਕ ਰਵਾਇਤ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਕੌਮ ਦੇ ਨਾਂਅ ਸੰਦੇਸ਼ ਜਾਰੀ ਕੀਤਾ ਗਿਆ। ਉਪਰੰਤ ਪਰਿਕਰਮਾ ਵਿਚ ਪਾਵਨ ਸਰੋਵਰ ਕਿਨਾਰੇ ਕੀਤੀ ਗਈ ਰੰਗ ਬਿਰੰਗੀ ਬਿਜਲਈ ਦੀਪਮਾਲਾ ਦੇ ਨਜ਼ਾਰੇ ਦੇ ਨਾਲ ਨਾਲ ਰਵਾਇਤੀ ਦੇਸੀ ਘਿਉ ਦੇ ਦੀਵੇ ਤੇ ਰੰਗ ਬਿਰੰਗੀਆਂ ਮੋਮਬੱਤੀਆਂ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੀਆਂ ਸਨ। ਸ਼ਾਮ ਨੂੰ ਆਤਿਸ਼ਬਾਜੀ ਦੇ ਅਦਭੁੱਤ ਨਜ਼ਾਰਿਆਂ ਦਾ ਅਨੰਦ ਮਾਣਿਆ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਰਾਗੀ, ਢਾਡੀ, ਕਵੀਸ਼ਰੀ ਜਥਿਆਂ, ਪ੍ਰਚਾਰਕਾਂ ਅਤੇ ਕਵੀਆਂ ਨੇ ਗੁਰਬਾਣੀ ਕੀਰਤਨ, ਸਿੱਖ ਇਤਿਹਾਸ ਅਤੇ ਧਾਰਮਿਕ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਬੰਦੀ ਛੋੜ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਸੰਬੰਧੀ ਕੇਂਦਰ ਸਰਕਾਰ ਵਲੋਂ ਨੋਟੀਫਿਕੇਸ਼ਨ ਕਰਕੇ ਮੁਕਰ ਜਾਣ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਾ ਕਰਨ, 39 ਸਾਲਾਂ ਬਾਅਦ ਵੀ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਅਤੇ ਪੰਜਾਬ ਦੇ ਨਾਲ ਕੇਂਦਰ ਸਰਕਾਰ ਦੇ ਸਿਆਸੀ ਵਿਤਕਰਿਆਂ ਦਾ ਜ਼ਿਕਰ ਛੋਂਹਦਿਆਂ ਸ਼੍ਰੋਮਣੀ ਕਮੇਟੀ ਅਤੇ ਸਿੱਖ ਪੰਥ ਨੂੰ ਆਪਣੇ ਹੱਕਾਂ ਲਈ ਇਕਜੁੱਟਤਾ ਨਾਲ ਆਵਾਜ਼ ਬੁਲੰਦ ਕਰਨ ਦਾ ਸੁਨੇਹਾ ਦਿੱਤਾ।

ਬੰਦੀ ਛੋੜ ਦਿਵਸ ਦੀ ਵਧਾਈ ਦਿੰਦਿਆਂ ਜਥੇਦਾਰ ਨੇ ਕਿਹਾ ਕਿ ਇਸ ਦਿਹਾੜੇ ਦਾ ਸੰਬੰਧ ਸਿੱਖ ਧਰਮ ਦੇ ਸੰਸਥਾਗਤ ਪ੍ਰਚਾਰ ਪ੍ਰਸਾਰ, ਖ਼ੂਨੀ ਪੈਂਡਿਆਂ ਅਤੇ ਜਬਰ-ਜ਼ੁਲਮ ਵਿਰੁੱਧ ਸੰਘਰਸ਼ ਦੌਰਾਨ ਕੌਮੀ ਤਕਦੀਰ ਉਡੀਕਣ ਦੇ ਅਹਿਮ ਦਿਹਾੜੇ ਵਜੋਂ ਵੀ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਮੁਗਲ ਹਾਕਮਾਂ ਵਲੋਂ ਲਗਾਈਆਂ ਤੁਅੱਸਬੀ ਪਾਬੰਦੀਆਂ ਦੇ ਬਾਵਜੂਦ ਵੀ ਬੰਦੀ ਛੋੜ ਦਿਵਸ ਮੌਕੇ ਸਿੱਖ ਆਪਣੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਗੁਰੂ-ਜੱਸ ਸਰਵਣ ਕਰਦੇ ਅਤੇ ਮਿਲ ਬੈਠ ਕੇ ਕੌਮ ਲਈ ਭਵਿੱਖੀ ਪ੍ਰੋਗਰਾਮ ਉਲੀਕਦੇ ਸਨ। ਇਸ ਪਰੰਪਰਾ ਨੇ ਸਿੱਖ ਕੌਮ ਦੀ ਬਿਖੜੇ ਸਮਿਆਂ 'ਚੋਂ ਬਾਹਰ ਨਿਕਲਣ ਅਤੇ ਨਵੀਂਆਂ ਦਿਸ਼ਾਵਾਂ ਤੈਅ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸ ਤੋਂ ਅੱਜ ਵੀ ਸੇਧ ਲੈਣ ਦੀ ਲੋੜ ਹੈ। ਗਿਆਨੀ ਰਘਬੀਰ ਸਿੰਘ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਕੁਰਬਾਨੀ, ਜਜ਼ਬੇ ਅਤੇ ਦ੍ਰਿੜ੍ਹ ਇਰਾਦੇ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸੰਬੰਧੀ ਪਾਈ ਪਟੀਸ਼ਨ 'ਤੇ ਕੇਂਦਰ ਸਰਕਾਰ ਵਲੋਂ ਕੋਈ ਫ਼ੈਸਲਾ ਅਮਲ ਵਿਚ ਲੈ ਕੇ ਨਾ ਆਉਣਾ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਕੇ ਸਿੱਖਾਂ ਨੂੰ ਇਨਸਾਫ਼ ਦੇਣ ਲਈ ਕਿਹਾ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਵੀ ਆਦੇਸ਼ ਦਿੱਤਾ ਕਿ ਉਹ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਵਾਉਣ ਲਈ ਸਮੂਹ ਪੰਥਕ ਦਲਾਂ ਅਤੇ ਜਥੇਬੰਦੀਆਂ ਦੀ ਇਕ ਵਿਸ਼ੇਸ਼ ਇਕੱਤਰਤਾ ਸੱਦੇ। ਇਸ ਦੇ ਨਾਲ ਹੀ ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਦੇਸ਼ ਜਾਰੀ ਕੀਤਾ ਕਿ ਉਹ ਆਪਣੇ ਅਸਰ ਰਸੂਖ ਅਤੇ ਨੇੜਲੇ ਸੰਬੰਧਾਂ ਦੀ ਵਰਤੋਂ ਕਰਕੇ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਕੋਲੋਂ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਸੰਬੰਧੀ ਅਪੀਲ 'ਤੇ ਫ਼ੈਸਲਾ ਕਰਵਾਉਣ ਲਈ ਗੰਭੀਰਤਾ ਨਾਲ ਯਤਨ ਕਰੇ ਅਤੇ ਇਸ ਸੰਬੰਧੀ 15 ਦਿਨਾਂ ਤੇ ਅੰਦਰ-ਅੰਦਰ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੇ। ਉਨ੍ਹਾਂ ਸੰਦੇਸ਼ ਵਿਚ ਭਾਈ ਰਾਜੋਆਣਾ ਨੂੰ ਵੀ ਕਿਹਾ ਕਿ ਉਹ ਕੋਈ ਵੀ ਅਜਿਹਾ ਕਦਮ ਨਾ ਚੁੱਕਣ, ਜੋ ਉਨ੍ਹਾਂ ਦੀ ਜ਼ਿੰਦਗੀ ਤੇ ਕੌਮ ਲਈ ਚਿੰਤਾ ਵਾਲਾ ਹੋਵੇ। ਜਥੇਦਾਰ ਨੇ ਆਪਣੇ ਸੰਦੇਸ਼ ਵਿਚ ਵਿਦੇਸ਼ਾਂ ਅੰਦਰ ਵੱਖਰੀ ਪਛਾਣ ਸੰਬੰਧੀ ਭਰਮ-ਭੁਲੇਖਿਆਂ ਅਤੇ ਨਸਲਵਾਦ ਦੀ ਭਾਵਨਾ ਨਾਲ ਸਿੱਖਾਂ ਉੱਪਰ ਹੋ ਰਹੇ ਹਮਲਿਆਂ 'ਤੇ ਚਿੰਤਾ ਕਰਨ ਦੇ ਨਾਲ-ਨਾਲ ਭਾਰਤ ਅੰਦਰ ਵੀ ਸਿੱਖਾਂ ਪ੍ਰਤੀ ਵੱਧ ਰਹੀ ਅਸਿਹਣਸ਼ੀਲਤਾ 'ਤੇ ਵੀ ਗੰਭੀਰ ਰੁਖ਼



ਦਿਖਾਇਆ। ਉਨ੍ਹਾਂ ਇਸ ਗੱਲ 'ਤੇ ਚਿੰਤਾ ਜਾਹਰ ਕੀਤੀ ਕਿ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਕਾਤਲ 39 ਸਾਲ ਬਾਅਦ ਵੀ ਕਾਨੂੰਨ ਦੀ ਪਕੜ ਤੋਂ ਬਾਹਰ ਹਨ। ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਨੌਜਵਾਨਾਂ ਨੂੰ ਮੁਫ਼ਤ ਸਿਵਲ ਸੇਵਾਵਾਂ ਦੀ ਪ੍ਰੀਖਿਆ ਦੀ ਤਿਆਰੀ ਕਰਾਉਣ 'ਤੇ ਖੁਸ਼ੀ ਪ੍ਰਗਟ ਕਰਦਿਆਂ ਆਖਿਆ ਕਿ ਸਿੱਖ ਸਮਾਜ ਨੂੰ ਦੇਖਾ-ਦੇਖੀ ਆਪਣੇ ਬੱਚੇ ਵਿਦੇਸ਼ ਭੇਜਣ ਦੀ ਬਜਾਏ ਇਥੇ ਰਹਿੰਦਿਆਂ ਆਪਣੀ ਕਾਬਲੀਅਤ ਅਤੇ ਊਰਜਾ ਨੂੰ ਉਸਾਰੂ ਦਿਸ਼ਾ ਵੱਲ ਸੇਧਿਤ ਕਰਕੇ ਉੱਚ ਪ੍ਰਸ਼ਾਸਨਿਕ, ਡਾਕਟਰੀ ਸਿੱਖਿਆ, ਤਕਨੀਕੀ ਅਤੇ ਵਣਜ ਵਪਾਰ ਦੇ ਖੇਤਰ ਵਿਚ ਅੱਗੇ ਆਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਵਾਪਰ ਰਹੀਆਂ ਘਟਨਾਵਾਂ ਨੂੰ ਰੋਕਣ ਲਈ ਕੇਵਲ ਸਰਕਾਰਾਂ ਤੋਂ ਉਮੀਦ ਰੱਖਣ ਦੀ ਬਜਾਏ ਗੁਰੂ ਘਰਾਂ ਦੀ ਪਹਿਰੇਦਾਰੀ ਨੂੰ ਖ਼ੁਦ ਮਜ਼ਬੂਤ ਕਰਨ ਦੀ ਤਾਕੀਦ ਵੀ ਕੀਤੀ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਸੰਗਤਾਂ ਨੂੰ ਬੰਦੀ ਛੋੜ ਦਿਹਾੜੇ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ ਅਤੇ ਸਿੱਖ ਪ੍ਰੰਪਰਾਵਾਂ ਅਤੇ ਰਵਾਇਤਾਂ ਦੀ ਰੋਸ਼ਨੀ ਵਿਚ ਪੰਥ ਦੀ ਚੜ੍ਹਦੀ ਕਲਾ ਲਈ ਯੋਗਦਾਨ ਪਾਉਣ ਦੀ ਪ੍ਰੇਰਨਾ ਕੀਤੀ। ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਥੇਦਾਰ ਬਲਬੀਰ ਸਿੰਘ 96 ਕਰੋੜੀ ਸਮੇਤ ਹੋਰ ਨਿਹੰਗ ਸਿੰਘ ਜਥੇਬੰਦੀਆਂ ਅਤੇ ਸੰਪਰਦਾਵਾਂ ਦੇ ਮੁੱਖੀਆਂ ਅਤੇ ਨੁਮਾਇੰਦਿਆਂ ਨੂੰ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਸਨਮਾਨਿਤ ਕੀਤਾ। ਸਮਾਗਮਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਦੇ ਮੁਖੀ ਬਾਬਾ ਜੋਗਾ ਸਿੰਘ, ਭਾਈ ਅਮਰਜੀਤ ਸਿੰਘ ਮਸਕੀਨ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਵਧੀਕ ਮੁੱਖ ਗ੍ਰੰ ?ਰਥੀ ਗਿਆਨੀ ਮਲਕੀਤ ਸਿੰਘ, ਗਿਆਨੀ ਤਰਸੇਮ ਸਿੰਘ ਮੋਰਾਂਵਾਲੀ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਭਲਾਈਪੁਰ, ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਭਿੱਟੇਵੱਡ, ਭਾਈ ਰਾਮ ਸਿੰਘ, ਕੁਲਵੰਤ ਸਿੰਘ ਮੰਨਣ, ਗੁਰਮੀਤ ਸਿੰਘ ਬੂਹ, ਅਜਾਇਬ ਸਿੰਘ ਅਭਿਆਸੀ, ਸਕੱਤਰ ਪ੍ਰਤਾਪ ਸਿੰਘ, ਓ. ਐਸ. ਡੀ. ਸਤਬੀਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ ਸਮੇਤ ਹੋਰ ਪੰਥਕ ਸ਼ਖ਼ਸੀਅਤਾਂ ਅਤੇ ਸ਼੍ਰੋਮਣੀ ਕਮੇਟੀ ਅਧਿਕਾਰੀ ਹਾਜ਼ਰ ਸਨ।



## ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਜਥੇਬੰਦੀਆਂ ਯਤਨ ਤੇਜ਼ ਕਰਨ: ਜਥੇਦਾਰ ਗਿ. ਰਘਬੀਰ ਸਿੰਘ



ਅੰਮ੍ਰਿਤਸਰ : ਬੰਦੀ ਛੋੜ ਦਿਵਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਨੂੰ ਹੁਕਮ ਦਿੱਤਾ ਕਿ ਉਹ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਵਾਉਣ ਲਈ ਤੇਜ਼ ਤੇ ਠੋਸ ਯਤਨ ਕਰਨ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂ ਸੰਦੇਸ਼ ਜਾਰੀ ਕੀਤਾ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬੰਦੀ ਛੋੜ ਦਿਹਾੜੇ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਰਾਗੀ, ਢਾਡੀ, ਕਵੀਸ਼ਰ ਜਥਿਆਂ, ਪ੍ਰਚਾਰਕਾਂ ਅਤੇ ਕਵੀਆਂ ਨੇ ਗੁਰਬਾਣੀ ਦੇ ਕੀਰਤਨ ਅਤੇ ਕਥਾ ਵਿਖਿਆਨ ਰਾਹੀ ਸਿੱਖ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂ ਸੰਦੇਸ਼ ਦਿੰਦਿਆਂ ਕਿਹਾ ਕਿ ਪਿਛਲੇ 17 ਸਾਲਾਂ ਤੋਂ ਜੇਲ੍ਹ ਦੀ ਚੱਕੀ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਸਬੰਧੀ ਕੇਂਦਰ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਕੇ ਮੁੱਕਰ ਗਈ ਹੈ। ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਅਤੇ 39 ਸਾਲਾਂ ਬਾਅਦ ਵੀ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ ਹਨ। ਉਨ੍ਹਾਂ ਸਿੱਖ ਕੌਮ ਨੂੰ ਆਪਣੇ ਹੱਕਾਂ ਲਈ ਇਕਜੁੱਟਤਾ ਨਾਲ ਆਵਾਜ਼ ਬੁਲੰਦ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਹਾ ਕਿ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਕੇ ਸਿੱਖਾਂ ਨੂੰ ਇਨਸਾਫ਼ ਦੇਵੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਸਮੂਹ ਪੰਥਕ ਦਲਾਂ ਅਤੇ ਜਥੇਬੰਦੀਆਂ ਦੀ ਵਿਸ਼ੇਸ਼ ਮੀਟਿੰਗ ਵੀ ਸੱਦੇ।

ਉਨ੍ਹਾਂ ਦਿੱਲੀ ਕਮੇਟੀ ਨੂੰ ਵੀ ਆਦੇਸ਼ ਕੀਤਾ ਕਿ ਉਹ ਆਪਣੇ ਅਸਲ ਰਸੂਖ ਅਤੇ ਨੇੜਲੇ ਸਬੰਧਾਂ ਦੀ ਵਰਤੋਂ ਕਰਕੇ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਭਾਈ ਰਾਜੋਆਣਾ ਸਬੰਧੀ ਅਪੀਲ 'ਤੇ ਫੈਸਲਾ ਕਰਵਾਉਣ ਲਈ ਗੰਭੀਰਤਾ ਨਾਲ ਯਤਨ ਕਰੇ ਅਤੇ ਇਸ ਸਬੰਧੀ 15 ਦਿਨਾਂ ਤੇ ਅੰਦਰ-ਅੰਦਰ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਭੇਜੇ।

# ਪੰਜਾਬ 'ਚ ਅਪਰਾਧ ਦਾ ਗਰਾਫ਼ ਵਧਿਆ ਅਤੇ ਅਪਰਾਧੀਆਂ 'ਚ ਪੁਲੀਸ ਦਾ ਖੌਫ ਨਹੀਂ ਰਿਹਾ : ਪ੍ਰੋ. ਸਰਚਾਂਦ ਸਿੰਘ

## *ਰਾਜ ਦੀ ਸਥਿਤੀ 'ਚ ਸੁਧਾਰ ਨਹੀਂ ਲਿਆ ਸਕਦਾ ਤਾਂ ਭਗਵੰਤ ਮਾਨ ਨੂੰ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ*



ਅੰਮ੍ਰਿਤਸਰ : ਪੰਜਾਬ ਭਾਜਪਾ ਦੇ ਸੀਨੀਅਰ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪੰਜਾਬ 'ਚ ਅਮਨ ਕਾਨੂੰਨ ਦੀ ਸਥਿਤੀ ਬੇਹੱਦ ਵਿਗੜ ਚੁੱਕੀ ਹੈ। ਅਪਰਾਧ ਦਾ ਗਰਾਫ਼ ਤੇਜ਼ੀ ਨਾਲ ਵਧਿਆ ਹੈ। ਨਿੱਤ ਹੁੰਦੀਆਂ ਵੱਡੀਆਂ ਵਾਰਦਾਤਾਂ ਨਾਲ ਪੰਜਾਬ ਕੰਬ ਰਿਹਾ ਹੈ। ਸਰਕਾਰ ਦੇ ਪੈਂਤੜਿਆਂ ਕਾਰਨ ਅਪਰਾਧੀ ਅਨਸਰਾਂ 'ਚ ਪੁਲੀਸ ਦਾ ਖੌਫ ਖ਼ਤਮ ਹੋ ਚੁੱਕਿਆ ਹੈ। ਜਿੱਥੇ ਕਾਊਂਟਰ ਇੰਟੈਲੀਜੈਂਸ ਇੰਸਪੈਕਟਰ ਤਕ ਸੁਰੱਖਿਅਤ ਨਹੀਂ ਉੱਥੇ ਆਮ ਲੋਕ ਸੁਰੱਖਿਅਤ ਕਿਵੇਂ ਰਹਿ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਜੰਗਲ ਦਾ ਰਾਜ ਹੈ ਅਤੇ ਲੋਕਾਂ ਵਿਚ ਡਰ ਤੇ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਹੈ। ਇੱਕੋ ਦਿਨ ਅੰਮ੍ਰਿਤਸਰ 'ਚ ਦਿਨ ਦਿਹਾੜੇ ਪੁਲੀਸ ਇੰਸਪੈਕਟਰ ਨੂੰ ਸ਼ਰੇਆਮ ਗੋਲ਼ੀਆਂ ਮਾਰੀਆਂ ਗਈਆਂ। ਤਰਨ ਤਾਰਨ ਦੇ ਪਿੰਡ ਤੁੰਗ 'ਚ ਪਰਿਵਾਰ ਦੇ ਤਿੰਨ ਜੀਆਂ ਨੂੰ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸੇ ਜ਼ਿਲ੍ਹੇ ਦੇ ਪਿੰਡ ਘਰਿਆਲਾ ਰਾਤ ਸਮੇਂ ਜਿੰਮ ਮਾਲਕ ਰਣਜੀਤ ਸਿੰਘ ਨੂੰ ਅੰਨ੍ਹੇਵਾਹ ਗੋਲੀਆਂ ਮਾਰੀਆਂ ਗਈਆਂ। ਅੰਮ੍ਰਿਤਸਰ 'ਚ ਹਥਿਆਰਾਂ ਦੀ ਨੋਕ 'ਤੇ ਦਵਾਈ ਵਿਕਰੇਤਾ ਤੋਂ 10 ਲੱਖ ਦੀ ਲੁੱਟ ਕੀਤੀ ਗਈ, ਭਿਖੀ ਵਿੰਡ ਦੇ ਇਕ ਡਾਕਟਰ ਤੋਂ ਜਾਨੋਂ ਮਾਰਨ ਦੀ ਧਮਕੀ ਦੇ ਕੇ 2 ਕਰੋੜ ਦੀ ਫਿਰੌਤੀ ਮੰਗੀ ਗਈ। ਫਿਰੌਤੀ ਨੂੰ ਲੈ ਕੇ ਬਠਿੰਡਾ ਦੇ ਕਾਰੋਬਾਰੀ ਦੀ ਕੀਤੀ ਗਈ ਹੱਤਿਆ ਨਾਲ ਕਾਰੋਬਾਰੀ ਪਹਿਲਾਂ ਹੀ ਡਰੇ ਹੋਏ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਦੇ ਹਾਲਾਤ ਹਨ ਕੋਈ ਵੀ ਸਨਅਤਕਾਰ ਸੂਬੇ ਵਿਚ ਠਹਿਰ ਕੇ ਰਾਜ਼ੀ ਨਹੀਂ ਹਨ। ਇੱਥੋਂ ਵਪਾਰੀ ਵਰਗ ਵੀ ਕੂਚ ਕਰਨ ਬਾਰੇ ਸੋਚ ਰਹੇ ਹਨ। ਇਸ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਮਾਨ ਹਾਲਾਤ ਨੂੰ ਸੁਧਾਰਨ 'ਚ ਕੋਈ ਦਿਲਚਸਪੀ ਨਹੀਂ ਦਿਖਾ ਰਹੇ ਹਨ। ਕੇਵਲ ਇਸ਼ਤਿਹਾਰਾਂ 'ਚ ਆਪਣੀ ਅਤੇ ਅਰਵਿੰਦ ਕੇਜਰੀਵਾਲ ਦੀ ਵਾਹ ਵਾਹ ਕਰਾ ਰਹੇ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ 50 ਹਜ਼ਾਰ ਕਰੋੜ ਤੋਂ ਵੱਧ ਕਰਜ਼ਾ ਲੈ ਚੁੱਕਿਆ ਹੈ ਜਿਸ ਵਿਚੋਂ ਰਾਜ ਦੇ ਵਿਕਾਸ ਦੀ ਥਾਂ 800 ਕਰੋੜ ਰੁਪਏ ਇਸ਼ਤਿਹਾਰਾਂ 'ਤੇ ਖ਼ਰਚ ਕਿੱਤੇ ਗਏ ਹਨ। ਕੇਜਰੀਵਾਲ ਅਤੇ 'ਆਪ' ਦੇ ਚੋਣ ਪ੍ਰਚਾਰ ਲਈ ਹੈਲੀਕਾਪਟਰ ਅਤੇ ਫਿਕਸਡ ਵਿੰਗ ਛੋਟੇ ਲਗਜ਼ਰੀ ਜਹਾਜ਼ਾਂ ਦੀ ਵਰਤੋਂ ਕਰਦਿਆਂ 50 ਕਰੋੜ ਤੋਂ ਵੱਧ ਪੰਜਾਬ ਦੇ ਖ਼ਜ਼ਾਨੇ ਨੂੰ ਖ਼ੋਰਾ ਲਾਉਣ ਦੇ ਚਰਚੇ ਹਨ। ਪ੍ਰੋ. ਸਰਚਾਂਦ ਸਿੰਘ ਨੇ ਮੁੱਖਮੰਤਰੀ ਭਗਵੰਤ ਮਾਨ ਨੂੰ ਚੋਣ ਪ੍ਰਚਾਰ 'ਚ ਲੱਗੇ ਕੇਜਰੀਵਾਲ ਦੀ ਡਰਾਈਵਰੀ ਛੱਡ ਕੇ ਪੂਰੀ ਤਰ੍ਹਾਂ ਬੇਕਾਬੂ ਹੋ ਚੁੱਕੀ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਆਮ ਵਰਗੇ ਬਣਾਉਣ ਅਤੇ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਕਰਨ ਵੱਲ ਵਿਸ਼ੇਸ਼ ਧਿਆਨ ਦੇਣ ਲਈ ਕਿਹਾ। ਅਜਿਹਾ ਨਹੀਂ ਕਰ ਸਕਦੇ ਤਾਂ ਭਗਵੰਤ ਮਾਨ ਨੂੰ ਆਪਣੇ ਅਹੁਦੇ 'ਤੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਨਾਮ 'ਤੇ ਹੋਂਦ ਵਿਚ ਆਈ ਆਪ ਪਾਰਟੀ ਖ਼ੁਦ ਗਰਦਨ ਤਕ ਭ੍ਰਿਸ਼ਟਾਚਾਰ 'ਚ ਧਸ ਚੁੱਕੀ ਹੈ। ਸ਼ਰਾਬ ਘੋਟਾਲੇ 'ਚ 338 ਕਰੋੜ ਰੁਪਏ ਦਾ ਲਾਭ ਹਾਸਲ ਕਰਨ ਦੇ ਮਾਮਲੇ 'ਚ ਖ਼ੁਦ ਕੇਜਰੀਵਾਲ ਈ ਡੀ ਕੋਲ ਪੇਸ਼ ਹੋਣ ਤੋਂ ਡਰ ਸਤਾ ਰਿਹਾ ਹੈ। ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਕੇਜਰੀਵਾਲ ਦੀ ਪੂਰੀ ਟੀਮ ਦਾ ਪਰਦਾਫਾਸ਼ ਹੋ ਚੁਕਾ ਹੈ। ਪੰਜਾਬ ਦਾ ਆਪ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਬੈਂਕ ਫਰੌਡ ਕੇਸ ਵਿਚ ਤਾਂ ਡਰੱਗਜ਼ ਨਾਲ ਜੁੜੀ ਮਨੀ ਲਾਂਡਰਿੰਗ ਦੇ ਕੇਸ ਵਿਚ ਇਸ ਦਾ ਇਕ ਹੋਰ ਵਿਧਾਇਕ ਕੁਲਵੰਤ ਸਿੰਘ ਸਲਾਖ਼ਾਂ ਦੇ ਪਿੱਛੇ ਹੈ।

# ਅੰਮ੍ਰਿਤਪਾਲ ਸਿੰਘ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਸਮਾਗਮ 19 ਨੂੰ

ਅੰਮ੍ਰਿਤਸਰ : ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ ਅੰਮ੍ਰਿਤ ਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਸਮੇਤ ਹੋਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ 19 ਨਵੰਬਰ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਰਦਾਸ ਕੀਤੀ



ਜਾਵੇਗੀ। ਇਸ ਤੋਂ ਪਹਿਲਾਂ ਇਸੇ ਤਰ੍ਹਾਂ ਇੱਕ ਅਰਦਾਸ ਸਮਾਗਮ ਸ੍ਰੀ ਅਕਾਲ ਤਖ਼ਤ ਵਿਖੇ ਕੀਤਾ ਗਿਆ ਸੀ। ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਸਿੰਘ, ਸਾਥੀਆਂ ਤੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਪੰਜ ਤਖ਼ਤਾਂ 'ਤੇ ਅਰਦਾਸ ਸਮਾਗਮ ਕੀਤੇ ਜਾ ਰਹੇ ਹਨ ਜਿਸ ਦੀ ਸ਼ੁਰੂਆਤ ਸ੍ਰੀ ਅਕਾਲ ਤਖਤ ਤੋਂ ਕੀਤੀ ਗਈ ਸੀ ਅਤੇ ਦੂਜਾ ਅਰਦਾਸ ਸਮਾਗਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ 19 ਨਵੰਬਰ ਨੂੰ ਹੋਵੇਗਾ ਜਿਸ ਵਿਚ ਅੰਮ੍ਰਿਤ ਸੰਚਾਰ ਵੀ ਹੋਵੇਗਾ। ਉਨ੍ਹਾਂ ਸਿੱਖ ਸੰਗਤਾਂ ਖ਼ਾਸ ਕਰਕੇ ਨੌਜਵਾਨਾਂ ਨੂੰ ਸੱਦਾ ਦਿਤਾ ਕਿ ਉਹ ਵੱਡੀ ਗਿਣਤੀ ਵਿੱਚ 19 ਨਵੰਬਰ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਪੁੱਜਣ।

ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਖਾਲਸਾ ਵਹੀਰ ਅਤੇ ਅੰਮ੍ਰਿਤ ਸੰਚਾਰ ਸ਼ੁਰੂ ਕੀਤਾ ਸੀ ਜਿਸ ਦੇ ਚੰਗੇ ਸਿੱਟੇ ਸਾਹਮਣੇ ਆਏ ਸਨ ਪਰ ਸਰਕਾਰਾਂ ਨੂੰ ਇਹ ਬਰਦਾਸ਼ਤ ਨਹੀਂ ਹੋਇਆ। ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਲਾਏ ਦੇਸ਼ ਧਰੋਹ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਉਸ ਨੇ ਦੇਸ਼ ਵਿਰੋਧੀ ਕੋਈ ਕੰਮ ਨਹੀਂ ਕੀਤਾ ਹੈ। ਅੰਮ੍ਰਿਤਪਾਲ ਸਿੰਘ ਦੀ ਪਤਨੀ ਅਤੇ ਪਿਤਾ ਨੂੰ ਵਿਦੇਸ਼ ਜਾਣ ਤੋਂ ਰੋਕੇ ਜਾਣ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਰਕਾਰਾਂ ਦੇ ਪ੍ਰੋਗਰਾਮ ਹਨ ਪਰ ਪਰਿਵਾਰ ਗੁਰੂ ਦੇ ਭਾਣੇ ਵਿੱਚ ਰਹਿਣ ਨੂੰ ਤਰਜੀਹ ਦੇ ਰਿਹਾ ਹੈ।

# 'ਰੇਵੜੀਆਂ' ਲੈ ਕੇ ਵੋਟਾਂ ਦੇਣ ਵਾਲਾ ਭਾਰਤ ਕਦੇ ਗ਼ਰੀਬੀ ਦੇ ਖ਼ੂਹ 'ਚੋਂ ਬਾਹਰ ਨਿਕਲ ਵੀ ਸਕੇਗਾ ?

ਸਾਢੇ 4 ਸਾਲ ਅਸੀ 'ਰੇਵੜੀਆਂ' (ਮੁਫ਼ਤ ਚੀਜ਼ਾਂ) ਵੰਡ ਕੇ ਵੋਟਾਂ ਬਟੋਰਨ ਵਿਰੁਧ ਭਾਸ਼ਨ ਦਿੰਦੇ ਰਹਿੰਦੇ ਹਾਂ ਪਰ ਜਿਉਂ ਹੀ ਚੋਣਾਂ ਆਉਂਦੀਆਂ ਹਨ, ਭਾਰਤੀ ਸਿਆਸਤਦਾਨਾਂ ਕੋਲ ਨਵੀਆਂ ਰੇਵੜੀਆਂ ਵੰਡਣ ਤੋਂ ਸਿਵਾਏ ਹੋਰ ਕੁੱਝ ਨਹੀਂ ਹੁੰਦਾ। ਕੋਈ ਮੁਫ਼ਤ ਆਟਾ-ਦਾਲ ਦੇਂਦਾ ਹੈ, ਕੋਈ ਮੁਫ਼ਤ ਬਿਜਲੀ, ਕੋਈ ਤਿਉਹਾਰ ਮਨਾਉਣ ਲਈ 25 ਕਿਲੋ ਆਟਾ ਤੇ ਇਹ ਕੋਈ ਇਕ ਪਾਰਟੀ ਨਹੀਂ ਕਰਦੀ ਬਲਕਿ ਹਰ ਪਾਰਟੀ ਇਨ੍ਹਾਂ 'ਰਿਉੜੀਆਂ' ਦਾ ਸਹਾਰਾ ਲੈਂਦੀ ਦਿਸਦੀ ਹੈ। ਜਿਥੇ ਅੱਜ 80 ਕਰੋੜ ਲੋਕਾਂ ਵਲ ਮੁਫ਼ਤ ਆਟਾ-ਦਾਲ ਹੋਰ ਪੰਜ ਸਾਲਾਂ ਵਾਸਤੇ ਦੇਣ ਦੀ 'ਰੇਵੜੀ' ਸੁੱਟੀ ਗਈ ਹੈ, ਉਥੇ ਸੰਯੁਕਤ ਰਾਸ਼ਟਰ ਵਲੋਂ ਭਾਰਤ ਵਿਚ 41.5 ਮਿਲੀਅਨ ਲੋਕਾਂ ਦੇ, ਗ਼ਰੀਬੀ ਦੇ ਪੱਧਰ ਤੋਂ ਉਤੇ ਉਠਣ ਦੇ ਅੰਕੜੇ ਵੀ ਆਏ ਹਨ। ਪਰ ਨਾਲ ਹੀ ਉਨ੍ਹਾਂ ਇਹ ਵੀ ਦੱਸਿਆ ਹੈ ਕਿ ਅਮੀਰ-ਗ਼ਰੀਬ ਦਰਮਿਆਨ ਫ਼ਾਸਲਾ ਵੱਧ ਗਿਆ ਹੈ।

ਇਸ ਰਿਪੋਰਟ ਅਨੁਸਾਰ ਅੰਤਰਰਾਸ਼ਟਰੀ ਗ਼ਰੀਬੀ ਪੈਮਾਨਾ, ਹਰ ਰੋਜ਼ ਦੀ 179.04 ਰੁਪਏ ਤੋਂ ਘੱਟ ਆਮਦਨ ਨੂੰ ਗ਼ਰੀਬੀ ਮੰਨਦਾ ਹੈ। ਪਰ ਜੇ ਕੋਈ ਭਾਰਤੀ ਹਰ ਰੋਜ਼ 200 ਰੁਪਏ ਵੀ ਕਮਾ ਰਿਹਾ ਹੋਵੇ ਤਾਂ ਕੀ ਉਹ ਗ਼ਰੀਬ ਨਹੀਂ ਹੈ? 100 ਰੁਪਏ ਪਟਰੌਲ, 1000 ਰੁਪਏ ਗੈਸ ਸਿਲੰਡਰ ਦੇ ਦੇਣੇ ਪੈਣ ਤਾਂ ਇਨਸਾਨ ਖਾਏਗਾ ਕੀ ਤੇ ਜਾਵੇਗਾ ਕਿਥੇ ? ਭਾਰਤ ਦੇ ਇਕ ਪ੍ਰਵਾਰ ਵਿਚ ਔਸਤ 6-7 ਜੀਅ ਇਕ ਬੰਦੇ ਦੀ ਕਮਾਈ 'ਤੇ ਨਿਰਭਰ ਕਰਦੇ ਹਨ। ਸੋ 6 ਹਜ਼ਾਰ ਨਾਲ ਕਿਹੜੀ ਛੱਤ ਹੇਠ ਗੁਜ਼ਾਰਾ ਕਰਨਗੇ ? ਫਿਰ



ਬੱਚੇ ਬਾਲ ਮਜ਼ਦੂਰੀ ਹੀ ਕਰਨਗੇ ਤਾਕਿ ਪ੍ਰਵਾਰ ਦਾ ਪੇਟ ਭਰਿਆ ਜਾ ਸਕੇ। ਅੱਜ ਦੇ ਸਾਰੇ ਅੰਕੜੇ 2011 ਦੀ ਮਰਦਮਸ਼ੁਮਾਰੀ 'ਤੇ ਆਧਾਰਤ ਹਨ ਤੇ ਤਸਵੀਰ ਵਿਚ ਕੋਈ ਖ਼ੁਸ਼ ਇਨਸਾਨ ਵੇਖਣਾ ਤਾਂ ਮੁਮਕਿਨ ਹੀ ਨਹੀਂ। ਬਿਹਾਰ ਨੇ ਮਰਦਮਸ਼ੁਮਾਰੀ ਕੀਤੀ ਹੈ ਤੇ ਦਸਿਆ ਹੈ ਕਿ 32 ਫ਼ੀ ਸਦੀ ਆਬਾਦੀ 6000 ਪ੍ਰਤੀ ਮਹੀਨੇ ਨਾਲ ਗੁਜ਼ਾਰਾ ਕਰ ਰਹੀ ਹੈ ਤੇ ਇਹ ਗ਼ਰੀਬ ਨਹੀਂ ਮੰਨੇ ਜਾਣਗੇ। ਜੇ 41.5 ਕਰੋੜ ਲੋਕ ਗ਼ਰੀਬੀ ਤੋਂ ਉਪਰ ਉਠੇ ਹਨ ਤਾਂ ਫਿਰ 80 ਕਰੋੜ ਨੂੰ ਮੁਫ਼ਤ ਆਟਾ ਕਿਉਂ ਦਿਤਾ ਜਾ ਰਿਹਾ ਹੈ ?

ਸਾਡੇ ਅਮੀਰਾਂ ਦੀ ਅਮੀਰੀ 'ਤੇ ਕੋਈ ਦਰ ਲਾਗੂ ਨਹੀਂ ਕੀਤੀ ਜਾਂਦੀ। ਉਹ ਜਿੰਨਾ ਮਰਜ਼ੀ ਕਮਾ ਲੈਣ, ਦੇਸ਼ ਉਨ੍ਹਾਂ 'ਤੇ ਟੈਕਸ ਨਹੀਂ ਵਧਾਉਂਦਾ। ਇਕ ਮਰਸੀਡੀਜ਼ ਕਾਰ ਲਈ ਕਰਜ਼ੇ ਤੇ 8 ਫ਼ੀ ਸਦੀ ਵਿਆਜ ਤੇ ਇਕ ਕਿਸਾਨ ਦੇ ਟਰੈਕਟਰ ਦੇ ਕਰਜ਼ੇ 'ਤੇ 13 ਫ਼ੀ ਸਦੀ ਵਿਆਜ ਬੈਂਕ ਲਗਾਉਂਦੇ ਹਨ। ਕਿਸ ਦੀ ਕਿੰਨਾ ਟੈਕਸ ਭਰਨ ਦੀ ਹੈਸੀਅਤ ਹੈ, ਇਹ ਨਹੀਂ ਵੇਖਿਆ ਜਾਂਦਾ। ਅਸਲ ਵਿਚ ਸਾਡੇ ਸਿਆਸਤਦਾਨ ਅਪਣੇ ਦੇਸ਼ ਦੀ ਹਕੀਕਤ ਸਮਝ ਨਹੀਂ ਪਾ ਰਹੇ ਤੇ ਇਸ ਦਾ ਵੱਡਾ ਦੋਸ਼ੀ ਨੀਤੀ ਆਯੋਗ ਨੂੰ ਮੰਨਿਆ ਜਾਂਦਾ ਹੈ। ਜੋ ਭਾਰਤ ਦੇ ਸ਼ਾਤਰ ਦਿਮਾਗ਼ ਹਨ, ਉਹ ਕਿਉਂ ਨਹੀਂ ਸੋਚਦੇ ਭਾਰਤ ਦੇ ਗ਼ਰੀਬਾਂ ਬਾਰੇ ? ਹਰ ਨੀਤੀ ਨੂੰ ਅਮੀਰ ਦੀ ਸਹੂਲਤ ਲਈ ਤੋੜਨ ਮਰੋੜਨ ਦੀ ਪਿਰਤ ਨੇ ਇਸ ਦੇਸ਼ ਦਾ ਗ਼ਰੀਬੀ ਨਾਲ ਰਿਸ਼ਤਾ ਜਨਮਾਂ ਜਨਮਾਂਤਰਾਂ ਦਾ ਬਣਾ ਦਿਤਾ ਹੈ। ਉਹ ਸ਼ਾਇਦ ਇਸ ਨੂੰ ਵੀ ਵਿਆਹ ਦੇ 'ਪਵਿੱਤਰ' ਬੰਧਨ ਵਾਂਗ ਬਚਾਉਣਾ ਚਾਹੁੰਦੇ ਹਨ ਪਰ ਜਦ ਰਿਸ਼ਤਾ ਖ਼ਰਾਬ ਹੋ ਜਾਵੇ ਤਾਂ ਸਿਆਣੇ ਨਾਤਾ ਤੋੜ ਕੇ ਦਿਸ਼ਾ ਬਦਲ ਲੈਂਦੇ ਹਨ।

ਸਿਆਸਤਦਾਨ ਤਾਂ ਅਪਣੇ ਵੋਟਰ ਨੂੰ ਲੁਭਾਉਣ ਵਾਸਤੇ ਉਹੀ ਕੁੱਝ ਕਰੇਗਾ ਜੋ ਉਸ ਦੇ ਹੱਥ ਵਿਚ ਹੈ। ਨੀਤੀ ਬਣਾਉਣ ਵਾਲੇ ਦੀ ਸੋਚ ਜਦ ਤਕ ਨਹੀਂ ਬਦਲੇਗੀ, ਆਮ ਭਾਰਤੀ ਹਰ ਰੋਜ਼ 100 ਰੁਪਏ ਦੀ ਆਮਦਨ ਤੇ ਮੁਫ਼ਤ ਆਟੇ-ਦਾਲ ਨਾਲ ਹੀ ਅਪਣਾ ਗੁਜ਼ਾਰਾ ਕਰਨ ਲਈ ਮਜਬੂਰ ਹੋਵੇਗਾ ਤੇ ਭਾਰਤ ਦੇ 1 ਤੋਂ 5 ਫ਼ੀ ਸਦੀ ਅਮੀਰ ਲੋਕਾਂ ਦੇ 'ਅੱਛੇ ਦਿਨ' ਹੋਰ ਵੀ ਭਾਗਾਂ ਭਰੇ ਬਣਦੇ ਜਾਣਗੇ।

# ਬਲਵੰਤ ਸਿੰਘ ਰਾਜੋਆਣਾ ਨੇ ਜਥੇਦਾਰ ਨੂੰ ਮੁੜ ਲਿਖਿਆ ਪੱਤਰ; ਇਕ ਦਸੰਬਰ ਤੋਂ ਭੁੱਖ ਹੜਤਾਲ ਦਾ ਕੀਤਾ ਐਲਾਨ

ਪਟਿਆਲਾ : ਕਈ ਸਾਲਾਂ ਤੋਂ ਜੇਲ ਵਿਚ ਨਜ਼ਰਬੰਦ ਬਲਵੰਤ ਸਿੰਘ ਰਾਜੋਆਣਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮੁੜ ਪੱਤਰ ਲਿਖਿਆ ਹੈ। ਇਸ ਵਿਚ ਉਨ੍ਹਾਂ ਨੇ ਇਕ ਦਸੰਬਰ ਤੋਂ ਭੁੱਖ ਹੜਤਾਲ 'ਤੇ ਬੈਠਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਰਾਜੋਆਣਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੁਆਰਾ ਉਨ੍ਹਾਂ ਦੀ ਫ਼ਾਂਸੀ ਦੀ ਸਜ਼ਾ ਦੇ ਵਿਰੁਧ 12 ਸਾਲ ਪਹਿਲਾਂ ਪਾਈ ਗਈ ਪਟੀਸ਼ਨ ਨੂੰ ਵਾਪਸ ਲੈਣ ਲਈ ਆਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਸੀ। ਇਸ ਮਗਰੋਂ ਜਥੇਦਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਸੰਸਥਾਵਾਂ ਨੂੰ ਠੋਸ ਕਦਮ ਚੁੱਕਣ ਦੇ ਆਦੇਸ਼ ਦਿਤੇ ਸਨ। ਜਥੇਦਾਰ ਨੇ ਸ਼੍ਰੋਮਣੀ ਕਮੇਟੀ ਤੋਂ 15 ਦਿਨਾਂ ਦੇ ਅੰਦਰ ਕਾਰਵਾਈ ਦੀ ਰੀਪੋਰਟ ਮੰਗੀ ਹੈ, ਜਿਸ ਮਗਰੋਂ ਰਾਜੋਆਣਾ ਨੇ ਕਿਹਾ ਕਿ ਉਹ ਭੁੱਖ ਹੜਤਾਲ ਰੱਖਣ ਦੇ ਅਪਣੇ ਫ਼ੈਸਲੇ ਨੂੰ 20 ਦਿਨਾਂ ਦੇ ਲਈ ਅੱਗੇ ਪਾ ਰਹੇ ਹਨ।

ਰਾਜੋਆਣਾ ਨੇ ਤਾਜ਼ਾ ਪੱਤਰ ਵਿਚ ਲਿਖਿਆ, "ਸਿੰਘ ਸਾਹਿਬ ਜੀ, ਸਭ ਤੋਂ ਪਹਿਲਾਂ ਮੈਂ ਸਮੁੱਚੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਉਸ ਅਕਾਲ-ਪੁਰਖ ਵਾਹਿਗੁਰੂ ਜੀ ਅੱਗੇ ਅਰਦਾਸ ਕਰਦਾ ਹਾਂ। ਸਿੰਘ ਸਾਹਿਬ ਜੀ, ਇਸ ਤੋਂ ਪਹਿਲਾਂ ਮੈਂ ਆਪ ਜੀ ਨੂੰ ਦੋ ਚਿੱਠੀਆਂ ਲਿਖ ਕੇ 12 ਸਾਲ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮੇਰੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੇ ਲਈ ਰਾਸ਼ਟਰਪਤੀ ਜੀ ਕੋਲ ਪਾਈ ਗਈ ਅਪੀਲ ਨੂੰ ਵਾਪਸ ਲੈਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਜਾਰੀ ਕਰਨ ਦੀ ਬੇਨਤੀ ਕੀਤੀ ਸੀ। 12 ਸਾਲਾਂ ਦੀਆਂ ਕੋਸ਼ਿਸ਼ਾਂ



ਤੋਂ ਬਾਅਦ ਬਹੁਤ ਹੀ ਸੋਚ ਵਿਚਾਰ ਕੇ, ਸਾਰੇ ਹਾਲਾਤਾਂ ਨੂੰ ਚੰਗੀ ਤਰ੍ਹਾਂ ਮਹਿਸੂਸ ਕਰਕੇ ਹੀ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਮੈਂ ਹਰ ਹਾਲਤ ਵਿਚ ਇਸ ਅਪੀਲ ਨੂੰ ਵਾਪਸ ਕਰਵਾਉਣਾ ਚਾਹੁੰਦਾ ਹਾਂ।

ਰਾਜੋਆਣਾ ਨੇ ਚਿੱਠੀ ਵਿਚ ਲਿਖਿਆ, "ਕੇਂਦਰ ਸਰਕਾਰ ਵਲੋਂ ਜਾਣਬੁੱਝ ਕੇ ਮੇਰੇ ਨਾਲ ਸਰੀਰਕ ਅਤੇ ਮਾਨਸਿਕ ਤਸ਼ੱਦਦ ਕਰਨ ਦੀ ਨੀਅਤ ਦੇ ਨਾਲ ਇਕ ਸਾਜ਼ਸ਼ ਅਤੇ ਏਜੰਡੇ ਦੇ ਤਹਿਤ ਮੰਦਭਾਵਨਾ ਨਾਲ ਇਸ ਅਪੀਲ 'ਤੇ 12 ਸਾਲ ਬਾਅਦ ਵੀ ਕੋਈ ਫ਼ੈਸਲਾ ਨਹੀਂ ਕੀਤਾ ਜਾ ਰਿਹਾ। ਜਿਸ ਅਪੀਲ 'ਤੇ 6 ਮਹੀਨੇ ਤੋਂ ਲੈ ਕੇ ਇਕ ਸਾਲ ਦੇ ਵਿਚ ਰੁਟੀਨ ਵਿਚ ਫੈਸਲਾ ਹੋ ਜਾਣਾ ਚਾਹੀਦਾ ਸੀ। ਨਾ ਹੀ ਇਸ ਅਪੀਲ 'ਤੇ ਅੱਗੇ ਕੋਈ ਫੈਸਲਾ ਹੋਣ ਦੀ ਸੰਭਾਵਨਾ ਹੈ। ਇਸ ਅਪੀਲ 'ਤੇ ਫੈਸਲਾ ਕਰਵਾਉਣ ਦੇ ਲਈ ਪਹਿਲਾਂ ਵੀ ਕਈ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਯੋਗ ਕਦਮ ਉਠਾਉਣ ਦੇ ਲਈ ਆਦੇਸ਼ ਜਾਰੀ ਹੋ ਚੁੱਕੇ ਹਨ ਪਰ ਹੁਣ ਤਕ ਉਨ੍ਹਾਂ ਦਾ ਕੋਈ ਵੀ ਸਾਰਥਕ ਨਤੀਜਾ ਸਾਹਮਣੇ ਨਹੀਂ ਆਇਆ।

ਰਾਜੋਆਣਾ ਨੇ ਕਿਹਾ ਕਿ, "ਭੁੱਖ ਹੜਤਾਲ ਰੱਖਣਾ ਮੇਰਾ ਮਕਸਦ ਨਹੀਂ ਹੈ। ਮੇਰਾ ਮਕਸਦ ਤਾਂ 12 ਸਾਲਾਂ ਤੋਂ ਅਪਣੇ ਫੈਸਲੇ ਦੀ ਉਡੀਕ ਕਰਦੀ ਇਸ ਅਪੀਲ ਨੂੰ ਵਾਪਸ ਕਰਵਾਉਣਾ ਹੈ। ਮੈਂ ਬੰਦੀ ਛੋੜ ਦਿਵਸ 'ਤੇ ਆਪ ਜੀ ਵਲੋਂ ਖਾਲਸਾ ਪੰਥ ਨੂੰ ਦਿਤੇ ਸੰਦੇਸ਼ ਵਿਚ ਪ੍ਰਗਟਾਈਆਂ ਗਈਆਂ ਭਾਵਨਾਵਾਂ ਦਾ ਸਨਮਾਨ ਅਤੇ ਸਤਿਕਾਰ ਕਰਦਾ ਹਾਂ। ਇਸ ਲਈ ਅਪੀਲ ਵਾਪਸ ਨਾ ਹੋਣ ਦੀ ਸੂਰਤ ਵਿਚ ਮੈਂ ਭੁੱਖ ਹੜਤਾਲ ਰੱਖਣ ਦੇ ਅਪਣੇ ਫੈਸਲੇ ਨੂੰ 20 ਦਿਨਾਂ ਦੇ ਲਈ ਅੱਗੇ ਪਾਉਂਦਾ ਹਾਂ।

ਬਲਵੰਤ ਸਿੰਘ ਰਾਜੋਆਣਾ ਨੇ ਜਥੇਦਾਰ ਨੂੰ ਕਿਹਾ, "ਸਿੰਘ ਸਾਹਿਬ ਜੀ, ਹੁਣ ਮੈਂ ਅਪਣੀਆਂ ਸੰਸਥਾਵਾਂ ਦੇ ਆਗੂਆਂ ਵਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਦੇ ਬੋਝ ਨੂੰ ਅਤੇ ਕੇਂਦਰ ਸਰਕਾਰ ਦੀ ਬੇਇਨਸਾਫ਼ੀ ਅਤੇ ਧੱਕੇਸ਼ਾਹੀ ਨੂੰ ਹੋਰ ਬਰਦਾਸ਼ਤ ਨਹੀਂ ਕਰਨਾ ਚਾਹੁੰਦਾ। ਦਸਮੇਸ਼ ਪਿਤਾ ਜੀ ਨੇ ਖਾਲਸਾ ਪੰਥ ਦੀ ਸਾਜਨਾ ਹੀ ਜ਼ੁਲਮ ਅਤੇ ਬੇਇਨਸਾਫੀਆਂ ਦੇ ਖਿਲਾਫ਼ ਕੀਤੀ ਹੈ। ਇਸ ਲਈ ਮੇਰੀ ਆਪ ਜੀ ਤੋਂ ਹੁਣ ਵੀ ਇਹੀ ਮੰਗ ਹੈ ਕਿ ਰਾਸ਼ਟਰਪਤੀ ਕੋਲ 12 ਸਾਲ ਪਹਿਲਾਂ ਪਾਈ ਗਈ ਅਪੀਲ ਨੂੰ ਵਾਪਸ ਕਰਵਾਉਣ ਦੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਜਾਰੀ ਕੀਤਾ ਜਾਵੇ ਤਾਂ ਕਿ ਦਿੱਲੀ ਦੇ ਹੁਕਮਰਾਨਾਂ ਦੇ ਇਨਸਾਫ਼ ਦੇ ਤਰਾਜੂ ਦਾ ਸੱਚ ਸਾਰੀ ਦੁਨੀਆਂ ਦੇ ਸਾਹਮਣੇ ਰੱਖਿਆ ਜਾ ਸਕੇ, ਕਿਉਂਕਿ ਜਿਹੜੇ ਹੁਕਮਰਾਨ ਕਿਸੇ ਵਿਅਕਤੀ ਨੂੰ 17 ਸਾਲ ਫਾਂਸੀ ਚੱਕੀ ਵਿਚ ਬਿਠਾ ਕੇ ਰੱਖਣ ਉਸ ਦੀ ਅਪੀਲ 'ਤੇ 12 ਸਾਲ ਤਕ ਫ਼ੈਸਲਾ ਹੀ ਨਾ ਕਰਨ, ਉਨ੍ਹਾਂ ਤੋਂ ਇਨਸਾਫ਼ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆ.ਫਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।



**209-481-7750**

**510-472-0608**

**PH. : 209-624-3919**

ਸ੍ਰ. ਹਰਮਿੰਦਰ ਸਿੰਘ ਸਮਾਣਾ
ਆ.ਫਿਸ ਮੈਨੇਜਰ



Anthony Nwosu
Attorney at Law

# ਦੀਵਾਲੀ ਮੌਕੇ ਭਾਜਪਾ ਦੇ ਸੰਗਠਨ ਮੰਤਰੀ ਸ੍ਰੀਨਿਵਾਸਲੂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਟੇਕਿਆ ਮੱਥਾ

*• ਪੰਜਾਬ ਦੀ ਖ਼ੁਸ਼ਹਾਲੀ ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਲਈ ਕੀਤੀ ਅਰਦਾਸ • ਗੁਰੂ ਸਾਹਿਬ ਵੱਲੋਂ ਕੀਤੇ ਗਏ ਪਰਉਪਕਾਰ ਸਾਡੇ ਲਈ ਪ੍ਰੇਰਨਾ ਸਰੋਤ : ਸ੍ਰੀਨਿਵਾਸਲੂ*





ਅੰਮ੍ਰਿਤਸਰ : ਦੀਵਾਲੀ ਅਤੇ ਬੰਦੀ ਛੋੜ ਦਿਵਸ ’ਤੇ ਪੰਜਾਬ ਭਾਜਪਾ ਦੇ ਸੰਗਠਨ ਮੰਤਰੀ ਮੰਥਰੀ ਸ੍ਰੀਨਿਵਾਸਲੂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੂਰੀ ਸ਼ਰਧਾ ਭਾਵਨਾ ਨਾਲ ਮੱਥਾ ਟੇਕਿਆ। ਉਨ੍ਹਾਂ ਪੰਜਾਬ ਦੀ ਖ਼ੁਸ਼ਹਾਲੀ, ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਗੁਰੂ ਸਾਹਿਬ ਦੇ ਪਾਵਨ ਚਰਨਾਂ ’ਚ ਇਕਾਗਰ ਚਿੱਤ ਲਾਉਂਦਿਆਂ ਆਪਣੀ ਰੂਹ ਨੂੰ ਗੁਰੂ ਦੀ ਬਖਸ਼ਿਸ਼ ਨਾਲ ਸਰਸ਼ਾਰ ਕੀਤਾ। ਉਨ੍ਹਾਂ ਦਰਬਾਰ ਸਾਹਿਬ ਸਮੂਹ ਵਿਖੇ ਦੀਵਾ ਜਗਾ ਕੇ ਪਾਰਟੀ ਵਰਕਰਾਂ ਅਤੇ ਸੰਗਤਾਂ ਨਾਲ ਦੀਵਾਲੀ ਮਨਾਈ। ਇਸ ਮੌਕੇ ਉਨ੍ਹਾਂ ਰੋਸ਼ਨੀ ਦੀ ਸਜਾਵਟ, ਅਲੌਕਿਕ ਦੀਪਮਾਲਾ ਅਤੇ ਆਤਿਸ਼ਬਾਜ਼ੀ ਦੇ ਨਜ਼ਾਰੇ ਦਾ ਆਨੰਦ ਮਾਣਿਆ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਥੜ੍ਹਾ ਸਾਹਿਬ ਵਿਖੇ ਵੀ ਆਪਣੀ ਹਾਜ਼ਰੀ ਲਵਾਈ ਅਤੇ ਸਿੱਖ ਇਤਿਹਾਸ ਬਾਰੇ ਡੂੰਘੀ ਜਾਣਕਾਰੀ ਹਾਸਲ ਕੀਤੀ। ਸੂਚਨਾ ਕੇਂਦਰ ਵਿਖੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਬਾਰੇ ਭਾਜਪਾ ਦੇ ਮੀਡੀਆ ਬੁਲਾਰੇ ਪ੍ਰੋ. ਸਰਚਾਂਦ ਸਿੰਘ ਨੇ ਦੱਸਿਆ ਕਿ ਭਾਜਪਾ ਦੇ ਸੰਗਠਨ ਮੰਤਰੀ ਸ੍ਰੀਨਿਵਾਸਲੂ ਨੇ ਆਪਣੀਆਂ ਮਨੋਂ ਭਾਵਨਾਵਾਂ ਨੂੰ ਜ਼ਾਹਿਰ ਕਰਦਿਆਂ ਕਿਹਾ ਅੱਜ ਉਨ੍ਹਾਂ ਦੀ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਲੀ ਮਨਾਉਣ ਦੀ ਚਿਰੋਕਣੀ ਇੱਛਾ ਪੂਰੀ ਹੋਈ ਗਈ ਹੈ। ਉਹ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਨ । ਦਿਲ ਨੂੰ ਸਕੂਨ ਦੇਣ ਤੋਂ ਇਲਾਵਾ ਇਹ ਉਨ੍ਹਾਂ ਦੀ ਜ਼ਿੰਦਗੀ ਦੇ ਯਾਦਗਾਰੀ ਪਲ ਹਨ। ਉਨ੍ਹਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬਾ ਵੱਲੋਂ ਗਵਾਲੀਅਰ ’ਚ ਮੁਗ਼ਲਾਂ ਦੀ ਕੈਦ ’ਚੋਂ ਸਿਆਸੀ ਕੈਦੀ ਰਾਜਿਆਂ ਨੂੰ ਅਜ਼ਾਦ ਕਰਾਉਣ ਦੇ ਕੀਤੇ ਗਏ ਪਰਉਪਕਾਰਾਂ ਨੂੰ ਯਾਦ ਕੀਤਾ ਅਤੇ ਕਿਹਾ ਕਿ ਅੱਜ ਦਾ ਅਹਿਮ ਦਿਹਾੜਾ ਮਾਨਵਤਾ ਦੇ ਹੱਕ ਵਿਚ ਅਵਾਜ਼ ਬੁਲੰਦ ਕਰਨ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੀ ਊਰਜਾ ਪੂਰੇ ਸੰਸਾਰ ਨੂੰ ਨਵਾਂ ਜੋਸ਼ ਅਤੇ ਉਤਸ਼ਾਹ ਪ੍ਰਦਾਨ ਕਰਦੀ ਹੈ। ਉਨ੍ਹਾਂ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ ’ਤੇ ਚਲਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਾਡੇ ਮਨਾਂ ਵਿਚ ਕਿਸੇ ਪ੍ਰਤੀ ਨਫ਼ਰਤ ਲਈ ਕੋਈ ਜਗਾ ਨਹੀਂ ਹੋਣੀ ਚਾਹੀਦੀ। ਉਨ੍ਹਾਂ ਬੰਦੀ ਛੋੜ ਦਿਵਸ ਮੌਕੇ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਨ ਅਤੇ ਮਨੁੱਖਤਾ ਦੀ ਭਲਾਈ ਲਈ ਕੁਦਰਤ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਅਪੀਲ ਕੀਤੀ।

ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ, ਗੁਰਪ੍ਰਤਾਪ ਸਿੰਘ ਟਿੱਕਾ ਅਤੇ ਅਜੈਬੀਰ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਭਾਜਪਾ ਪੰਜਾਬ ਦਾ ਭਲਾ ਚਾਹੁੰਦੀ ਹੈ। ਪੰਜਾਬ ਦੀ ਜਵਾਨੀ ਨਸ਼ਿਆਂ ਦੀ ਮਾਰ ਹੇਠ ਹੈ, ਅਮਨ ਕਾਨੂੰਨ ਦੀ ਸਥਿਤੀ ਇੰਨੀ ਭੈੜੀ ਹੋ ਚੁੱਕੀ ਹੈ ਕਿ ਹਰ ਕੋਈ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੈ। ਵਪਾਰੀ ਅਤੇ ਸਨਅਤਕਾਰ ਪੰਜਾਬ ਛੱਡ ਰਹੇ ਹਨ। ਪਰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਲੋਕਾਂ ਨੂੰ ਦਰਪੇਸ਼ ਇਨ੍ਹਾਂ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਦੀ ਬਜਾਏ ਸਿਰਫ਼ ਆਪਣੇ ਬੌਸ ਅਰਵਿੰਦ ਕੇਜਰੀਵਾਲ ਨੂੰ ਖ਼ੁਸ਼ ਕਰਨ ਲਈ ਹੀ ਪੰਜਾਬ ਦਾ ਖ਼ਜ਼ਾਨਾ ਅਤੇ ਸਰੋਤਾਂ ਨੂੰ ਲੁਟਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਅਤੇ ਪੰਜਾਬ ਦੇ ਲੋਕਾਂ ਲਾਵਾਰਸ ਨਾ ਸਮਝੇ। ਪੰਜਾਬ ਦੇ ਭਲੇ ਲਈ ਪੰਜਾਬ ਭਾਜਪਾ ਅਹਿਮ ਭੂਮਿਕਾ ਨਿਭਾਏਗੀ। ਇਸ ਮੌਕੇ ਸ੍ਰੀਨਿਵਾਸਲੂ ਨਾਲ, ਪ੍ਰੋ.ਸਰਚਾਂਦ ਸਿੰਘ, ਗੁਰਪ੍ਰਤਾਪ ਸਿੰਘ ਟਿੱਕਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਜੈਬੀਰ ਪਾਲ ਸਿੰਘ ਰੰਧਾਵਾ, ਭਾਜਪਾ ਐਸ ਸੀ ਮੋਰਚੇ ਦੇ ਜਨਰਲ ਸਕੱਤਰ ਹਰਦੀਪ ਸਿੰਘ ਗਿੱਲ, ਭਾਜਪਾ ਓਬੀਸੀ ਸੈੱਲ ਦੇ ਜਨਰਲ ਸਕੱਤਰ ਕੰਵਰ ਬੀਰ ਸਿੰਘ ਮੰਜ਼ਿਲ, ਗਗਨਦੀਪ ਸਿੰਘ ਏਆਰ ਅਤੇ ਪਲਵਿੰਦਰ ਸਿੰਘ ਸੰਧੂ ਵੀ ਮੌਜੂਦ ਸਨ।




# ਲੋਕਾਂ ਨੇ ਦੀਵੇ ਬਾਲ ਕੇ ਮਨਾਈ ਦੀਵਾਲੀ



ਮਾਨਸਾ : ਇਸ ਵਾਰ ਲੋਕਾਂ ਨੇ ਜਿੱਥੇ ਚੀਨੀ ਸਾਮਾਨ ਖਰੀਦਣ ਤੋਂ ਗੁਰੇਜ਼ ਕੀਤਾ, ਉੱਥੇ ਹਿੰਦੋਸਤਾਨੀ ਸਾਮਾਨ ਵਰਤਣ ਨੂੰ ਤਰਜੀਹ ਦਿੱਤੀ। ਸਮਾਜ ਸੇਵੀ ਸੰਸਥਾਵਾਂ ਸਮੇਤ ਅਨੇਕਾਂ ਬੁੱਧੀਜੀਵੀਆਂ, ਵਿੱਦਿਅਕ ਅਦਾਰਿਆਂ ਤੇ ਦੇਸ਼ ਪ੍ਰੇਮੀਆਂ ਵੱਲੋਂ ਚੀਨੀ ਸਾਮਾਨ ਤੇ ਖਾਸ ਕਰਕੇ ਬਜਿਲਈ ਲੜੀਆਂ ਅਤੇ ਪਟਾਕਿਆਂ ਦਾ ਨਾ ਪ੍ਰਯੋਗ ਕੀਤੇ ਜਾਣ ਦਾ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਦਿੱਤੇ ਗਏ ਸੱਦੇ ਨੂੰ ਵੱਡੀ ਗਿਣਤੀ 'ਚ ਕਬੂਲਦਿਆਂ ਲੋਕਾਂ ਨੇ ਆਪਣੇ ਦੇਸ਼ ਪ੍ਰਤੀ ਪ੍ਰੇਮ ਭਾਵਨਾ ਦਾ ਸਬੂਤ ਦਿੱਤਾ। ਸੱਭਿਆਚਾਰ ਅਤੇ ਸਮਾਜ ਸੇਵਾ ਮੰਚ ਦੇ ਆਗੂ ਰਾਕੇਸ਼ ਗਰਗ ਅਤੇ ਸੰਜੀਵ ਜਿੰਦਲ ਨੇ ਕਿਹਾ ਕਿ ਇਸ ਤੋਂ ਬਿਨਾਂ ਪਹਿਲਾਂ ਲੰਘੇ ਦੀਵਾਲੀ ਦੇ ਤਿਉਹਾਰਾਂ ਦੇ ਮੁਕਾਬਲੇ ਇਸ ਵਾਰ ਪਟਾਕੇ ਘੱਟ ਚਲਾਏ ਜਾਣ 'ਤੇ ਬਜਿਲਈ ਲੜੀਆਂ ਦੀ ਥਾਂ ਤੇਲ ਤੇ ਘਿਓ ਦੇ ਦੀਵੇ ਬਾਲੇ ਜਾਣ ਕਾਰਨ ਵਾਤਾਵਰਨ ਵਧੇਰੇ ਦੂਸ਼ਿਤ ਹੋਣ ਤੋਂ ਬਚਾਅ ਰਿਹਾ।

# ਸੁਖਬੀਰ ਬਾਦਲ ਵੱਲੋਂ 'ਪੰਜਾਬ ਦੀ ਸ਼ਾਨ ਸਾਡੇ ਨੌਜਵਾਨ' ਮੁਹਿੰਮ ਦੀ ਸ਼ੁਰੂਆਤ




ਮੰਡੀ ਅਹਿਮਦਗੜ੍ਹ : ਬੀਤੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਿਲੀ ਹਾਰ ਦੇ ਕਾਰਨਾਂ ਦੀ ਘੋਖ ਕਰਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਮੁੜ ਸਿਆਸੀ ਪਕੜ ਮਜ਼ਬੂਤ ਬਣਾਉਣ ਲਈ ਨੌਜਵਾਨ ਵਰਗ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ ਹੈ। ਜ਼ਿਲ੍ਹਾ ਲੁਧਿਆਣਾ ਅਧੀਨ ਪੈਂਦੇ ਪਿੰਡ ਸਰੀਂਹ ਵਿੱਚ ਪਾਰਟੀ ਦੇ ਯੂਥ ਵਿੰਗ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਲੁਧਿਆਣਾ ਹਰਪ੍ਰੀਤ ਸਿੰਘ ਸ਼ਿਵਾਲਿਕ ਦੀ ਰਹਿਨੁਮਾਈ ਹੇਠ 'ਪੰਜਾਬ ਦੀ ਸ਼ਾਨ ਸਾਡੇ ਨੌਜਵਾਨ' ਮੁਹਿੰਮ ਦੇ ਉਦਘਾਟਨ ਵੇਲੇ ਅੱਜ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦੇਖਣ ਤੋਂ ਬਾਅਦ ਸਰਹੱਦੀ ਸੂਬੇ ਦੇ ਨੌਜਵਾਨਾਂ ਸਮੇਤ ਆਮ ਲੋਕਾਂ ਦਾ ਕੋਰੇ ਵਾਅਦੇ ਕਰਨ ਵਾਲੀ ਪਾਰਟੀ ਤੋਂ ਮੋਹ ਭੰਗ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਮਿਲੇ ਸੁਝਾਅ ਤੋਂ ਬਾਅਦ ਵੱਧ ਤੋਂ ਵੱਧ ਨੌਜਵਾਨਾਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਕੇ ਲੋਕਾਂ ਦੀ ਪਸੰਦ ਵਾਲੇ ਯੂਥ ਆਗੂਆਂ ਨੂੰ ਪਾਰਟੀ ਵਿੱਚ ਅਹਿਮ ਅਹੁਦੇ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਕਰਨ ਤੋਂ ਪਹਿਲਾਂ ਚਾਹਵਾਨ ਉਮੀਦਵਾਰਾਂ ਨੂੰ ਘੱਟੋ ਘੱਟ ਦੋ ਹਜ਼ਾਰ ਮੈਂਬਰ ਭਰਤੀ ਕਰਨੇ ਪੈਣਗੇ ਅਤੇ ਡੈਲੀਗੇਟ ਬਣਨ ਲਈ ਢਾਈ ਸੌ ਮੈਂਬਰ ਬਣਾਉਣਾ ਜ਼ਰੂਰੀ ਕੀਤਾ ਗਿਆ ਹੈ। ਮੈਂਬਰਾਂ ਦੀ ਆਨਲਾਈਨ ਭਰਤੀ ਸ਼ੁਰੂ ਕਰ ਦਿੱਤੀ ਗਈ ਹੈ। ਸ੍ਰੀ ਬਾਦਲ ਨੇ ਕੇਂਦਰ ਅਤੇ ਸੂਬੇ ਵਿੱਚ ਹੁਣ ਤੱਕ ਕਾਬਜ਼ ਰਹੀਆਂ ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਨੂੰ ਹੁਣ ਤੱਕ ਕੀਤੇ ਗਏ ਵੱਡੇ ਘਪਲਿਆਂ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਵਿੱਚ ਕਾਬਜ਼ ਆਮ ਆਦਮੀ ਪਾਰਟੀ ਨੇ ਵੀ ਧੋਖੇ ਨਾਲ ਬਦਲਾਅ ਦੇ ਨਾਂ 'ਤੇ ਵੋਟਾਂ ਲੈ ਕੇ ਆਪਣੀ ਸਿਆਸੀ ਗਿਰਾਵਟ ਵਾਲਾ ਰੂਪ ਦਿਖਾ ਦਿੱਤਾ ਹੈ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਲੱਦਾਖ ਦੇ ਵਿਦਿਆਰਥੀਆਂ ਨਾਲ ਕੀਤੀ ਮੁਲਾਕਾਤ



# ਬੁੱਢਾ ਦਲ ਵੱਲੋਂ ਧਰਮ ਪ੍ਰਚਾਰ ਦੇਸ਼ ਵਿਦੇਸ਼ ਵਿੱਚ ਜ਼ੋਰਦਾਰ ਤਰੀਕੇ ਨਾਲ ਪ੍ਰਚੰਡ ਕੀਤੀ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਬਠਿੰਡਾ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਵੱਲੋਂ ਦੇਸ਼ ਵਿਦੇਸ਼ ਵਿੱਚ ਧਰਮ ਪ੍ਰਚਾਰ ਦੀ ਲਹਿਰ ਨੂੰ ਜ਼ੋਰਦਾਰ ਤਰੀਕੇ ਨਾਲ ਪਰਚੰਡ ਕਰ ਦਿੱਤਾ ਗਿਆ ਹੈ। ਲਗਾਤਾਰ ਜਿੱਥੇ ਅਮਰੀਕਾ-ਕਨੇਡਾ ਵਿੱਚ ਗੁਰਦੁਆਰਾ ਛਾਉਣੀਆਂ ਸਥਾਪਤ ਕੀਤੀਆਂ ਗਈਆਂ ਹਨ ਉਥੇ ਪੰਜਾਬ, ਹਰਿਆਣਾ, ਮੱਧਪ੍ਰਦੇਸ਼ ਅਤੇ ਦਿਲੀ ਵਿੱਚ ਵੀ ਬੁੱਢਾ ਦਲ ਵੱਲੋਂ ਗੁਰਮਤਿ ਪ੍ਰਚਾਰ ਸਮਾਗਮਾਂ ਰਾਹੀਂ ਸ਼ਬਦ ਗੁਰੂ ਪ੍ਰਚਾਰ ਦਾ ਹੋਕਾ ਘਰ ਘਰ ਦਿੱਤਾ ਜਾ ਰਿਹਾ ਹੈ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਦਸਿਆ ਕਿ ਤਹਿਸੀਲ ਸਰਦੂਲਗੜ੍ਹ ਦੇ ਪਿੰਡ ਝੰਡੇਕਲਾਂ ਗੁਰਦੁਆਰਾ ਪਾਤਸ਼ਾਹੀ ਦਸਵੀਂ ਵਿਖੇ ਵੱਡੇ ਪੱਧਰ ਤੇ ਕਾਰ ਸੇਵਾਵਾਂ ਬਾਬਾ ਬਚਨ ਸਿੰਘ ਕਾਰਸੇਵਕ ਦਿਲੀ ਵਾਲਿਆਂ ਵੱਲੋਂ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਨਜ਼ਰਸਾਨੀ ਹੇਠ ਕਰਵਾਈਆਂ ਜਾ ਰਹੀਆਂ ਹਨ। ਬਾਬਾ ਬਲਬੀਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਦਰਬਾਰ ਸਾਹਿਬ, ਦੀਵਾਨ ਹਾਲ, ਸਰੋਵਰ, ਲੰਗਰ ਹਾਲ ਅਤੇ ਸਰਾਂ ਦੀਆਂ ਸੇਵਾਵਾਂ ਚੱਲ ਰਹੀਆਂ ਹਨ, ਏਸੇ ਤਰ੍ਹਾਂ ਗੁਰਦੁਆਰਾ ਬਾਬਾ ਫੇਰੂਮਲ ਸਾਹਿਬ ਪਿੰਡ ਨੰਗਲ ਵਿਖੇ ਵੀ ਸੇਵਾ ਚੱਲ ਰਹੀ ਹੈ, ਉਨ੍ਹਾਂ



ਕਿਹਾ ਕਿ ਅਮਰੀਕਾ ਵਿੱਚ ਵੀ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਜੀ ਜੋ ਬੁੱਢਾ ਦਲ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਛੇਵੇਂ ਜਥੇਦਾਰ ਸਨ ਦੇ ਨਾਮਪੁਰ ਗੁਰਦੁਆਰਾ ਸਾਹਿਬ ਛਾਉਣੀ ਬਨਾਈ ਗਈ ਹੈ ਜਿਥੇ ਸੰਗਤਾਂ ਵੱਡੀ ਪੱਧਰ ਤੇ ਹਾਜ਼ਰੀਆਂ ਭਰ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਹੁਣ ਮੱਧਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬੁੱਢਾ ਦਲ ਵੱਲੋਂ ਕੀਰਤਨ ਦਰਬਾਰ ਅਤੇ ਫਤਿਹ ਮਾਰਚ ਕੀਤੇ ਜਾ ਰਹੇ ਹਨ। 17 ਨਵੰਬਰ ਤੋਂ ਲੈ ਕੇ 24 ਨਵੰਬਰ ਤੀਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨੰਦੇੜ, ਨਾਗਪੁਰ, ਹੈਦਰਾਬਾਦ, ਸਿੰਕਦਰਾਬਾਦ, ਗੁ: ਨਾਨਕਝੀਰਾ ਸਾਹਿਬ ਬਿਦਰ ਵਿਖੇ ਗੁਰਮਤਿ ਸਮਾਗਮ ਅਯੋਜਤ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਬੁੱਢਾ ਦਲ ਦੇ ਮੁਖੀ ਰਹੇ ਮਹਾਨ ਸਿੱਖ ਜਰਨੈਲਾਂ ਦਾ ਸਿੱਖ ਇਤਿਹਾਸ ਵਿੱਚ ਉਨ੍ਹਾਂ ਦਾ ਸਥਾਨ ਅਤੇ ਕੌਮ ਪ੍ਰਤੀ ਕੀਤੀਆਂ ਕੁਰਬਾਨੀਆਂ ਦਾ ਵਿਸਥਾਰ ਵੀ ਸੰਗਤਾਂ ਨਾਲ ਸਾਂਝਾ ਕੀਤਾ। ਇਸ ਮੌਕੇ ਬਾਬਾ ਮੇਜਰ ਸਿੰਘ ਮੁਖਤਿਆਰੇਆਮ ਬੁੱਢਾ ਦਲ, ਭਾਈ ਸੁਖਜੀਤ ਸਿੰਘ ਕਨੱਈਆ ਕਥਾਵਾਚਕ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਮਨਮੋਹਣ ਸਿੰਘ ਬਾਰਨਵਾਲੇ, ਬਾਬਾ ਸਰਵਣ ਸਿੰਘ ਮਝੈਲ ਲੱਖੀ ਜੰਗਲ ਤੇ ਬੇਅੰਤ ਨਿਹੰਗ ਸਿੰਘ ਫੌਜਾਂ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਸਮੇਤ ਪ੍ਰਮੁੱਖ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਦਾ ਸਨਮਾਨ

ਅੰਮ੍ਰਿਤਸਰ : ਬੰਦੀ ਛੋੜ ਦਿਵਸ ਦਿਵਾਲੀ ਮੌਕੇ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜਾਏ ਸੰਖੇਪ ਸਮਾਗਮ ਦੌਰਾਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਸਮੇਤ ਗੁਰੂ ਸਾਹਿਬਾਨ ਵਲੋਂ ਸਾਜੇ ਨਿਵਾਜੇ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਤੇ ਪ੍ਰਤੀਨਿਧੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਨਿਹੰਗ ਬਾਬਾ ਹਰਜੀਤ ਸਿੰਘ ਬਟਾਲੇ ਵਾਲਿਆਂ ਦੇ ਰਾਗੀ ਜਥੇ ਨੇ ਦਸਮ ਬਾਣੀ ਦਾ ਮਨੋਹਰ ਕੀਰਤਨ ਕੀਤਾ। ਪੁਰਾਤਨ ਬੰਦੀ ਛੋੜ ਦਿਵਸ ਦੀ ਪਰੰਪਰਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਰਹਿਰਾਸ ਦਾ ਪਾਠ ਗਿਆਨੀ ਗੁਰਬਖਸ਼ੀਸ਼ ਸਿੰਘ ਨੇ ਕੀਤਾ ਅਤੇ ਇਤਿਹਾਸਕ ਪੁਰਾਤਨ ਸ਼ਸਤਰਾਂ ਦੇ ਦਰਸ਼ਨ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਹੈਡ ਗ੍ਰੰਥੀ ਨੇ ਕਰਾਏ। ਉਪਰੰਤ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਨੇ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼ੋ ?ਰਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੂੰ ਸਨਮਾਨਿਤ ਕੀਤਾ ਉਪਰੰਤ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਤਰਨਾ ਦਲ ਬਾਬਾ ਬਿਧੀ ਚੰਦ ਸੁਰਸਿੰਘ, ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਤੇ ਬਾਬਾ ਨਾਗਰ ਸਿੰਘ, ਬਾਬਾ ਜੋਗਾ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ, ਦਸ਼ਮੇਸ਼ ਤਰਨਾਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਢੀ ਨੂੰ ਸਿਰਪਾਉ ਦੋਸ਼ਾਲੇ ਭੇਟ ਕਰਕੇ ਸਨਮਾਨਿਤ ਕਰਨ ਉਪਰੰਤ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਬਾਬਾ ਮਾਨ ਸਿੰਘ ਗੁਰੂ ਨਾਨਕ ਦਲ ਮੜ੍ਹੀਆਂ ਵਾਲਾ (ਬਟਾਲਾ), ਬਾਬਾ ਬਲਵਿੰਦਰ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਤਰਲੋਕ ਸਿੰਘ ਰਘਬੀਰ ਸਿੰਘ ਤਰਨਾ ਦਲ ਖਿਆਲਾ ਕਲਾਂ, ਬਾਬਾ ਗੁਰਰਾਜਪਾਲ ਸਿੰਘ ਡੇਰਾ ਛਾਉਣੀ ਨਿਹੰਗ



ਸਿੰਘਾਂ, ਬਾਬਾ ਛਿੰਦਾ ਸਿੰਘ ਤਰਨਾ ਦਲ ਭਿਖੀਵਿੰਡੀਏ, ਬਾਬਾ ਹਰਦੀਪ ਸਿੰਘ ਡੇਰਾ ਬਾਬਾ ਮਹਾਰਾਜ ਸਿੰਘ, ਬਾਬਾ ਦਰਸਨ ਸਿੰਘ ਤਰਨਾ ਦਲ ਗੁ: ਟਾਹਲਾ ਸਾਹਿਬ, ਬਾਬਾ ਬਲਦੇਵ ਸਿੰਘ ਤਰਨਾ ਦਲ ਸ਼ਹੀਦ ਬਾਬਾ ਜੀਵਨ ਸਿੰਘ ਮਹਿਤਾ ਰੋਡ (ਵੱਲਾ), ਬਾਬਾ ਪ੍ਰਗਟ ਸਿੰਘ ਪੰਥ ਅਕਾਲੀ ਤਰਨਾ ਦਲ, ਮਜੀਠਾ ਰੋਡ, ਬਾਬਾ ਲਾਲ ਸਿੰਘ ਮਾਲਵਾ ਤਰਨਾ ਦਲ, ਬਾਬਾ ਰਘਬੀਰ ਸਿੰਘ ਤਰਨਾ ਦਲ ਖਿਆਲਾ ਕਲਾਂ, ਬਾਬਾ ਪ੍ਰਤਾਪ ਸਿੰਘ ਸ਼ਹੀਦ ਭਾਈ ਮਨੀ ਸਿੰਘ ਦਲ, ਬਾਬਾ ਤਰਸੇਮ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਸਤਨਾਮ ਸਿੰਘ ਤਰਨਾ ਦਲ ਬਾਬਾ ਸ਼ਾਮ ਸਿੰਘ ਅਟਾਰੀ ਚੌਂਤਾ, ਬਾਬਾ ਚੜ੍ਹਤ ਸਿੰਘ ਤਰਨਾ ਦਲ ਮਾਲਵਾ ਖੇੜੀ, ਬਾਬਾ ਬਲਦੇਵ ਸਿੰਘ ਦਲ ਮਿਸਲ ਬਾਬਾ ਬਚਿੱਤਰ ਸਿੰਘ, ਬਾਬਾ ਇੰਦਰ ਸਿੰਘ ਘੋੜਿਆਂ ਵਾਲੇ ਜਥੇਦਾਰ ਬੁੱਢਾ ਦਲ, ਬਾਬਾ ਦਰਸ਼ਨ ਸਿੰਘ ਖਜਾਨਾ ਗੇਟ, ਬਾਬਾ ਗੁਰਦੀਪ ਸਿੰਘ ਤਰਨਾ ਦਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਦਰਸ਼ਨ ਸਿੰਘ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ, ਬਾਬਾ ਮਹਿੰਦਰ ਸਿੰਘ ਤਰਨਾ ਦਲ, ਬਾਬਾ ਜਵੰਦ ਸਿੰਘ, ਬਾਬਾ ਛਤਰਪਾਲ ਸਿੰਘ ਠੱਟਾ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ਼, ਬਾਬਾ ਜੋਗਾ ਸਿੰਘ ਦਲ ਬਾਬਾ ਨੌਧ ਸਿੰਘ ਸ਼ਹੀਦ ਚੱਬਾ, ਬਾਬਾ ਤਾਰਾ ਸਿੰਘ ਤਰਨਾ ਦਲ, ਬਾਬਾ ਬੀਰ ਸਿੰਘ ਰੱਤੋਕੇ, ਬਾਬਾ ਪਰਗਟ ਸਿੰਘ ਤਰਨਾ ਦਲ, ਬਾਬਾ ਬੀਰ ਸਿੰਘ ਪੱਟੀ, ਬਾਬਾ ਨਿਰਮਲ ਸਿੰਘ ਦਲ ਝਾੜ ਸਾਹਿਬ, ਦਲ ਬਾਬਾ ਥਾਨ ਸਿੰਘ , ਬਾਬਾ ਗੁਰਦੇਵ ਸਿੰਘ ਬਜਵਾੜਾ, ਬਾਬਾ ਗੁਰਮੇਜ ਸਿੰਘ ਬਾਲੇਵਾਲ, ਬਾਬਾ ਬਲਦੇਵ ਸਿੰਘ ਮਿਸਲ ਬਾਬਾ ਨਿਬਾਹੂ ਸਿੰਘ ਮੁਸਤਰਾਪੁਰ (ਗੁਰਦਾਸਪੁਰ), ਬਾਬਾ ਦਲਬੀਰ ਸਿੰਘ ਮੁੱਖੀ ਬਾਬਾ ਜੀਵਨ ਸਿੰਘ ਤਰਨਾ ਦਲ ਸ੍ਰੀ ਅਨੰਦਪੁਰ ਸਾਹਿਬ, ਆਦਿ ਜਥੇਬੰਦੀਆਂ ਦੇ ਮੁਖੀਆਂ ਨੂੰ ਸਿਰਪਾਉ ਨਾਲ ਸਨਮਾਨਿਤ ਕੀਤਾ। ਸਨਮਾਨ ਉਪਰੰਤ ਬਾਬਾ ਬਲਬੀਰ ਸਿੰਘ ਅਤੇ ਬਾਕੀ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਾਹਿਬਾਨਾਂ ਨੇ ਸਵੱਈਆਂ ਦਾ ਪਾਠ ਕੀਤਾ। ਇਸ ਸਮੇਂ ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਗੁਰਪਿੰਦਰ ਸਿੰਘ ਵਡਾਲਾ, ਇੰਦਰਬੀਰ ਸਿੰਘ ਸਤਲਾਣੀ ਸਾਹਿਬ ਵਾਲੇ, ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਬਘੇਲ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਹੀਰਾ ਸਿੰਘ ਝੂਲਣੇ ਮਹਿਲ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਰਣਜੋਧ ਸਿੰਘ, ਬਾਬਾ ਕਰਮ ਸਿੰਘ, ਬਾਬਾ ਬੂਟਾ ਸਿੰਘ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਢੂੰਡਾ ਸਿੰਘ ਮਿਸਲ ਭਾਈ ਬਚਿੱਤਰ ਸਿੰਘ, ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਹਰਦੀਪ ਸਿੰਘ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਭਗਤ ਸਿੰਘ ਬਹਾਦਰਗੜ੍ਹ ਆਦਿ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਗਿ. ਪਿੰਦਰਪਾਲ ਸਿੰਘ ਦਾ ਸਨਮਾਨ




ਅੰਮ੍ਰਿਤਸਰ : ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਪਿਛਲੇ ਦਿਨਾਂ ਤੋਂ ਨਿਰੰਤਰ ਕਥਾ ਕਰ ਰਹੇ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਨੂੰ ਅੱਜ ਕਥਾ ਸਮਾਪਤੀ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਉਹ 29 ਅਕਤੂਬਰ ਤੋਂ ਲਗਾਤਾਰ ਕਥਾ ਕਰਨ ਦੀ ਸੇਵਾ ਨਿਭਾਅ ਰਹੇ ਸਨ। ਅੱਜ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਭਾਈ ਪਿੰਦਰਪਾਲ ਸਿੰਘ ਵੱਲੋਂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਨੂੰ ਇਸੇ ਤਰ੍ਹਾਂ ਹਰ ਸਾਲ ਕਥਾ ਸੇਵਾਵਾਂ ਨਿਭਾਉਣ ਦਾ ਸੱਦਾ ਵੀ ਦਿੱਤਾ। ਇਸ ਮੌਕੇ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਉਹ ਸਿੱਖ ਕੌਮ ਦੇ ਪ੍ਰਬੁੱਧ ਕਥਾਵਾਚਕ ਹਨ, ਜੋ ਧਰਮ ਪ੍ਰਚਾਰ ਦੇ ਖੇਤਰ ਵਿਚ ਅਹਿਮ ਸੇਵਾਵਾਂ ਨਿਭਾ ਰਹੇ ਹਨ। ਇਸੇ ਦੌਰਾਨ ਭਾਈ ਪਿੰਦਰਪਾਲ ਸਿੰਘ ਨੂੰ ਵੱਖ-ਵੱਖ ਸਭਾ-ਸੁਸਾਇਟੀਆਂ ਅਤੇ ਸੰਗਤਾਂ ਵੱਲੋਂ ਵੀ ਸਨਮਾਨਿਤ ਕੀਤਾ ਗਿਆ।

# ਸਿੱਖ ਕਤਲੇਆਮ ਪੀੜਤਾਂ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੁਲਾਕਾਤ



ਅੰਮ੍ਰਿਤਸਰ : ਨਵੰਬਰ 1984 ਸਿੱਖ ਕਤਲੇਆਮ ਪੀੜਤ ਵੈੱਲਫੇਅਰ ਸੁਸਾਇਟੀ ਦੇ ਵਫ਼ਦ ਨੇ ਅੱਜ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰ ਕੇ ਅਪੀਲ ਕੀਤੀ ਹੈ ਕਿ ਸਰਕਾਰ 'ਤੇ ਦਬਾਅ ਪਾ ਕੇ ਸਿੱਖ ਕਤਲੇਆਮ ਪੀੜਤਾਂ ਦੀਆਂ ਮੰਗਾਂ ਮਨਵਾਈਆਂ ਜਾਣ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵਿਧਾਨ ਸਭਾ ਵਿੱਚ ਇਸ ਸਬੰਧੀ ਮਤਾ ਲਿਆ ਕੇ ਦੋਸ਼ੀਆਂ ਨੂੰ ਸਜ਼ਾ ਦੇਣ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕਰੇ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲਣ ਵਾਲੇ ਆਗੂਆਂ ਵਿੱਚ ਜਥੇਬੰਦੀ ਦੇ ਮੁਖੀ ਸੁਰਜੀਤ ਸਿੰਘ, ਬੀਬੀ ਗੁਰਦੀਪ ਕੌਰ, ਇੰਦਰਪਾਲ ਸਿੰਘ, ਬਲਜੀਤ ਸਿੰਘ ਤੇ ਹੋਰ ਸ਼ਾਮਲ ਸਨ। ਇਸ ਸਬੰਧੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ। ਜਥੇਬੰਦੀ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਦੱਸਿਆ ਕਿ ਸਿੱਖ ਕਤਲੇਆਮ ਨੂੰ ਵਾਪਰਿਆਂ 39 ਸਾਲ ਹੋ ਚੁੱਕੇ ਹਨ ਪਰ ਅਜੇ ਵੀ ਸਾਰੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ। ਕੇਂਦਰ ਸਰਕਾਰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਅਸਫਲ ਰਹੀ ਹੈ ਅਤੇ ਸਰਕਾਰਾਂ ਵੱਲੋਂ ਪੀੜਤਾਂ ਦਾ ਮੁੜ ਵਸੇਬਾ ਨਹੀਂ ਕਰਵਾਇਆ ਗਿਆ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਵਿਧਾਨ ਸਭਾ ਵਿੱਚ ਇਸ ਸਬੰਧੀ ਮਤਾ ਲਿਆ ਕਿ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਮੰਗ ਕੀਤੀ ਜਾਵੇ, ਵਿਧਾਨ ਸਭਾ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਕਤਲੇਆਮ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇ, ਲੁਧਿਆਣਾ ਵਿੱਚ ਰੱਦ ਕੀਤੇ 135 ਲਾਲ ਸ਼ਨਾਖ਼ਤੀ ਕਾਰਡ ਸਰਕਾਰ ਵੱਲੋਂ ਮੁੜ ਬਹਾਲ ਕੀਤੇ ਜਾਣ। ਅਦਾਲਤ ਦੇ ਆਦੇਸ਼ਾਂ ਮੁਤਾਬਕ ਪੰਜਾਬ ਸਰਕਾਰ ਪੀੜਤਾਂ ਵਾਸਤੇ ਮਕਾਨ ਅਤੇ ਬੂਥਾਂ ਦੀ ਅਲਾਟਮੈਂਟ ਕਰੇ, ਵਿਧਵਾਵਾਂ ਦੀ ਪੈਨਸ਼ਨ 10,000 ਪ੍ਰਤੀ ਮਹੀਨਾ ਕੀਤੀ ਜਾਵੇ, ਸਾਰੀ ਨੌਕਰੀਆਂ ਵਿੱਚ ਪੰਜ ਫ਼ੀਸਦੀ ਰਾਖਵਾਂਕਰਨ ਲਾਜ਼ਮੀ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਬਣਨ ਤੋਂ ਬਾਅਦ ਪੀੜਤਾਂ ਦੇ ਕੋਈ ਕੰਮ ਨਹੀਂ ਹੋ ਰਹੇ ਅਤੇ ਨਾ ਹੀ ਮੁੱਖ ਮੰਤਰੀ ਮੁਲਾਕਾਤ ਲਈ ਸਮਾਂ ਦੇ ਰਹੇ ਹਨ। ਉਨ੍ਹਾਂ ਨੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਨੂੰ ਚਿੱਠੀ ਭੇਜ ਕੇ ਪੀੜਤਾਂ ਦੇ ਮਾਮਲੇ ਹੱਲ ਕਰਵਾਉਣ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੀ ਪੀੜਤਾਂ ਦੀ ਸਹਾਇਤਾ ਰਾਸ਼ੀ ਜਾਰੀ ਰੱਖੇ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਦੰਗਾ ਪੀੜਤਾਂ ਦੇ ਮਾਮਲੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਹੈ।

# ਦਰਬਾਰ ਸਾਹਿਬ ਨੇੜੇ ਬੰਦੀ ਸਿੰਘਾਂ ਦੀ ਰਿਹਾਈ ਲਈ ਪ੍ਰਦਰਸ਼ਨ




ਅੰਮ੍ਰਿਤਸਰ : ਦਲ ਖ਼ਾਲਸਾ ਦੇ ਯੂਥ ਵਿੰਗ ਸਿੱਖ ਯੂਥ ਆਫ ਪੰਜਾਬ ਦੇ ਕਾਰਕੁਨਾਂ ਨੇ ਬੰਦੀ ਛੋੜ ਦਿਵਸ ਦੇ ਸਬੰਧ 'ਚ ਦਰਬਾਰ ਸਾਹਿਬ ਵਿੱਚ ਬੰਦੀ ਸਿੰਘਾਂ ਦੀ ਤੰਦਰੁਸਤੀ ਤੇ ਰਿਹਾਈ ਲਈ ਅਰਦਾਸ ਕੀਤੀ ਅਤੇ ਬਾਅਦ ਵਿੱਚ ਉਨ੍ਹਾਂ ਦੀ ਰਿਹਾਈ ਦੇ ਹੱਕ ਵਿਚ ਪ੍ਰਦਰਸ਼ਨ ਕੀਤਾ। ਜਥੇਬੰਦੀ ਦੇ ਕਾਰਕੁਨਾਂ ਨੇ ਦਰਬਾਰ ਸਾਹਿਬ ਦੇ ਮੁੱਖ ਦੁਆਰ ਘੰਟਾਘਰ ਪਲਾਜ਼ਾ ਨੇੜੇ ਬੰਦੀ ਸਿੰਘਾਂ ਨਾਲ ਸਬੰਧਤ ਬੈਨਰ ਤੇ ਤਖ਼ਤੀਆਂ ਫੜੀਆਂ ਹੋਈਆਂ ਸਨ। ਇਸ ਦੌਰਾਨ ਨੌਜਵਾਨਾਂ ਨੇ ਇਨ੍ਹਾਂ ਨਜ਼ਰਬੰਦੀਆਂ ਖ਼ਿਲਾਫ਼ ਕਾਨੂੰਨੀ ਅਤੇ ਰਾਜਨੀਤਕ ਤਰੀਕਿਆਂ ਨਾਲ ਕੌਮੀ ਲੜਾਈ ਜਾਰੀ ਰੱਖਣ ਦਾ ਅਹਿਦ ਲਿਆ। ਉਨ੍ਹਾਂ ਕਿਹਾ ਕਿ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਈ ਹਰ ਕੈਦੀ ਦਾ ਮੌਲਿਕ ਤੇ ਮਨੁੱਖੀ ਅਧਿਕਾਰ ਹੈ। ਭਾਰਤ ਸਰਕਾਰ ਇਨ੍ਹਾਂ ਨੂੰ ਰਿਹਾਅ ਨਾ ਕਰ ਕੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ। ਜਥੇਬੰਦੀ ਦੇ ਪ੍ਰਧਾਨ ਗੁਰਨਾਮ ਸਿੰਘ ਮੂਨਕਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ, ਦਲ ਖ਼ਾਲਸਾ, ਮਾਨ ਦਲ ਸਣੇ ਪੰਥਕ ਜਥੇਬੰਦੀਆਂ ਇਨ੍ਹਾਂ ਕੈਦੀਆਂ ਦੀ ਰਿਹਾਈ ਲਈ ਯਤਨਸ਼ੀਲ ਹਨ ਪਰ ਕੇਂਦਰ ਸਰਕਾਰ ਵਾਅਦੇ ਕਰ ਕੇ ਮੁੱਕਰ ਗਈ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਵਿਚ ਕੇਂਦਰ ਦੀ ਭਾਜਪਾ ਸਰਕਾਰ ਨੂੰ ਅਲਟੀਮੇਟਮ ਦੇਣ ਅਤੇ ਸੰਘਰਸ਼ ਦਾ ਵਿੱਢਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰਾਂ ਬਿਨਾਂ ਲੜਿਆਂ ਇਨ੍ਹਾਂ ਕੈਦੀਆਂ ਨੂੰ ਇਨਸਾਫ਼ ਨਹੀਂ ਦੇਣਗੀਆਂ। ਜਥੇਬੰਦੀ ਦੇ ਮੀਤ ਪ੍ਰਧਾਨ ਮਾਨ ਸਿੰਘ ਨੇ ਕਿਹਾ ਕਿ ਸਰਕਾਰਾਂ ਨੇ ਸਾਰੇ ਨਿਯਮ ਅਤੇ ਅਸੂਲ ਨੂੰ ਛਿੱਕੇ ਟੰਗ ਕੇ ਇਨ੍ਹਾਂ ਨਜ਼ਰਬੰਦਾਂ ਦੀ ਰਿਹਾਈ ਨੂੰ ਰੋਕਿਆ ਹੋਇਆ ਹੈ।

# ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਦੇ ਨਾਲ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਪ੍ਰਬੰਧ ਹੋਰ ਸੁਚਾਰੂ ਢੰਗ ਨਾਲ ਚਲਾਏ ਜਾਣ : ਐਡਵੋਕੇਟ ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤੀਜੀ ਵਾਰ ਪ੍ਰਧਾਨ ਬਣਨ ਮਗਰੋਂ ਸ਼੍ਰੋਮਣੀ ਕਮੇਟੀ ਦਫ਼ਤਰ ਪੁੱਜੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਧਿਕਾਰੀਆਂ ਨਾਲ ਇਕੱਤਰਤਾ ਕਰ ਕੇ ਪ੍ਰਬੰਧਾਂ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ ਨਿਰਦੇਸ਼ ਜਾਰੀ ਕੀਤੇ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਕੌਮ ਦੀ ਇਹ ਮਾਣਮੱਤੀ ਸੰਸਥਾ ਵੱਡੀਆਂ ਕੁਰਬਾਨੀਆਂ ਨਾਲ ਹੋਂਦ ਵਿਚ ਆਈ ਹੈ। ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਦੇ ਨਾਲ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸ਼੍ਰੋਮਣੀ ਕਮੇਟੀ ਨੇ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਇਸ ਸੰਸਥਾ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ, ਜਿਸ ਪ੍ਰਤੀ ਸੁਚੇਤ ਹੋਣ ਦੀ ਵੱਡੀ ਲੋੜ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅਧਿਕਾਰੀਆਂ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਡਿਊਟੀ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸੰਸਥਾ ਦੀਆਂ ਪ੍ਰਾਪਤੀਆਂ ਨੂੰ ਸੰਗਤ ਤੱਕ ਪਹੁੰਚਾਉਣ ਲਈ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਸ ਦੌਰਾਨ ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਦਾ ਭਰੋਸਾ ਪ੍ਰਗਟ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਸਾਰੀਆਂ ਪੰਥਕ ਧਿਰਾਂ ਦੇ ਸਹਿਯੋਗ ਨਾਲ ਪੰਥਕ ਕਾਰਜ ਕੀਤੇ ਜਾਣਗੇ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਫਤਰ ਪਹੁੰਚਣ 'ਤੇ ਐਡਵੋਕੇਟ ਧਾਮੀ ਨੂੰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਇਸ ਮੌਕੇ ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਗੁਰਮੀਤ ਸਿੰਘ ਬੁੱਟਰ, ਤੇਜਿੰਦਰ ਸਿੰਘ ਪੱਡਾ, ਪ੍ਰੀਤਪਾਲ ਸਿੰਘ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਗੁਰਚਰਨ ਸਿੰਘ ਕੁਹਾਲਾ, ਕੁਲਦੀਪ ਸਿੰਘ ਰੋਡੇ, ਜਸਵਿੰਦਰ ਸਿੰਘ ਜੱਸੀ, ਸ਼ਾਹਬਾਜ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਪਰਮਜੀਤ ਸਿੰਘ, ਮਨਜੀਤ ਸਿੰਘ ਤਲਵੰਡੀ, ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਨਿਸ਼ਾਨ ਸਿੰਘ, ਮੈਨੇਜਰ ਬਘੇਲ ਸਿੰਘ, ਜਗਤਾਰ ਸਿੰਘ ਸ਼ਹੂਰਾ, ਹਰਪ੍ਰੀਤ ਸਿੰਘ, ਨਰਿੰਦਰ ਸਿੰਘ, ਸਤਨਾਮ ਸਿੰਘ ਆਦਿ ਹਾਜ਼ਰ ਸਨ।

# ਖਹਿਰਾ ਨੂੰ ਹਾਈਕੋਰਟ ਤੋਂ ਨਹੀਂ ਮਿਲੀ ਰਾਹਤ



ਚੰਡੀਗੜ੍ਹ : ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਕੋਈ ਰਾਹਤ ਨਾ ਮਿਲੀ। ਹਾਈਕੋਰਟ ਨੇ ਖਹਿਰਾ ਮਾਮਲੇ ਦੀ ਸੁਣਵਾਈ 17 ਨਵੰਬਰ ਤੱਕ ਮੁਲਤਵੀ ਕਰ ਦਿੱਤੀ ਹੈ। ਮੰਗਲਵਾਰ ਨੂੰ ਸੁਣਵਾਈ ਦੌਰਾਨ ਸਰਕਾਰ ਅਤੇ ਸੁਖਪਾਲ ਸਿੰਘ ਖਹਿਰਾ ਦੇ ਵਕੀਲ ਵਿਚਾਲੇ ਲੰਬੀ ਬਹਿਸ ਹੋਈ। ਖਹਿਰਾ ਦੇ ਵਕੀਲ ਨੇ ਕਿਹਾ ਕਿ ਜਿਨ੍ਹਾਂ ਖਾਤਿਆਂ 'ਚ ਡਰੱਗ ਮਨੀ ਦਾ ਹਵਾਲਾ ਦਿੱਤਾ ਜਾ ਰਿਹਾ ਹੈ, ਉਹ ਉਨ੍ਹਾਂ ਦੇ ਪੀ.ਏ. ਦਾ ਖਾਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਆਮਦਨ, ਉਨ੍ਹਾਂ ਦੀ ਪਿਛਲੇ 15 ਸਾਲਾਂ ਤੋਂ ਖੇਤੀ ਆਮਦਨ ਹੈ ਅਤੇ ਉਨ੍ਹਾਂ ਨੂੰ ਹਰ ਸਾਲ 26 ਲੱਖ ਰੁਪਏ ਮਿਲਦੇ ਹਨ। ਇਕ ਖਾਤੇ ਵਿਚ ਉਸ ਨੂੰ ਪੰਜਾਬ ਸਰਕਾਰ ਤੋਂ ਤਨਖਾਹ ਆਉਂਦੀ ਹੈ, ਦੂਜਾ ਖਾਤਾ ਉਸ ਦੇ ਪੀ.ਏ ਦਾ ਹੈ। ਜਿਸ ਨੰਬਰ ਬਾਰੇ ਗੱਲ ਕੀਤੀ ਜਾ ਰਹੀ ਹੈ ਕਿ ਬਾਹਰ ਗੱਲਬਾਤ ਹੋਈ ਹੈ, ਉਹ ਵੀ ਉਸ ਦੇ ਪੀ.ਏ. ਦਾ ਨੰਬਰ ਹੈ। ਹਾਈਕੋਰਟ ਨੇ ਸਰਕਾਰ ਨੂੰ ਕਿਹਾ ਕਿ ਉਹ ਇਕ ਸੰਖੇਪ ਤਿਆਰ ਕਰਨ ਅਤੇ ਵੀਰਵਾਰ ਸਵੇਰ ਤੱਕ ਖਹਿਰਾ ਦੇ ਵਕੀਲ ਨੂੰ ਸੌਂਪ ਦੇਣ। ਅਗਲੇ ਦਿਨ ਸ਼ੁੱਕਰਵਾਰ ਨੂੰ ਖਹਿਰਾ ਦੇ ਵਕੀਲ ਆਪਣਾ ਜਵਾਬ ਦੇਣਗੇ।

# ਕੋਰੀਡੋਰ ਡੇਰਾ ਬਾਬਾ ਨਾਨਕ ਰਾਹੀਂ ਪਾਕਿਸਤਾਨ ਗੁ: ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੀ ਸੰਗਤ ਲਈ ਫ਼ੀਸ 'ਚ ਕੋਈ ਵਾਧਾ ਨਹੀਂ



ਅਟਾਰੀ, (ਅੰਮ੍ਰਿਤਸਰ) : ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਪਾਕਿਸਤਾਨ ਡੇਰਾ ਬਾਬਾ ਨਾਨਕ ਕੋਰੀਡੋਰ ਰਸਤੇ ਭਾਰਤ ਤੋਂ ਦਰਸ਼ਨਾਂ ਲਈ ਜਾਣ ਵਾਲੀ ਸੰਗਤ ਲਈ ਕਿਸੇ ਕਿਸਮ ਦੀ ਫ਼ੀਸ ਵਿਚ ਵਾਧਾ ਨਹੀਂ ਕੀਤਾ ਗਿਆ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕੁਝ ਕੁ ਨਿੱਜੀ ਟੀ.ਵੀ. ਚੈਨਲਾਂ ਵਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਜਾਣ ਵਾਲੀਆਂ ਸੰਗਤਾਂ ਦੀ ਫ਼ੀਸ 'ਚ ਵਾਧੇ ਦੀਆਂ ਖ਼ਬਰਾਂ ਤੇਜ਼ੀ ਨਾਲ ਚਲਾਈਆਂ ਜਾ ਰਹੀਆਂ ਹਨ, ਜੋ ਕਿ ਸਾਰੀਆਂ ਝੂਠ ਹਨ। ਸੂਤਰਾਂ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਵਿਖੇ ਦਰਸ਼ਨ ਲਈ ਆਉਣ ਵਾਲੀਆਂ ਉਨ੍ਹਾਂ ਸੰਗਤਾਂ ਲਈ ਨਵੀਂ ਪੰਜ ਡਾਲਰ ਅਮਰੀਕੀ ਫ਼ੀਸ ਲਗਾਈ ਗਈ ਹੈ, ਜੋ ਸ਼ਰਧਾਲੂ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ ਦੇ ਵਿਸ਼ੇਸ਼ ਵੀਜ਼ੇ 'ਤੇ ਜਿਵੇਂ ਕਿ ਅਟਾਰੀ ਸਰਹੱਦ ਰਸਤੇ ਜਾਂ ਹਵਾਈ ਜਹਾਜ਼ ਰਸਤੇ ਪਾਕਿਸਤਾਨ ਦੇਸ਼ ਦੇ ਏਅਰਪੋਰਟਾਂ ਰਾਹੀਂ ਆਉਣਗੇ। ਉਨ੍ਹਾਂ ਸ਼ਰਧਾਲੂਆਂ ਲਈ ਪਾਕਿਸਤਾਨ ਸਰਕਾਰ ਵਲੋਂ ਪੰਜ ਡਾਲਰ ਫ਼ੀਸ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਕੋਰੀਡੋਰ ਡੇਰਾ ਬਾਬਾ ਨਾਨਕ ਰਸਤੇ ਭਾਰਤ ਤੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਪਹਿਲਾਂ ਦੀ ਤਰ੍ਹਾਂ ਹੀ 20 ਡਾਲਰ ਫੀਸ ਹੈ, ਜਿਸ ਵਿਚ ਕੋਈ ਵੀ ਵਾਧਾ ਨਹੀਂ ਕੀਤਾ ਗਿਆ।

# ਭਾਰਤ ਦੇ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪੀਯੂਸ਼ ਗੋਇਲ ਮਿਲਪੀਟਸ ਕੈਲੀਫੌਰਨੀਆ ਵਿਖੇ ਵਿਦੇਸ਼ਾਂ 'ਚ ਵਸਦੇ ਹਰ ਭਾਰਤੀ ਨੂੰ ਆਪਣੀ-ਆਪਣੀ ਮਾਤਰ ਭੂਮੀ ਨੂੰ ਅਪਣਾਉਣ ਦਾ ਸੱਦਾ

## ਭਾਰਤ ਸਰਕਾਰ ਵੋਕਲ ਫਾਰ ਲੋਕਲ ਅਤੇ ਲੋਕਲ ਤੋਂ ਗਲੋਬਲ ਦਾ ਮੋਦੀ ਸਰਕਾਰ ਨੇ ਤਹੀਆ ਕੀਤਾ ਹੋਇਆ ਜੋ ਹਰ ਹਾਲਤ 'ਚ ਪੂਰਾ ਕੀਤਾ ਜਾਵੇਗਾ : ਸ਼੍ਰੀ ਪਿਊਸ਼ ਗੋਇਲ



ਕੇਂਦਰੀ ਵਣਜ ਮੰਤਰੀ ਸ਼੍ਰੀ ਪਿਊਸ਼ ਗੋਇਲ ਕੈਲੀਫਿਰਨੀਆ ਦੇ ਚਾਰਟਰਡ ਅਕਾਊਟੈਂਟਸ ਨਾਲ ਮੀਟਿਗ ਦੌਰਾਨ ਸੰਬੋਧਨ ਕਰਦੇ ਹੋਏ।




ਸ਼੍ਰੀ ਪੀਯੂਸ਼ ਗੋਇਲ ਨੇ ਆਈਪੀਈਐਫ ਮੰਤਰੀ ਪੱਧਰ ਦੀ ਮੀਟਿੰਗ ਤੋਂ ਇਲਾਵਾ ਜੀਨਾ ਰਾਇਮੰਡੋ ਨਾਲ ਦੁਵੱਲੀ ਮੀਟਿੰਗ ਦੌਰਾਨ।



ਕੇਂਦਰੀ ਵਣਜ ਮੰਤਰੀ ਸ਼੍ਰੀ ਪੀਯੂਸ਼ ਗੋਇਲ ਕੈਲੀਫੋਰਨੀਆ ਦੇ ਮੇਨਲੋ ਪਾਰਕ ਵਿਖੇ ਸਿਲੀਕਾਨ ਵੈਲੀ ਦੇ ਉਦਯੋਗਪਤੀਆਂ ਨਾਲ ਗੱਲਬਾਤ ਦੌਰਾਨ।









ਮਿਲਪੀਟਸ/ਕੈਲੀਫੋਰਨੀਆ : ਭਾਰਤ ਸਰਕਾਰ ਵਿਚ ਸੀਨੀਅਰ ਕੈਬਨਿਟ ਮੰਤਰੀ ਸ੍ਰੀ ਪਿਊਸ਼ ਗੋਇਲ ਨੇ ਆਈਸੀਸੀ ਕਮਿਊਨਿਟੀ ਸੈਂਟਰ 'ਚ ਵੱਡੀ ਗਿਣਤੀ 'ਚ ਜੁੜੇ ਵੱਖ ਵੱਖ ਸਟੇਟਾਂ ਤੋਂ ਆਏ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਮੋਦੀ ਸਰਕਾਰ ਵਲੋਂ ਕੀਤੇ ਇਤਿਹਾਸਕ ਕੰਮਾਂ ਬਾਰੇ ਬਾਰੀਕੀ ਨਾਲ ਚਾਨਣਾ ਪਾਇਆ, ਉਨ੍ਹਾਂ ਕਿਹਾ ਕਿ ਅੱਜ ਪੂਰੀ ਦੁਨੀਆ ਦੇ ਦੇਸ਼ਾਂ ਦੇ ਆਗੂ ਭਾਰਤ ਵੱਲ ਦੇਖ ਰਹੇ ਹਨ। ਮੋਦੀ ਸਰਕਾਰ ਨੇ ਜਿਥੇ ਭਾਰਤ ਦਾ 24 ਘੰਟੇ ਬਿਜਲੀ ਦਾ ਪ੍ਰਬੰਧ ਕੀਤਾ ਹੈ, ਉਥੇ ਹਰ ਭਾਰਤੀ ਨੂੰ ਫੂਡ ਸਕਿਊਰਿਟੀ ਦਿੱਤੀ ਹੈ। ਅੱਜ ਮੋਦੀ ਦੀ ਲੀਡਰਸ਼ਿਪ ਕਾਰਨ ਹੀ ਪ੍ਰਧਾਨ ਮੰਤਰੀ ਮੋਦੀ ਨੂੰ ਦੁਨੀਆ ਦੇ 15 ਮਾਣ ਮੱਤੇ ਸਨਮਾਨਾਂ ਨਾਲ ਸਨਮਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਨੂੰ ਪਤਾ ਹੈ ਭਾਵੇਂ ਤੁਸੀਂ ਬਾਹਰ ਆ ਕੇ ਵੱਖ ਵੱਖ ਦੇਸ਼ਾਂ 'ਚ ਵਸ ਗਏ ਹੋ ਪਰ ਤੁਹਾਡੇ ਦਿਲਾਂ 'ਚ ਅੱਜ ਵੀ ਭਾਰਤ ਵਸਦਾ ਹੈ। ਭਾਰਤ ਨੂੰ ਮਾਣ ਹੈ ਕਿ ਦੁਨੀਆ ਦੇ ਹਰ ਕੋਨੇ 'ਚ ਬੈਠਾ ਭਾਰਤੀ ਭਾਰਤ ਦਾ ਅੰਬੈਸਡਰ ਬਣਕੇ ਦੇਸ਼ ਦੀ ਨੁਮਾਇੰਦਗੀ ਕਰ ਰਿਹਾ ਹੈ ਅਤੇ ਨਾਲ ਹੀ ਭਾਰਤੀ ਅਰਥਚਾਰੇ ਵਿਚ ਵੱਡੀ ਮਾਤਰਾ 'ਚ ਸਹਿਯੋਗ ਕਰ ਰਿਹਾ ਹੈ। ਉਨ੍ਹਾਂ ਡਾਇਸਪੋਰਾ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਹਰ ਭਾਰਤੀ ਆਪਣੇ ਪਿੰਡ ਜਿਥੇ ਤੁਸੀਂ ਪੈਦਾ ਹੋਏ ਹੋ ਜੇਕਰ ਉਥੇ ਆਪਣੇ ਪਿੰਡ ਦੇ ਆਪਣੇ ਲੋਕਾਂ ਦਾ ਖਿਆਲ ਕਰੋ ਉਸ ਪਿੰਡ ਨੂੰ ਅਡਾਪਟ ਕਰੋ, ਉਥੇ ਬੱਚਿਆਂ ਨੂੰ ਸਕਾਲਰਸ਼ਿਪ ਦੇਵੋ, ਉਨ੍ਹਾਂ ਨੂੰ ਚੰਗੀਆਂ ਯੂਨੀਵਰਸਿਟੀਆਂ 'ਚ ਭੇਜੋ ਜਿਵੇਂ ਤੁਸੀਂ ਬਾਹਰਲੇ ਦੇਸ਼ਾਂ 'ਚ ਆ ਕੇ ਤਰੱਕੀ ਕੀਤੀ ਹੈ, ਉਸੇ ਤਰ੍ਹਾਂ ਮਦਦ ਕਰਕੇ ਆਪਣੇ ਪਿੰਡਾਂ ਦੇ ਲੋਕਾਂ ਦੀ ਮਦਦ ਕਰਕੇ ਉਚੀਆਂ ਪੋਸਟਾਂ 'ਤੇ ਪਹੁੰਚਣ 'ਚ ਮਦਦ ਕਰੋ। ਆਪਣੇ ਪਿੰਡ ਦੇ ਸਕੂਲਾਂ ਦੀ ਮਦਦ ਕਰੋ, ਜਿਥੇ ਤੁਸੀਂ ਪੜ੍ਹੇ ਹੋ, ਉਨ੍ਹਾਂ ਕਾਲਜਾਂ 'ਚ ਚੱਕਰ ਮਾਰੋ, ਉਥੇ ਦੇ ਲੋਕਾਂ ਦੇ ਟੈਲੇਂਟ ਨੂੰ ਪਛਾਣਕੇ ਉਨ੍ਹਾਂ ਨੂੰ ਅੱਗੇ ਵਧਣ ਦਾ ਮੌਕਾ ਦਿਓ ਤਾਂ ਭਾਰਤ ਜੋ 2047 'ਚ ਅਚੀਵ ਕਰਨਾ ਹੈ ਉਹ ਬਹੁਤ ਪਹਿਲਾਂ ਹੀ ਕਰ ਲਵੇਗਾ। ਭਾਰਤ 'ਚ ਸਿਰਫ਼ 6 ਲੱਖ ਦੇ ਕਰੀਬ ਪਿੰਡ ਹਨ ਬਾਹਰ ਬੈਠੇ ਲੋਕਾਂ ਲਈ ਇਨ੍ਹਾਂ ਨੂੰ ਚੱਕਣਾ ਕੋਈ ਵੱਡੀ ਗੱਲ ਨਹੀਂ। ਦੁਨੀਆ 'ਚ ਵਸਦੇ 3 ਕਰੋੜ ਭਾਰਤੀ ਕੁਝ ਵੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੋਕਲ ਫਾਰ ਲੋਕਲ ਅਤੇ



















# ਭਾਰਤ ਦੇ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪੀਯੂਸ਼ ਗੋਇਲ ਮਿਲਪੀਟਸ ਕੈਲੀਫੋਰਨੀਆ ਵਿਖੇ ਵਿਦੇਸ਼ਾਂ 'ਚ ਵਸਦੇ ਹਰ ਭਾਰਤੀ ਨੂੰ ਆਪਣੀ-ਆਪਣੀ ਮਾਤਰ ਭੂਮੀ ਨੂੰ ਅਪਣਾਉਣ ਦਾ ਸੱਦਾ

## ਭਾਰਤ ਸਰਕਾਰ ਵੋਕਲ ਫਾਰ ਲੋਕਲ ਅਤੇ ਲੋਕਲ ਤੋਂ ਗਲੋਬਲ ਦਾ ਮੋਦੀ ਸਰਕਾਰ ਨੇ ਤਹੀਆ ਕੀਤਾ ਹੋਇਆ ਜੋ ਹਰ ਹਾਲਤ 'ਚ ਪੂਰਾ ਕੀਤਾ ਜਾਵੇਗਾ : ਸ਼੍ਰੀ ਪਿਊਸ਼ ਗੋਇਲ



ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪੀਯੂਸ਼ ਗੋਇਲ ਨੇ ਆਈਪੀਈਐਫ ਦੇ ਨਾਲ ਟਿਮ ਆਰਚਰ, ਪ੍ਰਧਾਨ ਅਤੇ ਸੀਈਓ, ਲੈਮ ਰਿਸਰਚ ਨਾਲ ਗੱਲਬਾਤ ਦੌਰਾਨ।




ਕੇਂਦਰੀ ਵਣਜ ਮੰਤਰੀ ਸ਼੍ਰੀ ਪੀਯੂਸ਼ ਗੋਇਲ ਸੈਨਹੋਜ਼ੇ ਕੈਲੀਫੋਰਨੀਆ ਵਿਖੇ ਚਾਰਟਰਡ ਅਕਾਊਂਟੈਂਟਸ ਐਸੋਸੀਏਸ਼ਨ ਨਾਲ ਅਤੇ ਉਨ੍ਹਾਂ ਦੇ ਨਾਲ ਹਨ ਸ਼੍ਰੀ ਨੀਰਜ ਭਾਟੀਆ, Shachindra Nath ਭਾਰਤੀ ਦੂਤਾਵਾਸ ਕੇ ਸਾਰੀਕਰ ਰੈਡੀ ਅਤੇ ਹੋਰ।











ਲੋਕਲ ਤੋਂ ਗਲੋਬਲ ਤੱਕ ਲੈ ਕੇ ਜਾਣ ਦਾ ਮੋਦੀ ਸਰਕਾਰ ਨੇ ਤਹੀਆ ਕੀਤਾ ਹੋਇਆ ਜੋ ਹਰ ਹਾਲਤ 'ਚ ਪੂਰਾ ਕੀਤਾ ਜਾਵੇਗਾ। ਉਨ੍ਹਾਂ ਹਰ ਭਾਰਤੀ ਨੂੰ ਭਾਰਤ ਆਉਣ 'ਤੇ ਆਪਣੀ ਆਪਣੀ ਮਾਤ ਭੂਮੀ ਲਈ ਕੁਝ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ। ਉਨ੍ਹਾਂ ਵੱਖ ਵੱਖ ਲੋਕਾਂ ਦੇ ਵਿਚਾਰ ਸੁਣੇ ਅਤੇ ਉਨ੍ਹਾਂ ਉਪਰ ਅਮਲ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਦਾ ਭਾਰਤੀ ਦੂਤਾਵਾਸ ਡਾਕਟਰ ਕੇ ਸਾਰੀਕਰ ਰੈਡੀ ਅਤੇ ਉਨ੍ਹਾਂ ਨਾਲ ਪੂਰੇ ਸਟਾਫ਼ ਵਲੋਂ ਅਤੇ ਕਮਿਊਨਿਟੀ ਆਗੂਆਂ ਵਲੋਂ ਵੱਖ ਵੱਖ ਪਲੈਕ, ਟਰਡੀਸ਼ਨਲ ਸਨਮਾਨਾਂ ਅਤੇ ਫੁੱਲਾਂ ਨਾਲ ਸਵਾਗਤ ਕੀਤਾ। ਵੱਡੀ ਤਾਦਾਦ 'ਚ ਲੋਕਾਂ ਯਾਦਗਾਰੀ ਫੋਟੋਆਂ ਲਈਆਂ ਅਤੇ ਸਵਾਇਸ਼ਟ ਖਾਣੇ ਦਾ ਅਨੰਦ ਮਾਣਿਆ। ਇਹ ਪ੍ਰੋਗਰਾਮ ਵਾਕਿਆ ਹੀ ਯਾਦਗਾਰੀ ਅਤੇ ਇਤਿਹਾਸਕ ਪ੍ਰੋਗਰਾਮ ਸੀ।

























# ਸਨ ਫਰਾਂਸਿਸਕੋ 'ਚ ਅਮਰੀਕਾ ਦੇ ਵਪਾਰ ਪ੍ਰਤੀਨਿਧੀ ਨੂੰ ਮਿਲੇ ਪੀਯੂਸ਼ ਗੋਇਲ

ਸਨ ਫਰਾਂਸਿਸਕੋ : ਭਾਰਤ ਦੇ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਇਨ੍ਹੀਂ ਦਿਨੀਂ ਅਮਰੀਕਾ ਦੇ ਦੌਰੇ 'ਤੇ ਹਨ। ਪੀਯੂਸ਼ ਗੋਇਲ ਨੇ ਅਮਰੀਕਾ ਦੇ ਸੈਨ ਫਰਾਂਸਿਸਕੋ ਵਿੱਚ ਅਮਰੀਕੀ ਵਪਾਰ ਪ੍ਰਤੀਨਿਧੀ ਕੈਥਰੀਨ ਤਾਈ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਦੀ ਮੁਲਾਕਾਤ ਇੰਡੋ ਪੈਸੀਫਿਕ ਇਕਨਾਮਿਕ ਫਰੇਮਵਰਕ ਦੇ ਨਾਲ-ਨਾਲ ਹੋਈ। ਦੋਵਾਂ ਨੇਤਾਵਾਂ ਵਿਚਾਲੇ ਮੁਲਾਕਾਤ 30 ਮਿੰਟ ਤੱਕ ਚੱਲੀ ਅਤੇ ਇਸ ਦੌਰਾਨ ਵਪਾਰ ਦੇ ਮੁੱਦੇ 'ਤੇ ਚਰਚਾ ਹੋਈ।



ਤੁਹਾਨੂੰ ਦੱਸ ਦੇਈਏ ਕਿ ਪੀਯੂਸ਼ ਗੋਇਲ ਇੰਡੋ ਪੈਸੀਫਿਕ ਇਕਨਾਮਿਕ ਫਰੇਮਵਰਕ ਫਾਰ ਪ੍ਰੋਸਪਰਿਟੀ (IPEF) ਦੀ ਬੈਠਕ 'ਚ ਸ਼ਾਮਲ ਹੋਣ ਲਈ ਅਮਰੀਕਾ ਗਏ ਹਨ। ਆਈਪੀਈਐੱਫ ਦਾ ਗਠਨ ਅਮਰੀਕਾ ਦੁਆਰਾ ਸਾਲ 2022 ਵਿੱਚ ਕੀਤਾ ਗਿਆ ਸੀ। ਇਸ ਵਿੱਚ ਆਸਟ੍ਰੇਲੀਆ, ਬਰੂਨੇਈ, ਫਿਜੀ, ਭਾਰਤ, ਇੰਡੋਨੇਸ਼ੀਆ, ਜਾਪਾਨ, ਦੱਖਣੀ ਕੋਰੀਆ, ਮਲੇਸ਼ੀਆ, ਨਿਊਜ਼ੀਲੈਂਡ, ਫਿਲੀਪੀਨਜ਼, ਸਿੰਗਾਪੁਰ, ਥਾਈਲੈਂਡ ਅਤੇ ਵੀਅਤਨਾਮ ਵਰਗੇ ਦੇਸ਼ ਸ਼ਾਮਲ ਹਨ। IPEF ਦਾ ਗਠਨ ਮੈਂਬਰ ਦੇਸ਼ਾਂ ਦਰਮਿਆਨ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨ, ਵਿਕਾਸ ਨੂੰ ਗਤੀ ਦੇਣ ਅਤੇ ਇੰਡੋ-ਪੈਸੀਫਿਕ ਖੇਤਰ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਦੇ ਉਦੇਸ਼ ਨਾਲ ਕੀਤਾ ਗਿਆ ਸੀ। IPEF ਵਪਾਰ, ਸਪਲਾਈ ਚੇਨ, ਸਾਫ਼ ਅਰਥ ਵਿਵਸਥਾ ਅਤੇ ਨਿਰਪੱਖ ਆਰਥਿਕਤਾ 'ਤੇ ਕੇਂਦ੍ਰਤ ਕਰਦਾ ਹੈ।

ਗੋਇਲ 13 ਤੋਂ 16 ਨਵੰਬਰ ਤੱਕ ਅਮਰੀਕਾ ਦੌਰੇ 'ਤੇ ਹੋਣਗੇ। ਸੋਮਵਾਰ ਨੂੰ ਉਹ ਸਨ ਫਰਾਂਸਿਸਕੋ ਪਹੁੰਚੇ, ਜਿੱਥੇ ਉਹ ਏਸ਼ੀਆ ਪੈਸੀਫਿਕ ਇਕਨਾਮਿਕ ਕੋਆਪਰੇਸ਼ਨ (ਏਪੀਈਸੀ) ਦੀ ਬੈਠਕ 'ਚ ਵੀ ਹਿੱਸਾ ਲੈਣਗੇ। ਪੀਯੂਸ਼ ਗੋਇਲ ਸਨ ਫਰਾਂਸਿਸਕੋ ਵਿੱਚ ਅਮਰੀਕਾ ਦੀ ਵਣਜ ਸਕੱਤਰ ਜੀਨਾ ਰਾਇਮੰਡੋ ਨਾਲ ਮੁਲਾਕਾਤ ਕਰਨਗੇ। ਦੋਹਾਂ ਨੇਤਾਵਾਂ ਦੀ ਬੈਠਕ 'ਚ ਭਾਰਤ ਅਤੇ ਅਮਰੀਕਾ ਵਿਚਾਲੇ ਵਪਾਰਕ ਰੁਕਾਵਟਾਂ ਦੀ ਪਛਾਣ ਕਰਨ, ਉਨ੍ਹਾਂ ਨੂੰ ਦੂਰ ਕਰਨ, ਨਿਵੇਸ਼ ਵਧਾਉਣ ਅਤੇ ਤਕਨਾਲੋਜੀ ਅਤੇ ਨਵੀਨਤਾ ਦੇ ਖੇਤਰ 'ਚ ਸਹਿਯੋਗ ਵਧਾਉਣ 'ਤੇ ਗੱਲਬਾਤ ਹੋਵੇਗੀ। ਦੋਹਾਂ ਨੇਤਾਵਾਂ ਦੀ ਬੈਠਕ 'ਚ ਸਟਾਰਟਅੱਪ ਸਿਸਟਮ ਨੂੰ ਉਤਸ਼ਾਹਿਤ ਕਰਨ ਅਤੇ ਉੱਭਰਦੀ ਤਕਨੀਕ ਦੇ ਖੇਤਰ 'ਚ ਸਹਿਯੋਗ ਵਧਾਉਣ 'ਤੇ ਵੀ ਗੱਲਬਾਤ ਹੋਵੇਗੀ।

ਪੀਯੂਸ਼ ਗੋਇਲ ਆਪਣੇ ਅਮਰੀਕਾ ਦੌਰੇ ਦੌਰਾਨ ਵੱਖ-ਵੱਖ ਕੰਪਨੀਆਂ ਦੇ ਸੀਈਓਜ਼ ਨਾਲ ਵੀ ਮੁਲਾਕਾਤ ਕਰਨਗੇ। ਉਹ ਵਿਦਿਆਰਥੀਆਂ, ਭਾਰਤੀ ਮੂਲ ਦੇ ਲੋਕਾਂ ਅਤੇ ਉੱਦਮੀਆਂ ਨਾਲ ਵੀ ਮੁਲਾਕਾਤ ਕਰਨਗੇ। ਪੀਯੂਸ਼ ਗੋਇਲ ਸਿਲੀਕਾਨ ਵੈਲੀ ਦਾ ਦੌਰਾ ਕਰਨਗੇ ਅਤੇ ਅਮਰੀਕੀ ਕੰਪਨੀਆਂ ਨੂੰ ਇਲੈਕਟ੍ਰੋਨਿਕਸ, ਸੈਮੀਕੰਡਕਟਰ, ਤਕਨਾਲੋਜੀ ਅਤੇ ਫਿਨਟੈਕ ਆਦਿ ਦੇ ਖੇਤਰਾਂ ਵਿੱਚ ਭਾਰਤ ਵਿੱਚ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰਨਗੇ। ਇਸ ਤੋਂ ਪਹਿਲਾਂ ਗੋਇਲ ਨੇ ਸਿੰਗਾਪੁਰ ਦੇ ਵਣਜ ਮੰਤਰੀ ਨਾਲ ਵੀ ਮੁਲਾਕਾਤ ਕੀਤੀ।

# ਭਾਰਤ ਦੇ ਅਰਥਵਿਵਸਥਾ ਦੇ ਯਤਨਾ ਨੂੰ ਸਾਕਾਰ ਕਰਨ ਲਈ ਸਨ ਫਰਾਂਸਿਸਕੋ 'ਚ ਅਮਰੀਕਾ ਦੇ ਵਪਾਰ ਪ੍ਰਤੀਨਿਧੀ ਨੂੰ ਮਿਲੇ ਸ਼੍ਰੀ ਪੀਯੂਸ਼ ਗੋਇਲ







ਸਨ ਫਰਾਂਸਿਸਕੋ : ਭਾਰਤ ਦੇ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪੀਯੂਸ਼ ਗੋਇਲ ਇਨ੍ਹੀਂ ਦਿਨੀਂ ਅਮਰੀਕਾ ਦੇ ਦੌਰੇ 'ਤੇ ਹਨ। ਉਨ੍ਹਾਂ ਭਾਰਤ ਦੇ ਅਰਥਵਿਵਸਥਾ ਦੇ ਯਤਨਾ ਨੂੰ ਸਾਕਾਰ ਕਰਨ ਲਈ ਸਨ ਫਰਾਂਸਿਸਕੋ 'ਚ ਅਮਰੀਕਾ ਦੇ ਵਪਾਰ ਪ੍ਰਤੀਨਿਧੀਆ ਨਾਮ ਮੁਲਾਕਾਤ ਕੀਤੀ।

ਵਪਾਰ ਪ੍ਰਤੀਨਿਧੀ ਨਾਲ ਭਾਰਤ ਦੇ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪੀਯੂਸ਼ ਗੋਇਲ ਦੀ ਅਗਵਾਈ ਹੇਠ ਵਪਾਰ ਨੀਤੀ ਫੋਰਮ (ਟੀ.ਪੀ.ਐਫ.) ਦੀ ਮੁੜ ਸ਼ੁਰੂਆਤ ਹੋਈ। ਵਾਸ਼ਿੰਗਟਨ ਅਤੇ ਨਵੀਂ ਦਿੱਲੀ ਦੋਵਾਂ ਨੇ ਆਪਣੇ ਵਪਾਰਕ ਸਬੰਧਾਂ ਨੂੰ ਮਜ਼ਬੂਤ $200 ਬਿਲੀਅਨ ਤੱਕ ਪਹੁੰਚਾਉਣ ਲਈ ਮਜ਼ਬੂਤ ਕੀਤਾ ਹੈ, ਜੋ ਕਿ ਆਉਣ ਵਾਲੇ ਸਾਲਾਂ ਵਿੱਚ ਦੁੱਗਣਾ ਹੋ ਸਕਦਾ ਹੈ। ਮੰਤਰੀ ਗੋਇਲ ਨੇ ਪਾਰ ਕਰਨ ਲਈ ਵਪਾਰਕ ਸਬੰਧਾਂ ਨੂੰ ਡੂੰਘਾ ਕਰਨ ਦੀ ਗੱਲ ਕਹੀ ਹੈ।

ਸੰਯੁਕਤ ਵਪਾਰ ਵਿੱਚ $500 ਬਿਲੀਅਨ ਦਾ ਅੰਕੜਾ, ਖਾਸ ਤੌਰ 'ਤੇ ਇਸ techade ਵਿੱਚ ਭਾਰਤ ਦੀ ਡਿਜੀਟਲ ਆਰਥਿਕਤਾ ਦੇ ਵਾਧੇ ਦੇ ਨਾਲ ਡਿਜੀਟਲ ਵਪਾਰ ਵਧਦਾ-ਫੁੱਲਦਾ ਕੀਤਾ ਜਾਵੇਗਾ।

ਭਾਰਤ 5 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਵੱਲ ਵਧ ਰਿਹਾ ਹੈ ਅਤੇ ਅਮਰੀਕੀ ਕੰਪਨੀਆਂ ਦੇ ਨਿਵੇਸ਼ ਇਸ ਮੀਲ ਪੱਥਰ ਦੇ ਅੰਕੜੇ ਦੇ ਪ੍ਰਧਾਨ ਮੰਤਰੀ ਮੋਦੀ ਦੇ ਵਿਜ਼ਨ ਨੂੰ ਸਫਲ ਬਣਾਉਣ ਵਿੱਚ ਮਦਦ ਕਰਨਗੇ।

ਵਾਸ਼ਿੰਗਟਨ ਅਤੇ ਨਵੀਂ ਦਿੱਲੀ ਨੇ ਇੱਕ ਇਤਹਾਸਕ ਸਮਝੌਤੇ ਤਹਿਤ ਸਵੱਛ ਊਰਜਾ ਦੇ ਟੀਚਿਆਂ, ਇਲੈਕਟ੍ਰਿਕ ਵਾਹਨਾਂ ਲਈ ਜ਼ੋਰ, ਨਵੀਂ ਸਪਲਾਈ ਚੇਨ ਬਣਾਉਣ, ਅਤੇ ਇੱਕ ਪ੍ਰਮੁੱਖ ਨਿਰਮਾਣ ਕੇਂਦਰ ਵਜੋਂ ਭਾਰਤ ਦੀ ਸੰਭਾਵਨਾ ਨੂੰ ਬਣਾਉਣ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਆਪਣੇ ਵਪਾਰਕ ਬਾਂਡਾਂ ਨੂੰ ਮਜ਼ਬੂਤ ਕਰਨ ਲਈ ਯਤਨ ਅਰੰਭ ਕਰ ਦਿੱਤੇ ਹਨ।

ਇੰਡੀਆਸਪੋਰਾ ਨੇ ਭਾਰਤ ਦੇ ਵਣਜ ਅਤੇ ਉਦਯੋਗ ਮੰਤਰੀ ਸ਼੍ਰੀ ਪੀਯੂਸ਼ ਗੋਇਲ ਅਤੇ ਕੌਂਸਲ ਜਨਰਲ, ਡਾ. ਕੇ. ਸ਼੍ਰੀਕਰ ਰੈੱਡੀ, ਦਾ ਧੰਨਵਾਦ ਕੀਤਾ।

# ਦ੍ਰਿੜ ਵਚਨਬੱਧਤਾ ਨਾਲ ਨਵੀਆਂ ਉਚਾਈਆਂ ਛੂਹਣ ਵਾਲਾ ਜਸਪਾਲ ਸਿੰਘ







ਜਸਪਾਲ ਇੱਕ ਅਜਿਹੇ ਵਿਅਕਤੀ ਜਿਸ ਦੀ ਜ਼ਿੰਦਗੀ ਅਸਮਾਨ ਦੀਆਂ ਬੇਅੰਤ ਦੂਰੀਆਂ ਦੁਆਰਾ ਪਰਿਭਾਸ਼ਿਤ ਕੀਤੀ ਗਈ ਹੈ। ਕਈ ਦਹਾਕਿਆਂ ਤੱਕ ਫੈਲੇ ਕੈਰੀਅਰ ਦੇ ਨਾਲ, ਜਸਪਾਲ ਹਵਾਬਾਜ਼ੀ ਉਦਯੋਗ ਦੇ ਇੱਕ ਨਮੂਨੇ ਵਜੋਂ ਖੜ੍ਹਾ ਹੈ, ਜਿਸ ਵਿੱਚ ਹੁਨਰ, ਅਨੁਭਵ, ਅਤੇ ਉਡਾਣ ਲਈ ਇੱਕ ਸਥਾਈ ਜਨੂੰਨ ਹੈ। ਇੱਕ ਕਪਤਾਨ ਵਜੋਂ ਆਪਣੀ ਭੂਮਿਕਾ ਤੋਂ ਇਲਾਵਾ, ਜਸਪਾਲ ਸਿੰਘ ਨੇ ਇੱਕ ਪ੍ਰੋਬੇਸ਼ਨ ਅਫ਼ਸਰ ਵਜੋਂ ਸੇਵਾ ਕੀਤੀ, ਉਸਦੀ ਦ੍ਰਿੜ ਵਚਨਬੱਧਤਾ ਨੇ ਉਸਨੂੰ ਨਵੀਆਂ ਉਚਾਈਆਂ 'ਤੇ ਚੜ੍ਹਨ ਲਈ ਪ੍ਰੇਰਿਆ।

ਹਵਾਬਾਜ਼ੀ ਲਈ ਜਸਪਾਲ ਦਾ ਜੋਸ਼ ਉਸ ਦੇ ਮੁਢਲੇ ਸਾਲਾਂ ਦੌਰਾਨ ਭੜਕਿਆ, ਕਿਉਂਕਿ ਉਹ ਅਕਸਰ ਅਸਮਾਨ ਵੱਲ ਵੇਖਦਾ ਸੀ, ਇੱਕ ਭਵਿੱਖ ਦੀ ਕਲਪਨਾ ਕਰਦਾ ਸੀ ਜਿੱਥੇ ਉਹ ਬੱਦਲਾਂ ਵਿੱਚ ਉੱਡ ਸਕਦਾ ਸੀ। ਆਪਣੇ ਪਿਛੋਕੜ ਅਤੇ ਪਰਵਰਿਸ਼ ਨਾਲ ਜੁੜੀਆਂ ਰੁਕਾਵਟਾਂ ਨੂੰ ਪਛਾਣਦਿਆਂ, ਜਸਪਾਲ ਨੇ ਲਗਨ ਨਾਲ ਆਪਣੇ ਆਪ ਨੂੰ ਸਕੂਲ ਵਿੱਚ ਲਾਗੂ ਕੀਤਾ। ਉਸਨੇ ਆਖਰਕਾਰ ਸਮਾਜਕ ਕਾਰਜਾਂ ਵਿੱਚ ਇੱਕ ਡਿਗਰੀ ਪ੍ਰਾਪਤ ਕੀਤੀ, ਇੱਕ ਅਜਿਹਾ ਰਸਤਾ ਬਣਾਇਆ ਜਿਸ ਨਾਲ ਉਹ ਇੱਕ ਪ੍ਰੋਬੇਸ਼ਨ ਅਫਸਰ ਬਣ ਗਿਆ, ਜਿਸ ਨਾਲ ਕਮਿਊਨਿਟੀ ਅਤੇ ਜੇਲ੍ਹ ਦੇ ਅਪਰਾਧੀਆਂ ਦੋਵਾਂ ਦੀ ਸਹਾਇਤਾ ਕੀਤੀ ਗਈ। ਫਿਰ ਵੀ, ਉਡਾਣ ਭਰਨ ਦੀ ਉਸ ਦੀ ਤਾਂਘ ਉਸ ਦਾ ਸਥਾਈ ਹਿੱਸਾ ਬਣੀ ਰਹੀ।

ਉਸਦੀ ਪਤਨੀ ਤੋਂ ਇੱਕ ਹੈਰਾਨੀਜਨਕ ਜਨਮ ਦਿਨ ਦਾ ਤੋਹਫ਼ਾ; ਉਸ ਦਾ ਪਹਿਲਾ ਫਲਾਇੰਗ ਸਬਕ ਜਸਪਾਲ ਦੀ ਹਵਾਬਾਜ਼ੀ ਵਿੱਚ ਯਾਤਰਾ ਸ਼ੁਰੂ ਕਰਨ ਲਈ ਉਤਪ੍ਰੇਰਕ ਸੀ ਅਤੇ 2001 ਵਿੱਚ ਇੱਕ ਪਾਇਲਟ ਵਜੋਂ ਸਫਲਤਾਪੂਰਵਕ ਯੋਗਤਾ ਪ੍ਰਾਪਤ ਕੀਤੀ। ਹਾਲਾਂਕਿ, ਉਸਨੇ ਜਲਦੀ ਹੀ ਇੱਕ ਨਵੀਂ ਚੁਣੌਤੀ ਦਾ ਸਾਹਮਣਾ ਕੀਤਾ: 9-11 ਹੁਣੇ ਹੀ ਵਾਪਰਿਆ ਸੀ ਅਤੇ ਕੇਸਧਾਰੀ ਸਰਦਾਰ ਪਾਇਲਟ ਹੋਣ ਕਰਕੇ ਇਹ ਬਹੁਤ ਮੁਸ਼ਕਲ ਹੋ ਗਿਆ ਸੀ। ਉਹ ਕੁਝ ਸਾਲਾਂ ਲਈ ਪ੍ਰੋਬੇਸ਼ਨ ਸੇਵਾ ਵਿੱਚ ਵਾਪਸ ਆ ਗਿਆ, ਪਰ ਜੋੜੇ ਨੇ ਹਾਰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਕੁਝ ਹੁਸ਼ਿਆਰ ਅਤੇ ਨਵੀਨਤਾਕਾਰੀ ਮਾਰਕੀਟਿੰਗ ਗਤੀਵਿਧੀ ਅਤੇ ਦ੍ਰਿੜ ਇਰਾਦੇ ਨਾਲ, 2005 ਵਿੱਚ ਜਸਪਾਲ ਦਾ ਸੁਪਨਾ ਆਖਰਕਾਰ ਸੱਚ ਹੋ ਗਿਆ ਜਦੋਂ ਉਸਨੂੰ bmibaby, ਉਡਾਣ ਬੋਇੰਗ 737 ਵਿੱਚ ਨੌਕਰੀ ਦੀ ਪੇਸ਼ਕਸ਼ ਕੀਤੀ ਗਈ। ਉਹ ਕੰਪਨੀ ਲਈ ਕੰਮ ਕਰਨ ਵਾਲਾ ਪਹਿਲਾ ਸਿੱਖ ਪਾਇਲਟ ਬਣਿਆ।

ਇੱਕ ਸਾਲ ਬਾਅਦ, ਜਸਪਾਲ ਈਜ਼ੀਜੈੱਟ ਵਿੱਚ ਸ਼ਾਮਲ ਹੋ ਗਿਆ, ਜਿੱਥੇ ਉਸਨੇ ਬੋਇੰਗ 737 ਅਤੇ ਏਅਰਬੱਸ ਏ320 ਦੋਵਾਂ ਨੂੰ ਉਡਾਇਆ। ਦੁਬਾਰਾ ਫਿਰ, ਉਹ ਕੰਪਨੀ ਲਈ ਉਡਾਣ ਭਰਨ ਵਾਲਾ ਪਹਿਲਾ ਸਿੱਖ ਪਾਇਲਟ ਸੀ ਅਤੇ ਫਿਰ 2012 ਵਿੱਚ, ਜਸਪਾਲ ਨੇ ਵਰਜਿਨ ਐਟਲਾਂਟਿਕ ਦੇ ਨਾਲ ਲੰਬੀ ਉਡਾਣ ਦਾ ਆਪਣਾ ਜੀਵਨ ਭਰ ਦਾ ਟੀਚਾ ਪ੍ਰਾਪਤ ਕੀਤਾ। ਉਹ ਇਕ ਵਾਰ ਫਿਰ ਕੰਪਨੀ ਲਈ ਉਡਾਣ ਭਰਨ ਵਾਲਾ ਪਹਿਲਾ ਸਿੱਖ ਪਾਇਲਟ ਸੀ। ਜਸਪਾਲ ਹੁਣ 11 ਸਾਲਾਂ ਤੋਂ ਵਰਜਿਨ ਐਟਲਾਂਟਿਕ ਦੇ ਨਾਲ ਹੈ ਅਤੇ ਪੂਰੀ ਦੁਨੀਆ ਵਿੱਚ ਉੱਡਿਆ ਹੈ। ਉਸਨੇ ਆਪਣੇ ਪਲੇਟਫਾਰਮ ਦੀ ਵਰਤੋਂ ਦੂਜਿਆਂ ਦੀ ਮਦਦ ਕਰਨ ਲਈ ਵੀ ਕੀਤੀ ਹੈ।

2014 ਵਿੱਚ, ਜਸਪਾਲ ਨੇ ਵਿਨਾਸ਼ਕਾਰੀ ਭੂਚਾਲ ਤੋਂ ਬਾਅਦ ਨੇਪਾਲ ਵਿੱਚ ਸਹਾਇਤਾ ਪਹੁੰਚਾਉਣ ਲਈ ਮਾਨਵਤਾਵਾਦੀ ਚੈਰਿਟੀ ਖਾਲਸਾ ਏਡ ਨਾਲ ਭਾਈਵਾਲੀ ਕੀਤੀ। ਉਸਨੇ ਕੋਵਿਡ-19 ਮਹਾਂਮਾਰੀ ਦੌਰਾਨ ਭਾਰਤ ਲਈ ਆਕਸੀਜਨ ਕੰਸੈਂਟਰੇਟਰ ਮਸ਼ੀਨਾਂ ਵੀ ਉਡਾਈਆਂ ਅਤੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਜਸ਼ਨਾਂ ਲਈ ਯੂਕੇ ਤੋਂ ਲਾਹੌਰ ਜਾਣ ਵਾਲੇ ਸਿੱਖ ਸ਼ਰਧਾਲੂਆਂ ਲਈ ਚਾਰਟਰ ਫਲਾਈਟ ਦਾ ਪ੍ਰਬੰਧ ਕਰਨ ਦਾ ਸਨਮਾਨ ਪ੍ਰਾਪਤ ਕੀਤਾ। ਜਸਪਾਲ ਨੇ ਆਪਣੇ ਸਾਥੀ ਸਿੱਖ ਬਜ਼ੁਰਗਾਂ, ਚਾਚਿਆਂ, ਭਰਾਵਾਂ ਅਤੇ ਭੈਣਾਂ ਨੂੰ ਲਾਹੌਰ ਉਡਾਣ ਭਰਨ ਅਤੇ ਉਨ੍ਹਾਂ ਨੂੰ ਦੁਬਾਰਾ ਘਰ ਲਿਆਉਣ ਦਾ ਮਾਣ ਪ੍ਰਾਪਤ ਕੀਤਾ। ਜਸਪਾਲ ਦੀ ਕਹਾਣੀ ਦ੍ਰਿੜਤਾ ਅਤੇ ਲਗਨ ਦੀ ਹੈ। ਉਸ ਨੇ ਪਾਇਲਟ ਬਣਨ ਦੇ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਕਈ ਚੁਣੌਤੀਆਂ ਨੂੰ ਪਾਰ ਕੀਤਾ। ਉਹ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ।

# ਡੋਡਾ ਵਿੱਚ ਬੱਸ ਹਾਦਸੇ ’ਚ 38 ਹਲਾਕ, 20 ਜ਼ਖ਼ਮੀ

## *ਬੇਕਾਬੂ ਬੱਸ 300 ਫੁੱਟ ਡੂੰਘੀ ਖੱਡ ’ਚ ਡਿੱਗੀ; ਜ਼ਖ਼ਮੀਆਂ ’ਚੋਂ ਕੁਝ ਦੀ ਹਾਲਤ ਗੰਭੀਰ*

ਡੋਡਾ (ਜੰਮੂ ਕਸ਼ਮੀਰ) : ਜੰਮੂ ਕਸ਼ਮੀਰ ਦੇ ਡੋਡਾ ਜ਼ਿਲ੍ਹੇ ਵਿੱਚ ਅੱਜ ਸਵੇਰੇ ਪੌਣੇ ਬਾਰਾਂ ਵਜੇ ਦੇ ਕਰੀਬ ਮੁਸਾਫਰਾਂ ਨਾਲ ਭਰੀ ਬੱਸ ਦੇ 300 ਫੁੱਟ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਘੱਟੋ-ਘੱਟ 38 ਵਿਅਕਤੀ ਹਲਾਕ ਤੇ 20 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ’ਚੋਂ ਕੁਝ ਦੀ ਹਾਲਤ ਗੰਭੀਰ ਹੋਣ ਕਰਕੇ ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ। ਅਧਿਕਾਰੀ ਨੇ ਕਿਹਾ ਕਿ ਬੱਸ (ਨੰ. ਜੇਕੇ02 ਸੀਐੱਨ-6555) ਵਿੱਚ 56 ਦੇ ਕਰੀਬ ਮੁਸਾਫ਼ਰ ਸਵਾਰ ਸਨ ਤੇ ਬੱਸ ਕਿਸ਼ਤਵਾੜ ਤੋਂ ਜੰਮੂ ਜਾ ਰਹੀ ਸੀ ਕਿ ਬਟੋਟ-ਕਿਸ਼ਤਵਾੜ ਕੌਮੀ ਸ਼ਾਹਰਾਹ ’ਤੇ ਤਰੁੰਗਲ-ਅੱਸਾਰ ਨੇੜੇ ਬੇਕਾਬੂ ਹੋ ਕੇ ਸੜਕ ਕੰਢੇ 300 ਫੁੱਟ ਡੂੰਘੀ ਖੱਡ ਵਿੱਚ ਜਾ ਡਿੱਗੀ। ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਪੀਡੀਪੀ ਮੁਖੀ ਮਹਿਬੂਬਾ ਮੁਫ਼ਤੀ, ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁਲਾ ਸਣੇ ਹੋਰਨਾਂ ਸਿਆਸੀ ਆਗੂਆਂ ਨੇ ਹਾਦਸੇ ’ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸ੍ਰੀ ਮੋਦੀ ਨੇ ਪ੍ਰਧਾਨ ਮੰਤਰੀ ਕੌਮੀ ਰਾਹਤ ਫੰਡ ਵਿਚੋਂ ਮ੍ਰਿਤਕਾਂ ਦੇ ਵਾਰਿਸਾਂ ਨੂੰ ਦੋ ਦੋ ਲੱਖ ਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਉਧਰ ਜੰਮੂ ਕਸ਼ਮੀਰ ਸਰਕਾਰ ਨੇ ਵੀ ਮ੍ਰਿਤਕਾਂ ਦੇ ਵਾਰਿਸਾਂ ਲਈ 5-5 ਲੱਖ ਰੁਪਏ ਤੇ ਜ਼ਖਮੀਆਂ ਲਈ ਇਕ ਇਕ ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਹੈ।

ਸੂਤਰਾਂ ਨੇ ਕਿਹਾ ਕਿ ਬੱਸ ਬਹੁਤ ਉਚਾਈ ਤੋਂ ਖੱਡ ਵਿੱਚ ਡਿੱਗੀ ਤੇ ਬੁਰੀ ਤਰ੍ਹਾਂ ਨੁਕਸਾਨੀ ਗਈ। ਪੁਲੀਸ ਤੇ ਸੂਬੇ ਦੀ ਆਫ਼ਤ ਰਿਸਪੌਂਸ ਫੋਰਸ (ਐੱਸਡੀਆਰਐੱਫ) ਦੇ ਅਮਲੇ ਤੋਂ ਇਲਾਵਾ ਸਥਾਨਕ ਲੋਕ ਰਾਹਤ ਕਾਰਜਾਂ ਵਿੱਚ ਜੁਟੇ ਰਹੇ। ਡੋਡਾ ਦੇ ਡਿਪਟੀ ਕਮਿਸ਼ਨਰ ਹਰਵਿੰਦਰ ਸਿੰਘ ਨੇ ਕਿਹਾ, “ਇਹ ਬਹੁਤ ਮੰਦਭਾਗਾ ਹਾਦਸਾ ਹੈ। ਦੱਸਿਆ ਜਾ ਰਿਹਾ ਹੈ ਕਿ ਬੱਸ ਆਪਣੀ ਸਾਈਡ ਛੱਡ ਕੇ ਦੂਜੇ ਪਾਸੇ ਚੱਲ ਰਹੀ ਸੀ ਜਿਸ ਕਰਕੇ ਹਾਦਸਾ ਹੋਇਆ।” ਉਨ੍ਹਾਂ ਕਿਹਾ ਕਿ ਮ੍ਰਿਤਕਾਂ ਵਿਚੋਂ ਕੁਝ ਦੀ ਸ਼ਨਾਖਤ ਹੋ ਗਈ ਹੈ ਤੇ ਲਾਸ਼ਾਂ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਸਿੰਘ ਨੇ ਕਿਹਾ, “ਅਸੀਂ ਵਾਹਨ ਦੇ ਸਾਰੇ ਵੇਰਵੇ ਚੈੱਕ ਕਰ ਲਏ ਹਨ। ਸ਼ਾਇਦ ਡਰਾਈਵਰ ਅਣਗਹਿਲੀ ਨਾਲ ਵਾਹਨ ਚਲਾ ਰਿਹਾ ਸੀ। ਵਾਹਨ ਰੋਕਾਂ ਨੂੰ ਤੋੜ ਕੇ ਖੱਡ ਵਿੱਚ ਜਾ ਡਿੱਗਾ।” ਉਨ੍ਹਾਂ ਕਿਹਾ ਕਿ ਹਾਦਸੇ ਦੀ ਜਾਂਚ ਕੀਤੀ ਜਾਵੇਗੀ। ਉਧਰ ਰਾਹਤ ਕਾਰਜਾਂ ਵਿੱਚ ਲੱਗੇ ਅਧਿਕਾਰੀਆਂ ਨੇ ਕਿਹਾ ਕਿ ਲਾਸ਼ਾਂ ਬੱਸ ਦੇ ਕੁੱਝ ਹਿੱਸਿਆਂ ਨੂੰ ਕੱਟ ਕੇ ਕੱਢੀਆਂ ਗਈਆਂ ਹਨ। ਸਥਾਨਕ ਲੋਕਾਂ ਨੇ ਸੜਕ ਦੀ ਮਾੜੀ ਹਾਲਤ ਨੂੰ ਲੈ ਕੇ ਫ਼ਿਕਰ ਜਤਾਇਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਜਿਹੇ ਕਈ ਹਾਦਸੇ ਹੋ ਚੁੱਕੇ ਹਨ। ਉਧਰ ਜੰਮੂ ਕਸ਼ਮੀਰ ਦੇ ਅਨੰਤਨਾਗ ਤੋਂ ਸੰਸਦ ਮੈਂਬਰ ਤੇ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਕਿਹਾ ਕਿ ਬਦਕਿਸਮਤੀ ਨਾਲ 38 ਵਿਅਕਤੀਆਂ ਦੀ ਮੌਤ ਹੋ ਗਈ ਹੈ ਤੇ 20 ਜ਼ਖ਼ਮੀ ਹਨ, ਜਿਨ੍ਹਾਂ ’ਚੋਂ 6 ਦੀ ਹਾਲਤ ਗੰਭੀਰ ਹੈ। ਜ਼ਖ਼ਮੀਆਂ ਨੂੰ ਜੀਐੱਮਸੀ ਡੋਡਾ ਤੇ ਲੋੜ ਮੁਤਾਬਕ ਹੈਲੀਕਾਪਟਰ ਜ਼ਰੀਏ ਜੀਐੱਮਸੀ ਜੰਮੂ ਤਬਦੀਲ ਕੀਤਾ ਗਿਆ ਹੈ।” ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਹਾਦਸੇ ਵਿੱਚ ਗਈਆਂ ਜਾਨਾਂ ’ਤੇ ਦੁੱਖ ਦਾ ਇਜ਼ਹਾਰ ਕੀਤਾ ਹੈ।



# ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ 203 ਏਕੜ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾਇਆ

## -ਬਲਾਕ ਤਲਵਾੜਾ ਦੇ ਪਿੰਡ ਭੰਬੋਤਾੜ ਵਿਚ ਸਰਕਾਰੀ ਪੰਚਾਇਤੀ ਜ਼ਮੀਨ ਤੋਂ ਛੁਡਵਾਇਆ ਨਾਜਾਇਜ਼ ਕਬਜ਼ਾ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਜ਼ਿਲ੍ਹੇ ਦੇ ਤਲਵਾੜਾ ਬਲਾਕ ਦੇ ਪਿੰਡ ਭੰਬੋਤਾੜ ਦੀ 203 ਏਕੜ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾਇਆ। ਇਸ ਮੌਕੇ ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ ਵੀ ਉਨ੍ਹਾਂ ਦੇ ਨਾਲ ਸਨ।

ਪਿੰਡ ਦੇ ਕਮਿਊਨਿਟੀ ਸੈਂਟਰ ਵਿਚ ਕਰਵਾਏ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਚਾਇਤ ਮੰਤਰੀ ਨੇ ਦੱਸਿਆ ਕਿ ਭੰਬੋਤਾੜ ਅਧੀਨ ਪੈਂਦੇ ਚਾਰ ਪਿੰਡਾਂ ਵਿਚ 252 ਏਕੜ ਪੰਚਾਇਤੀ ਜ਼ਮੀਨ ’ਤੇ ਕਬਜ਼ਾ ਸੀ ਅਤੇ 203 ਏਕੜ ਜ਼ਮੀਨ ’ਤੇ ਨਾਜਾਇਜ਼ ਕਬਜ਼ਾ ਪਿੰਡਾਂ ਦੀਆਂ ਪੰਚਾਇਤਾਂ ਅਤੇ ਕਿਸਾਨਾਂ ਵੱਲੋਂ ਆਪਣੀ ਮਰਜ਼ੀ ਨਾਲ ਛੱਡਿਆ ਗਿਆ ਹੈ, ਜੋ ਕਿ ਸ਼ਲਾਘਾਯੋਗ ਕੰਮ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੀ ਜ਼ਮੀਨ ’ਤੇ ਲੋਕਾਂ ਨੇ ਆਪਣੇ ਘਰ ਬਣਾ ਲਏ ਹਨ, ਇਸ ਸਬੰਧੀ ਨੀਤੀ ਬਣਾ ਕੇ ਜਲਦੀ ਹੀ ਕਬਜ਼ੇ ਛੁਡਵਾ ਲਏ ਜਾਣਗੇ ਅਤੇ ਲੋਕਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਜ਼ਮੀਨ ਕਬਜ਼ੇ ਤੋਂ ਮੁਕਤ ਕਰਵਾਈ ਗਈ ਹੈ, ਉਸ ’ਤੇ ਖੈਰ ਅਤੇ ਸਾਗਵਾਨ ਦੇ ਦਰੱਖਤ ਲੱਗੇ ਹੋਏ ਹਨ ਅਤੇ ਵੱਢਣਯੋਗ ਹੋ ਗਏ ਹਨ। ਉਨ੍ਹਾਂ ਕਿਹਾ ਕਿ ਵਿਭਾਗ ਤੋਂ ਮਨਜ਼ੂਰੀ ਲੈ ਕੇ ਇਨ੍ਹਾਂ ਦੀ ਕਟਾਈ ਕਰਵਾਈ ਜਾਵੇਗੀ ਅਤੇ ਪੈਸੇ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਏ ਜਾਣਗੇ।





ਇਕ ਸਵਾਲ ਦੇ ਜਵਾਬ ਵਿਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੂਬੇ ਵਿਚ ਵੱਖ-ਵੱਖ ਥਾਵਾਂ ’ਤੇ ਕਰੀਬ 13 ਹਜ਼ਾਰ ਏਕੜ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਵਾਏ ਗਏ ਹਨ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਅਦਾਲਤੀ ਕੇਸਾਂ ਦੇ ਨਿਪਟਾਰੇ ਸਬੰਧੀ ਵਕਾਲਤ ਵਿਚ ਤੇਜ਼ੀ ਲਿਆਂਦੀ ਜਾਵੇਗੀ ਅਤੇ ਸੂਬੇ ਦੀਆਂ ਹੋਰ ਜ਼ਮੀਨਾਂ ਨੂੰ ਵੀ ਜਲਦੀ ਹੀ ਕਬਜ਼ਿਆਂ ਤੋਂ ਮੁਕਤ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਰਕਾਰੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਭਾਵੇਂ ਉਹ ਕਿੰਨਾ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ, ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਕੰਮ ਕਰ ਰਹੇ ਵਿਭਾਗ ਦੇ ਸ਼ਾਮਲਾਟ ਸੈੱਲ ਨੂੰ ਮਜ਼ਬੂਤ ਕੀਤਾ ਗਿਆ ਹੈ ਤਾਂ ਜੋ ਪੰਚਾਇਤੀ ਜ਼ਮੀਨਾਂ ਤੋਂ ਕਬਜ਼ਿਆਂ ਤੋਂ ਛੁਟਕਾਰਾ ਦਿਵਾਉਣ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ।

ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਸੰਯੁਕਤ ਡਾਇਰੈਕਟਰ ਜਗਵਿੰਦਰਜੀਤ ਸਿੰਘ ਸੰਧੂ, ਡਵੀਜ਼ਨਲ ਡਿਪਟੀ ਡਾਇਰੈਕਟਰ ਜਲੰਧਰ ਅਮਰਦੀਪ ਸਿੰਘ ਗੁਜਰਾਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਲਰਾਜ ਸਿੰਘ, ਡੀ.ਡੀ.ਪੀ.ਓ ਭੁਪਿੰਦਰ ਸਿੰਘ ਮੁਲਤਾਨੀ, ਬੀ.ਡੀ.ਪੀ.ਓ ਤਲਵਾੜਾ ਸੁਖਪ੍ਰੀਤਪਾਲ ਸਿੰਘ ਵੀ ਹਾਜ਼ਰ ਸਨ।

## ਪਰਾਲੀ ਸਾੜਨ ਦੇ ਮਾਮਲੇ

# ਪੰਜਾਬ ’ਚ ਰੈੱਡ ਅਲਰਟ ਜਾਰੀ, ਉਲੰਘਣਾ ਕਰਨ ਵਾਲਿਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪਰਾਲੀ ਸਾੜਨ ’ਤੇ ਪੂਰੀ ਮੁਕੰਮਲ ਰੋਕ ਲਾਉਣ ਲਈ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਹਿੱਤ ਸਪੈਸ਼ਲ ਡਾਇਰੈਕਟ ਜਨਰਲ ਆਫ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ ਅਤੇ ਜੇਕਰ ਪਰਾਲੀ ਸਾੜਨ ਦਾ ਕੋਈ ਵੀ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਉਸ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜ਼ਿਕਰਯੋਗ ਹੈ ਕਿ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਪਰਾਲੀ ਸਾੜਨ ਵਿਰੁੱਧ ਕਾਰਵਾਈ ਦੀ ਨਿਗਰਾਨੀ ਲਈ ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੂੰ ਪੁਲਿਸ ਨੋਡਲ ਅਫ਼ਸਰ ਨਿਯੁਕਤ ਕੀਤਾ ਸੀ।

ਉਨ੍ਹਾਂ ਕਿਹਾ ਕਿ ਸੀਪੀਜ਼/ਐਸਐਸਪੀਜ਼ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਕਿਸਾਨਾਂ, ਨਾਗਰਿਕਾਂ ਅਤੇ ਵੱਖ-ਵੱਖ ਭਾਈਵਾਲਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਦੱਸਣ ਕਿ ਇਹ ਕਾਨੂੰਨ ਦੀ ਉਲੰਘਣਾ ਵੀ ਹੈ ਜਿਸ ਲਈ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕਦੀ ਹੈ।





ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ, ਜੋ ਹੁਸ਼ਿਆਰਪੁਰ ਅਤੇ ਐਸ.ਬੀ.ਐਸ.ਨਗਰ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ ਦਾ ਜਾਇਜ਼ਾ ਲੈਣ ਲਈ ਦੌਰੇ ‘ਤੇ ਸਨ, ਨੇ ਕਿਹਾ ਕਿ ਸਾਰੇ ਡੀਐਸਪੀਜ਼ ਅਤੇ ਐਸਐਚਓਜ਼ ਨੂੰ ਕਿਹਾ ਗਿਆ ਹੈ ਕਿ ਉਹ ਲੋਕਾਂ ਨੂੰ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਸਰਪੰਚਾਂ ਅਤੇ ਕਿਸਾਨ ਆਗੂਆਂ ਨਾਲ ਗੱਲਬਾਤ ਕਰਨ ਕਿਉਂਕਿ ਪਰਾਲੀ ਸਾੜਨਾ ਸਿਰਫ ਸ਼ਹਿਰੀ ਲੋਕਾਂ ਲਈ ਹੀ ਨਹੀਂ ਬਲਕਿ ਹਰੇਕ ਵਿਅਕਤੀ ਲਈ ਇੱਕ ਵੱਡੀ ਸਮੱਸਿਆ ਬਣ ਗਿਆ ਹੈ।

ਉਨ੍ਹਾਂ ਨੇ ਹੁਸ਼ਿਆਰਪੁਰ ਅਤੇ ਐਸ.ਬੀ.ਐਸ.ਨਗਰ ਦੇ ਸਾਰੇ ਗਜ਼ਟਿਡ ਰੈਂਕ ਦੇ ਅਫਸਰਾਂ ਅਤੇ ਸਟੇਸ਼ਨ ਹਾਊਸ ਅਫਸਰਾਂ (ਐਸ.ਐਚ.ਓਜ਼) ਦੀ ਮੀਟਿੰਗ ਵੀ ਬੁਲਾਈ ਤਾਂ ਜੋ ਉਨ੍ਹਾਂ ਦੇ ਖੇਤਰਾਂ ਵਿੱਚ ਪਰਾਲੀ ਸਾੜਨ ਦੀ ਸਥਿਤੀ ਦਾ ਜਾਇਜ਼ਾ ਲਿਆ ਜਾ ਸਕੇ।

ਸਪੈਸ਼ਲ ਡੀਜੀਪੀ ਨੇ ਕਿਸਾਨਾਂ ਨੂੰ ਇਸ ਕਾਰਜ ਵਿੱਚ ਸਹਿਯੋਗ ਦੇਣ ਅਤੇ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ, ਕਿਉਂਕਿ ਇਸ ਨਾਲ ਨਾ ਸਿਰਫ਼ ਵਾਤਾਵਰਨ ਖ਼ਰਾਬ ਹੁੰਦਾ ਹੈ ਸਗੋਂ ਬੱਚਿਆਂ ਦੀ ਸਿਹਤ ’ਤੇ ਵੀ ਮਾੜਾ ਅਸਰ ਪੈਂਦਾ ਹੈ।

ਉਨ੍ਹਾਂ ਕਿਹਾ ਕਿ ਪੁਲਿਸ ਸਟੇਸ਼ਨ ਅਤੇ ਉਸਦੇ ਅਧਿਕਾਰ ਖੇਤਰ ਦੇ ਹਿਸਾਬ ਨਾਲ ਪਹਿਲਾਂ ਹੀ ਲੋੜੀਂਦੀ ਗਿਣਤੀ ਵਿੱਚ ਵਾਧੂ ਪੈਟਰੋਲਿੰਗ ਪਾਰਟੀਆਂ ਸਰਗਰਮ ਹਨ ਅਤੇ ਉੱਡਣ ਦਸਤੇ ਵੀ ਪਰਾਲੀ ਸਾੜਨ ਦੀਆਂ ਗਤੀਵਿਧੀਆਂ ’ਤੇ ਲਗਾਤਾਰ ਨਜ਼ਰ ਰੱਖ ਰਹੇ ਹਨ। ਉਨ੍ਹਾਂ ਦੁਹਰਾਇਆ ਕਿ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ, ਜਿਨ੍ਹਾਂ ਨਾਲ ਐਸਐਸਪੀ ਹੁਸ਼ਿਆਰਪੁਰ ਸਰਤਾਜ ਸਿੰਘ ਚਾਹਲ ਵੀ ਮੌਜੂਦ ਸਨ, ਨੇ 18 ਨਵੰਬਰ ਨੂੰ ਹੋਣ ਵਾਲੀ ਰੈਲੀ ਦੀ ਥਾਂ ਦਾ ਦੌਰਾ ਕਰਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ।

# ਜਾਗਤ ਜੋਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਗੁਰਪ੍ਰੀਤ ਸਿੰਘ ਨਿਆਮੀਆਂ



ਸ੍ਰੀ ਗੁਰੂ ਨਾਨਕ ਦੇਵ ਜੀ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਰਚਨਾ ਕੀਤੀ ਅਤੇ ਇਸ ਨੂੰ ਸਾਂਭਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਦੇਸ਼ ਭਰ 'ਚ ਘੁੰਮ ਕੇ ਜਿਥੇ ਪਾਪੀ ਰੂਹਾਂ ਨੂੰ ਤਾਰਿਆ ਅਤੇ ਹੱਕ ਸੱਚ ਦਾ ਹੋਕਾ ਦਿੱਤਾ, ਉਥੇ ਉਨ੍ਹਾਂ ਦੇਸ਼ ਭਰ ਦੇ ਮਹਾਨ ਸੰਤਾਂ ਮਹਾਪੁਰਸ਼ਾਂ ਦੀ ਬਾਣੀ ਇਕੱਤਰ ਕਰਨ ਦਾ ਵੱਡਾ ਕਾਰਜ ਵੀ ਕੀਤਾ। ਇਹੋ ਬਾਣੀ ਅੱਗੇ ਤੋਂ ਅੱਗੇ ਅਗਲੇ ਗੁਰੂ ਸਾਹਿਬਾਨ ਨੂੰ ਵਿਰਾਸਤ 'ਚ ਮਿਲਦੀ ਗਈ। ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਵਲੋਂ ਜਦੋਂ ਇਹ ਦਾਅਵਾ ਜਤਾਇਆ ਗਿਆ ਕਿ ਗੁਰੂਗੱਦੀ 'ਤੇ ਉਸਦਾ ਜੱਦੀ ਹੱਕ ਹੈ ਤਾਂ ਗੁਰੂ ਜੀ ਨੇ ਉਸਨੂੰ ਭਾਵੇਂ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਸੀ ਕਿ ਗੁਰੂਗੱਦੀ ਪਰਿਵਾਰਾਂ ਨੂੰ ਵਿਰਾਸਤ 'ਚ ਨਹੀਂ ਮਿਲ ਸਕਦੀ ਪਰ ਇਸਦੇ ਬਾਵਜੂਦ ਪ੍ਰਿਥੀ ਚੰਦ ਨੇ ਵਿਰੋਧ ਦਾ ਰਸਤਾ ਨਹੀਂ ਛੱਡਿਆ। ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਨਕਲੀ ਬਾਣੀ ਵੀ ਰਚੀ ਜਾਣ ਲੱਗ ਪਈ ਸੀ। ਸ਼ਬਦ ਦੇ ਅਖੀਰ 'ਚ ਨਾਂ ਅਸਲ ਬਾਣੀ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਲਿਖਿਆ ਜਾਂਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਬਾਣੀ ਨੂੰ ਸ਼ੁੱਧ ਰੂਪ 'ਚ ਰੱਖਣ ਲਈ ਅਤੇ ਜਨਤਾ ਦੇ ਪਰਉਪਕਾਰ ਲਈ ਇਕ ਬਹੁਤ ਵੱਡਾ ਫੈਸਲਾ ਲਿਆ। ਉਹ ਫੈਸਲਾ ਸੀ ਸਮੁੱਚੀ ਬਾਣੀ ਨੂੰ ਇਕ ਗ੍ਰੰਥ ਸਾਹਿਬ ਜੀ 'ਚ ਇਕੱਤਰ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸ ਵੇਲੇ ਪੋਥੀ ਸਾਹਿਬ ਕਿਹਾ ਜਾਂਦਾ ਸੀ। ਇਹ ਮਹਾਨ ਕਾਰਜ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਗਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਮਸਰ ਦੇ ਕਿਨਾਰੇ ਪੋਥੀ ਸਾਹਿਬ ਲਿਖਣ ਦਾ ਕਾਰਜ ਆਰੰਭਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਅੱਗੇ ਇਹ ਇਕ ਬਹੁਤ ਵੱਡਾ ਕਾਰਜ ਸੀ, ਜਿਸ 'ਚ ਸਾਰੀ ਬਾਣੀ ਦਾ ਨਿਖੇੜਾ ਕਰਕੇ ਸ਼ੁੱਧ ਬਾਣੀ ਦੀ ਚੋਣ ਕਰਨਾ ਅਤੇ ਸੰਤਾਂ ਮਹਾਪੁਰਸ਼ਾਂ ਦੀ ਬਾਣੀ ਸ਼ੁੱਧ ਰੂਪ 'ਚ ਸੰਗ੍ਰਹਿ ਕਰਨਾ ਸੀ। ਅਖੀਰ ਕਈ ਮਹੀਨਿਆਂ ਦੀ ਮਿਹਨਤ ਸਦਕਾ 1604 ਈਂ 'ਚ ਪੋਥੀ ਸਾਹਿਬ ਦਾ ਸੰਪਾਦਨ ਮੁਕੰਮਲ ਹੋ ਗਿਆ। ਇਕ ਗੱਲ ਪਾਠਕਾਂ ਨਾਲ ਹੋਰ ਸਾਂਝੀ ਕਰਨਾ ਚਾਹੁੰਦੇ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ ਗੋਇੰਦਵਾਲ ਸਾਹਿਬ ਵਿਖੇ ਆਪਣੀ ਗੋਦ 'ਚ ਲੈ ਕੇ ਇਹ ਪਵਿੱਤਰ ਬਚਨ ਕੀਤੇ ਸਨ, "ਦੋਹਿਤਾ ਬਾਣੀ ਕਾ ਬੋਹਿਥਾ" ਤਾਂ ਜਾਣੀ ਜਾਣ ਸਤਿਗੁਰੂ ਨੂੰ ਇਹ ਗੱਲ ਭਲੀ ਭਾਂਤ ਪਤਾ ਸੀ ਕਿ ਉਨ੍ਹਾਂ ਦਾ ਦੋਹਤਰਾ ਬਾਣੀ ਦੀ ਬਹੁਤ ਰਚਨਾ ਕਰੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਨਾਨਾ ਗੁਰੂ ਜੀ ਦੇ ਵਚਨਾਂ ਨੂੰ ਪੂਰਾ ਕਰਦਿਆਂ ਬਹੁਤ ਸਾਰੀ ਬਾਣੀ ਰਚੀ। ਆਪ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ 'ਚ ਬਾਣੀ ਦੀ ਰਚਨਾ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਚੇ 1345 ਸ਼ਬਦ, 62 ਅਸ਼ਟਪਦੀਆਂ, 62 ਛੰਤ, 6 ਵਾਰਾਂ (ਵਾਰਾਂ ਦੀਆਂ 110 ਪਉੜੀਆਂ ਹਨ ਅਤੇ 7 ਹੋਰ ਪੌੜੀਆਂ ਗਉੜੀ, ਸਾਰੰਗ ਤੇ ਮਲ੍ਹਾਰ ਦੀ ਵਾਰ ਵਿਚ ਰਚੀਆਂ), 277 ਸਲੋਕ (13 ਹੋਰ ਸਲੋਕ ਆਪ ਜੀ ਨੇ ਰਚੇ, 8 ਬਾਬਾ ਫਰੀਦ ਜੀ ਦੇ ਸਲੋਕਾਂ ਵਿਚ ਅਤੇ 5 ਭਗਤ ਕਬੀਰ ਜੀ ਦੇ ਸਲੋਕ) ਰਚੇ। ਇਸ ਤੋਂ ਇਲਾਵਾ ਪਹਿਰੇ, ਬਾਰਹਮਾਹਾ, ਦਿਨ ਰੈਣਿ, ਬਾਵਨ ਅੱਖਰੀ, ਸੁਖਮਨੀ ਸਾਹਿਬ, ਥੀਤੀ, ਬਿਰਹੜੇ, ਗੁਣਵੰਤੀ, ਰਾਗ ਮਾਰੂ 'ਚ ਅੰਜਲੀਆਂ ਤੇ ਸੋਹਲੇ, ਰਾਗਾਂ ਦੀ ਸਮਾਪਤੀ 'ਤੇ 67 ਸਹਸਕ੍ਰਿਤੀ ਸਲੋਕ, 24 ਸਲੋਕ ਗਾਥਾ, ਫੁਨਹੇ ਦੇ 24, ਚਉਬੋਲੇ ਦੇ 11 ਸ਼ਬਦ ਅਤੇ 20 ਸਵੱਈਆ ਆਦਿ ਦੀ ਰਚਨਾ ਵੀ ਕੀਤੀ। ਇੰਝ ਆਪ ਜੀ ਦੇ ਰਚੇ ਹੋਏ ਕੁੱਲ 2218 ਸ਼ਬਦ ਤੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ (974 ਸ਼ਬਦ ਤੇ ਸਲੋਕ), ਸ੍ਰੀ ਗੁਰੂ ਅੰਗਦ ਦੇਵ ਜੀ (62 ਸਲੋਕ), ਸ੍ਰੀ ਗੁਰੂ ਅਮਰਦਾਸ ਜੀ (907 ਪਦ ਤੇ ਸਲੋਕ), ਸ੍ਰੀ ਗੁਰੂ ਰਾਮ ਦਾਸ ਜੀ (679 ਪਦ ਤੇ ਸਲੋਕ), ਸ੍ਰੀ ਗੁਰੂ ਅਰਜਨ ਦੇਵ ਜੀ (2218 ਪਦ ਤੇ ਸਲੋਕ), ਸ੍ਰੀ ਗੁਰੂ ਤੇਗ ਬਹਾਦਰ ਜੀ (115 ਪਦ ਤੇ ਸਲੋਕ) ਦੀ ਬਾਣੀ ਸ਼ਾਮਲ ਹੈ। ਕੁੱਝ ਇਤਿਹਾਸਕਾਰ ਮੰਨਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ 'ਚ ਇਕ ਦੋਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਹੈ ਪਰ ਬਹੁਤ ਇਤਿਹਾਸਕਾਰ ਇਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਲਿਖਿਆ ਹੀ ਮੰਨਦੇ ਹਨ।

ਇਸ ਤੋਂ ਇਲਾਵਾ ਭਗਤ ਜੈਦੇਵ (2 ਸ਼ਬਦ), ਸ਼ੇਖ ਫਰੀਦ (130 ਸਲੋਕ, 4 ਸ਼ਬਦ), ਭਗਤ ਤਿਰਲੋਚਨ ਜੀ (4 ਸ਼ਬਦ), ਭਗਤ ਨਾਮਦੇਵ ਜੀ (60 ਸ਼ਬਦ), ਭਗਤ ਰਾਮਾਨੰਦ ਜੀ (1 ਸ਼ਬਦ), ਭਗਤ ਸਧਨਾ ਜੀ (1 ਸ਼ਬਦ), ਭਗਤ ਬੇਣੀ ਜੀ (1 ਸ਼ਬਦ), ਭਗਤ ਰਵਿਦਾਸ ਜੀ (41 ਸ਼ਬਦ), ਭਗਤ ਕਬੀਰ ਜੀ (292 ਸ਼ਬਦ, 249 ਸਲੋਕ), ਭਗਤ ਧੰਨਾ ਜੀ (4 ਸ਼ਬਦ), ਭਗਤ ਪੀਪਾ ਜੀ (1 ਸ਼ਬਦ), ਭਗਤ ਸੇਨ ਜੀ (1 ਸ਼ਬਦ), ਭਗਤ ਪਰਮਾਨੰਦ (1 ਸ਼ਬਦ), ਭਗਤ ਸੂਰਦਾਸ (1 ਸ਼ਬਦ), ਭਗਤ ਭੀਖਨ ਜੀ (2 ਸ਼ਬਦ), ਭਾਈ ਮਰਦਾਨਾ ਜੀ (3 ਸਲੋਕ), ਬਾਬਾ ਸੁੰਦਰ ਜੀ (6 ਪਉੜੀਆਂ), ਡੂਮ ਸੱਤਾ ਤੇ ਰਾਏ ਬਲਵੰਡ (8 ਪਦੇ, ਭਾਵ ਇਕ ਵਾਰ) ਦੀ ਬਾਣੀ ਨੂੰ ਵੀ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਸਨਮਾਨ ਤੇ ਸਤਿਕਾਰ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ 11 ਭੱਟਾਂ ਕਲਸਹਾਰ, ਜਾਲਪ, ਕੀਰਤ, ਸੱਲ, ਭੱਲ, ਨੱਲ, ਮਥੁਰਾ, ਗਯੰਦ, ਭੀਖਾ, ਬੱਲ ਅਤੇ ਹਰਬੰਸ ਜੀ ਦੇ 123 ਸਵੱਈਏ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੇ ਗਏ ਹਨ।


ਭਗਤ ਜੈਦੇਵ ਜੀ ਬੰਗਾਲ ਦੇ ਬੀਰਭੂਮ ਜ਼ਿਲੇ ਦੇ ਪਿੰਡ ਕੰਦੂਲੀ, ਸ਼ੇਖ ਫਰੀਦ ਜੀ ਜ਼ਿਲਾ ਮੁਲਤਾਨ, ਭਗਤ ਤਿਰਲੋਚਨ ਜੀ ਸ਼ੋਲਾਪੁਰ ਜ਼ਿਲੇ ਦੇ ਪਿੰਡ ਬਾਰਸੀ, ਭਗਤ ਨਾਮਦੇਵ ਜੀ ਜ਼ਿਲਾ ਸਿਤਾਰਾ ਦੇ ਪਿੰਡ ਨਰਸੀ ਬਾਮਣੀ (ਮਹਾਰਾਸ਼ਟਰ), ਭਗਤ ਰਾਮਾਨੰਦ ਜੀ ਉੱਤਰ ਪ੍ਰਦੇਸ਼, ਭਗਤ ਸਧਨਾ ਜੀ ਸਿੰਧ, ਭਗਤ ਰਵਿਦਾਸ ਜੀ ਬਨਾਰਸ, ਭਗਤ ਕਬੀਰ ਜੀ ਬਨਾਰਸ, ਭਗਤ ਧੰਨਾ ਜੀ ਪਿੰਡ ਧੁਆਨ (ਰਾਜਸਥਾਨ), ਭਗਤ ਪੀਪਾ ਜੀ ਗੁਜਰਾਤ (ਰਿਆਸਤ ਗਗਰੌਨਗੜ੍ਹ ਦੇ ਰਾਜਾ), ਭਗਤ ਸੇਨ ਜੀ ਰਿਆਸਤ ਰੀਵਾਂ, ਭਗਤ ਪਰਮਾਨੰਦ ਮਹਾਰਾਸ਼ਟਰ ਦੇ ਜ਼ਿਲਾ ਸ਼ੋਲਾਪੁਰ ਦੇ ਪਿੰਡ ਬਾਰਸੀ, ਭਗਤ ਸੂਰਦਾਸ ਜੀ ਪਿੰਡ ਸੀਹੀ (ਦਿੱਲੀ), ਭਗਤ ਭੀਖਨ ਜੀ ਪਿੰਡ ਕਾਕੋਰੀ (ਲਖਨਊ), ਭਾਈ ਮਰਦਾਨਾ ਜੀ ਨਨਕਾਣਾ ਸਾਹਿਬ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਖਾਨਦਾਨ ਦੇ ਮਰਾਸੀ), ਬਾਬਾ ਸੁੰਦਰ ਜੀ (ਸ੍ਰੀ ਗੁਰੂ ਅਮਰਦਾਸ ਜੀ ਦੇ ਪੜਪੋਤਰੇ), ਸੱਤਾ ਡੂਮ ਤੇ ਰਾਏ ਬਲਵੰਡ (ਗੁਰੂ ਘਰ ਦੇ ਕੀਰਤਨੀਏ) ਆਦਿ ਦੇਸ਼ ਦੇ ਵੱਖੋ ਵੱਖ ਹਿੱਸਿਆਂ ਨਾਲ ਸਬੰਧਤ ਭਗਤ ਤੇ ਸੰਤ ਹੋਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਦੇ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ 'ਜਪੁ ਜੀ ਸਾਹਿਬ' ਨੂੰ ਸਥਾਨ ਦਿੱਤਾ। ਸਾਰੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਵੱਖੋ ਵੱਖ ਗੁਰੂ ਸਾਹਿਬਾਨ ਵਲੋਂ ਰਚੀ ਬਾਣੀ ਦਰਸਾਉਣ ਲਈ ਉਸ 'ਤੇ ਸਿਰਲੇਖ ਮਹਲਾ ਪਹਿਲਾ, ਦੂਜਾ, ਤੀਜਾ ਆਦਿ ਦਿੱਤਾ। ਜਿਸ ਦਾ ਭਾਵ ਸੀ ਜਿਸ ਗੁਰੂ ਦੀ ਬਾਣੀ ਉਹ ਮਹਲੇ ਦਾ ਨਾਂ। ਬਾਣੀ ਨੂੰ ਵੱਖੋ ਵੱਖ ਰਾਗਾਂ ਵਿਚ ਬਹੁਤ ਹੀ ਵਿਲੱਖਣ ਤਰੀਕੇ ਨਾਲ ਵੰਡ ਕੇ ਦਰਜ ਕੀਤਾ ਗਿਆ ਹੈ। ਹਰੇਕ ਰਾਗ ਵਿਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਰਜ ਕੀਤੀ ਗਈ ਤੇ ਉਸ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਦੀ। ਜਿਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਹੀਂ ਰਚੀ ਗਈ, ਉਸ ਵਿਚ ਉਨ੍ਹਾਂ ਤੋਂ ਤਰਤੀਬ ਵਾਰ ਬਾਅਦ ਦੇ ਗੁਰੂ ਸਾਹਿਬਾਨ ਦੀ ਬਾਣੀ ਪਹਿਲੇ ਸਥਾਨ 'ਤੇ ਰੱਖੀ ਗਈ ਹੈ। ਹਰੇਕ ਰਾਗ ਵਿਚ ਜਿਸ ਥਾਂ 'ਤੇ ਗੁਰੂ ਸਾਹਿਬਾਨ ਦੀ ਬਾਣੀ ਸਮਾਪਤ ਹੁੰਦੀ ਹੈ। ਉਸ ਤੋਂ ਬਾਅਦ ਜੇਕਰ ਗੁਰੂ ਸਾਹਿਬਾਨ ਵਲੋਂ ਰਚੀ ਗਈ ਕੋਈ ਵਾਰ ਹੈ ਤਾਂ ਉਹ ਦਰਜ ਕੀਤੀ ਗਈ ਤੇ ਉਸ ਤੋਂ ਬਾਅਦ ਬਾਕੀ ਭਗਤਾਂ ਦੀ ਬਾਣੀ ਲਿਆਂਦੀ ਗਈ। ਭਗਤਾਂ ਦੀ ਬਾਣੀ ਦਾ ਆਮ ਤੌਰ 'ਤੇ ਆਰੰਭ ਭਗਤ ਕਬੀਰ ਜੀ ਦੀ ਬਾਣੀ ਨਾਲ ਹੁੰਦਾ ਹੈ। ਹਰੇਕ ਰਾਗ ਵਿਚ ਪਹਿਲਾਂ ਦੁਪਦੇ, ਤ੍ਰਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸ਼ਟਪਦੀਆਂ ਆਦਿ ਲਿਆਂਦੀਆਂ ਗਈਆਂ ਅਤੇ ਇਨ੍ਹਾਂ ਤੋਂ ਬਾਅਦ ਸੋਹਲੇ, ਕੋਈ ਹੋਰ ਵਿਸ਼ੇਸ਼ ਪਦ, ਛੰਤ ਜਾਂ ਵਾਰ ਲਿਖੀ ਗਈ।

ਹਰੇਕ ਸ਼ਬਦ ਤੋਂ ਬਾਅਦ ਪਿਛਲੇ ਕੁੱਲ ਸ਼ਬਦਾਂ ਦਾ ਜੋੜ ਵੀ ਨਾਲ ਦੀ ਨਾਲ ਸੰਪਾਦਨ ਕਰਨ ਸਮੇਂ ਲਿਖਿਆ ਗਿਆ, ਜਿਸ ਤੋਂ ਅਖੀਰ ਵਿਚ ਪਤਾ ਚਲ ਜਾਂਦਾ ਹੈ ਕਿ ਕਿਸ ਰਾਗ ਵਿਚ ਕਿਸ ਗੁਰੂ ਸਾਹਿਬ ਜੀ ਜਾਂ ਭਗਤ ਦੇ ਕਿੰਨੇ ਸ਼ਬਦ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ ਪਹਿਲੇ 8 ਅੰਗਾਂ ਤੱਕ ਜਪੁ ਜੀ ਸਾਹਿਬ, 8 ਤੋਂ 12 ਅੰਗਾਂ ਤੱਕ ਸੋਦਰ, ਸੋਪੁਰਖ (ਰਹਿਰਾਸ ਸਾਹਿਬ) ਅਤੇ 12 ਤੋਂ 13 ਅੰਗ ਤੱਕ ਸੋਹਿਲਾ ਨਾਂਅ ਦੀ ਬਾਣੀ ਦਰਜ ਕੀਤੀ ਗਈ ਹੈ। ਇਹ ਸਿੱਖਾਂ ਦਾ ਨਿੱਤਨੇਮ ਹੈ। ਪਹਿਲਾ ਰਾਗ ਕੀਰਤਨ ਸੋਹਿਲੇ ਤੋਂ ਬਾਅਦ ਸ਼ੁਰੂ ਹੁੰਦਾ ਹੈ ਤੇ ਇਹ ਸਿਰੀ ਰਾਗ ਹੈ। ਅੰਗ 14 ਤੋਂ ਲੈ ਕੇ ਅੰਗ 1353 ਤੱਕ ਵੱਖੋ ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਹੈ। ਇਨ੍ਹਾਂ ਰਾਗਾਂ ਦੀ ਗਿਣਤੀ 31 ਹੈ। ਇਨ੍ਹਾਂ ਦੀ ਤਰਤੀਬ ਇੰਝ ਹੈਃ- ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਨੜਾ, ਕਲਯਾਣ, ਪਰਭਾਤੀ ਅਤੇ ਜੈਜਾਵੰਤੀ। ਰਾਗ ਜੈਜਾਵੰਤੀ ਵੀ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੀ ਬਾਣੀ ਹੈ। ਇਨ੍ਹਾਂ ਰਾਗਾਂ ਤੋਂ ਬਿਨਾਂ ਕਈ ਥਾਂ ਦੋ ਦੋ ਰਲਵੇਂ-ਮਿਲਵੇ ਰਾਗਾਂ ਵਿਚ ਵੀ ਬਾਣੀ ਰਚੀ ਹੋਈ ਮਿਲਦੀ ਹੈ, ਜਿਵੇਂ ਗਉੜੀ-ਮਾਝ, ਗਉੜੀ-ਦੀਪਕੀ, ਆਸਾ-ਕਾਫੀ, ਤਿਲੰਗ-ਕਾਫੀ, ਪ੍ਰਭਾਤੀ-ਵਿਭਾਸ, ਕਲਯਾਣ-ਭੋਪਾਲੀ, ਬਸੰਤ-ਹਿੰਡੋਲ ਆਦਿ।

ਅੰਗ 1353 ਤੋਂ ਰਾਗ ਮੁਕਤ ਬਾਣੀ ਦਰਜ ਕੀਤੀ ਗਈ ਹੈ। ਸਲੋਕ ਸਹਸਕ੍ਰਿਤੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 4 ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 67 ਸਲੋਕ ਹਨ, ਜੋ ਅੰਗ 1360 ਤੱਕ ਦਰਜ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਰਚਿਤ ਗਾਥਾ ਦੇ 24 ਬੰਦ, ਫੁਨਹੇ ਦੇ 23 ਤੇ ਚਉਬੋਲੇ ਦੇ 11 ਬੰਦ ਅੰਗ 1364 ਤੱਕ ਦਰਜ ਕੀਤੇ ਗਏ ਹਨ। ਭਗਤ ਕਬੀਰ ਜੀ ਦੇ ਸਲੋਕ 1364 ਤੋਂ 1377 ਅੰਗ ਤੱਕ, ਬਾਬਾ ਫਰੀਦ ਜੀ ਦੇ ਸਲੋਕ 1377 ਤੋਂ 1384 ਅੰਗ ਤੱਕ, ਸਵੱਈਏ ਸ੍ਰੀ ਮੁੱਖ ਵਾਕ 1385 ਤੋਂ 1389 ਅੰਗ ਤੱਕ, ਭੱਟਾਂ ਦੇ ਸਵੱਈਏ 1389 ਤੋਂ 1409 ਅੰਗ ਤੱਕ ਦਰਜ ਕੀਤੇ ਗਏ ਹਨ। ਜੋ ਸ਼ਬਦ ਵੱਖੋ ਵੱਖ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਨਹੀਂ ਹੋ ਸਕੇ, ਉਹ ਸਾਰੇ ਹੀ ਸ਼ਬਦ 'ਸਲੋਕ ਵਾਰਾਂ ਤੇ ਵਧੀਕ' ਨਾਂਅ ਦੇ ਸਿਰਲੇਖ ਹੇਠ ਅੰਗ 1426 ਤੱਕ ਦਰਜ ਕੀਤੇ ਗਏ ਹਨ। ਇਸ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਅੰਗ 1426 ਤੋਂ 1429 ਤੱਕ ਹਨ। ਅਖੀਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਲਿਖਕੇ ਬਾਣੀ ਦੀ ਸਮਾਪਤੀ ਦੀ ਮੋਹਰ ਲਗਾ ਦਿੱਤੀ ਹੈ, ਜੋ ਕਿ ਅੰਗ 1429 'ਤੇ ਦਰਜ ਹੈ। ਸਭ ਤੋਂ ਅਖੀਰ ਵਿਚ ਰਾਗ ਮਾਲਾ ਅੰਗ 1429 ਤੋਂ 1430 ਤੱਕ ਦਰਜ ਕੀਤੀ ਗਈ ਹੈ।

ਸਮੁੱਚੀ ਬਾਣੀ ਵਿਚ ਸੱਚੇ ਸੁੱਚੇ ਕਰਮ ਕਰਦੇ ਹੋਏ ਅਕਾਲ ਪੁਰਖ ਦਾ ਨਾਮ ਸਦਾ ਹੀ ਸਿਮਰਦੇ ਰਹਿਣ ਦੀ ਤਾਕੀਦ ਕੀਤੀ ਗਈ ਹੈ। ਪ੍ਰਭੂ ਦਾ ਭਜਨ ਜੀਵਨ ਦਾ ਆਧਾਰ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਬਾਣੀ ਵਿਚ ਅਧਿਆਤਮਕਵਾਦ ਦੇ ਨਾਲ ਨਾਲ ਸੰਸਾਰਿਕ ਕਦਰਾਂ-ਕੀਮਤਾਂ ਅਤੇ ਪੌਰਾਣਿਕ ਹਵਾਲੇ ਵੀ ਦਿੱਤੇ ਗਏ। ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੱਚ ਦਾ ਹੀ ਪ੍ਰਕਾਸ਼ ਹੈ ਤੇ ਇਕੋ ਇਕ ਅਕਾਲ ਪੁਰਖ ਦਾ ਨਾਮ ਸਿਮਰਨ ਕਰਨ ਤੇ ਉਸਨੂੰ ਯਾਦ ਰੱਖਣ ਦਾ ਆਦੇਸ਼ ਹੈ। ਇਸ ਨਾਮ 'ਤੇ ਕਿਵੇਂ ਚੱਲਣਾ ਹੈ ਤੇ ਨਾਮ ਨੂੰ ਮਨ 'ਚ ਕਿਸ ਤਰ੍ ?ਹਾਂ ਵਸਾਉਣਾ ਹੈ, ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਖੁੱਲ੍ਹ ਕੇ ਦੱਸਿਆ ਗਿਆ ਹੈ। ਭਾਦਰੋਂ ਸੁਦੀ 1 ਸੰਮਤ 1661 ਮੁਤਾਬਕ ਸਤੰਬਰ 1604 ਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ ਸੀ। ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਮੁੱਖ ਗ੍ਰੰਥੀ ਨਿਯੁਕਤ ਕੀਤਾ ਗਿਆ ਸੀ।



# ਗੁਰਗੱਦੀ ਦਿਵਸ, ਗੁਰੂ ਗ੍ਰੰਥ ਸਾਹਿਬ ਜੀ





ਸਰਵਜੀਤ ਸਿੰਘ
ਸੈਕਰਾਮੈਂਟੋ
lsarbjits@gmail.com


ਸਿੱਖ ਕੌਮ ਵੱਲੋਂ ਹਰ ਸਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਬੜੇ ਉਤਸ਼ਾਹ ਨਾਲ ਮਾਇਆ ਜਾਂਦਾ ਹੈ। ਯੂਬਾ ਸਿਟੀ (ਕੈਲੀਫੋਰਨੀਆ) ਵਿੱਚ ਹੋਣ ਵਾਲਾ ਨਗਰ ਕੀਰਤਨ ਦੁਨੀਆਂ ਭਰ ਵਿੱਚ ਪ੍ਰਸਿੱਧ ਹੈ। ਸਿੱਖ ਇਤਿਹਾਸ ਦੀਆਂ ਹੋਰ ਕਈ ਤਾਰੀਖਾਂ ਦੀ ਤਰ੍ਹਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਦੀ ਤਾਰੀਖ ਬਾਰੇ ਵੀ ਵਿਦਵਾਨਾਂ ਵਿੱਚ ਮੱਤ ਭੇਦ ਹਨ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਬਿਕ੍ਰਮੀ ਕੈਲੰਡਰ ਵਿੱਚ ਹਰ ਸਾਲ ਇਸ ਦਿਹਾੜੇ ਦਾ ਪ੍ਰਵਿਸ਼ਟਾ (ਤਾਰੀਖ) ਬਦਲ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਗੁਰਦਵਾਰਾ ਪ੍ਰਬੰਧਕ ਕਮੇਟੀ ਇਹ ਦਿਹਾੜਾ ਮਨਾਉਂਦੀ ਤਾਂ ਵਦੀ-ਸੁਦੀ ਭਾਵ ਚੰਦ ਦੇ ਕੈਲੰਡਰ ਮੁਤਾਬਕ ਹੈ, ਪਰ ਕੈਲੰਡਰ ਵਿਚ ਦਰਜ ਪ੍ਰਵਿਸ਼ਟਿਆਂ ਭਾਵ ਸੂਰਜੀ ਕੈਲੰਡਰ ਮੁਤਾਬਕ ਕਰਦੀ ਹੈ। ਸ਼ ?ਰੋਮਣੀ ਕਮੇਟੀ ਦੇ ਕੈਲੰਡਰ ਵਿੱਚ ਇਸ ਸਾਲ ਇਹ ਦਿਹਾੜਾ 30 ਕੱਤਕ (15 ਨਵੰਬਰ, 2023 ਈ:) ਦਾ ਦਰਜ ਹੈ। ਇਸ ਦਿਨ ਚੰਦ ਦੇ ਕੈਲੰਡਰ ਮੁਤਾਬਕ ਕੱਤਕ ਸੁਦੀ ਦੂਜ ਹੈ। ਸ਼੍ਰੋਮਣੀ ਕਮੇਟੀ ਇਹ ਦਿਹਾੜਾ ਕੱਤਕ ਸੁਦੀ ਦੂਜ ਨੂੰ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਦਿਹਾੜਾ ਕੱਤਕ ਸੁਦੀ 5 ਨੂੰ ਮਨਾਉਂਦੀ ਹੈ। ਇਸ ਦਾ ਭਾਵ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਤਿੰਨ ਦਿਨ ਪਹਿਲਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸਮਰਪਿਤ ਕਰ ਦਿੱਤੀ ਸੀ। ਪਰ ਜਦੋਂ ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਵੇਖਦੇ ਹਾਂ ਤਾਂ ਉਥੇ ਗੁਰਗੱਦੀ ਇਕ ਦਿਨ ਪਹਿਲਾ ਦੇਣ ਦਾ ਵੇਰਵਾ ਦਰਜ ਹੈ।

This weakened the Guru beyond cure and he passed away on kattak sudi E, AGFE BK/G October 1708. Before the end came Sri Guru Gobind Singh ji had asked for the Sacred Volume to be brought forth. To quote Bhatt Vahi Talaunda Parganah jind: TGuru Gobind Singh, the Tenth master, son of Guru teg bahadur, grandson of Guru Hargobind, great grandson of Guru Arjan, of the family of Guru Ram Das Surajbansi, Gosal Clan, Sodhi khatri, resident of Anandpur, parganah kahlur, now at nanded, in the Godavari country in the Deccan, asked Bhai Daya Singh, on Wednesday, F October 1708, to fetch Sri Guru Granth Shaib. In obedience to his order, Daya Singh brought Sri Guru Granth Shaib. The Guru placed before it five pice and a coconut and bowed his head before it. He said to the sangat, Òit is my commandment, own Sri Granth ji in my place. He who so acknowledges it will obtain his reward. The guru will rescue him. Know this as the truth.U (sgpc.net)

ਭੱਟ ਵਹੀ ਤਲਾਉਂਡਾ ਪਰਗਣਾ ਜੀਂਦ ਦੇ ਹਵਾਲੇ ਨਾਲ ਦਰਜ ਕੀਤੀ ਗਈ ਉਪ੍ਰੋਕਤ ਜਾਣਕਾਰੀ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਨੇ ਕੱਤਕ ਸੁਦੀ 5 ਸੰਮਤ 1765 ਬਿਕ੍ਰਮੀ/ 7 ਅਕਤੂਬਰ 1708 ਈ: (ਜੂਲੀਅਨ) ਨੂੰ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾ ਭਾਵ 6 ਅਕਤੂਬਰ 1708 ਈ: (ਜੂਲੀਅਨ) ਦਿਨ ਬੁਧਵਾਰ ਨੂੰ, ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸਮਰਪਿਤ ਕਰ ਦਿੱਤੀ ਸੀ। 6 ਅਕਤੂਬਰ 1708 ਈ: (ਜੂਲੀਅਨ) ਦਿਨ ਬੁਧਵਾਰ ਨੂੰ ਕੱਤਕ ਸੁਦੀ 4 ਸੀ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਕੱਤਕ ਸੁਦੀ 2 ਨੂੰ ਮਨਾਉਂਦੀ ਹੈ। ਸਪੱਸ਼ਟ ਹੈ ਕਿ ਹੋਰ ਕਈ ਤਾਰੀਖਾਂ ਦੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਦੇਣ ਦੀਆਂ ਵੀ ਦੋ ਤਾਰੀਖਾਂ, ਕੱਤਕ ਸੁਦੀ 2 ਅਤੇ ਕੱਤਕ ਸੁਦੀ 4 ਮੰਨੀਆਂ ਜਾਂਦੀਆਂ ਹਨ। ਇਹ ਦੋਵੇਂ ਤਾਰੀਖਾਂ ਸਹੀ ਨਹੀਂ ਹੋ ਸਕਦੀਆਂ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਦੋਵਾਂ ਤਾਰੀਖਾਂ ਵਿੱਚੋਂ ਕਿਹੜੀ ਤਾਰੀਖ ਸਹੀ ਹੋ ਸਕਦੀ ਹੈ ?

"ਵਚਿੱਤਰ ਜੀਵਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ" ਦਾ ਕਰਤਾ ਸੋਢੀ ਤੇਜਾ ਸਿੰਘ ਲਿਖਦਾ ਹੈ, "ਇਸ ਉਪਰੰਤ ਅਰਦਾਸ ਕਰਕੇ ਕੜਾਹ ਪ੍ਰਸਾਦਿ ਦੀ ਦੇਗ ਵਰਤਾਈ ਗਈ। ਕੱਤਕ ਸੁਦੀ ਦੂਜ ਸੰਮਤ 1765 ਨੂੰ ਇਹ ਮਹਾਨ ਕਾਰਜ ਕਰਕੇ ਗੁਰੂ ਜੀ ਨੇ ਬਚਨ ਕੀਤਾ ਕਿ ਹੁਣ ਸਾਡੀ ਆਪਣੇ ਪਿਤਾ ਅਕਾਲ ਪੁਰਖ ਪਾਸ ਜਾਣ ਦੀ ਤਿਆਰੀ ਹੈ, ਸਾਡਾ ਅੰਗੀਠਾ ਤਿਆਰ ਕਰੋ।

ਗੁਰਬਾਣੀ ਪਾਠ ਦਰਪਣ (ਦਮਦਮੀ ਟਕਸਾਲ) ਵਿੱਚ ਵੀ ਇਹ ਤਾਰੀਖ ਹੀ ਦਰਜ ਹੈ, "1765 ਬਿਕ੍ਰਮੀ, ਕੱਤਕ ਸੁਦੀ ਦੂਜ ਨੂੰ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ, ਪੰਜਾਂ ਸਿੰਘਾਂ ਨੂੰ ਤਾਬਿਆ ਖੜੇ ਕਰਕੇ ਆਪ ਜੀ ਨੇ ਸਾਰੇ ਪੰਥ ਨੂੰ ਆਗਿਆ ਕੀਤੀ।

ਦੂਜੇ ਪਾਸੇ ਦਮਦਮੀ ਟਕਸਾਲ ਦੀ ਵੈਬ ਸਾਈਟ ਉੱਪਰ, "Just before His departure from the world on the 7th of October 1708 Guru Sahib installed Sri Guru Granth Sahib Ji as the Sikhs final and everlasting Guru" ਲਿਖਿਆ ਮਿਲਦਾ ਹੈ।

ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਕਰਨਲ ਸੁਰਜੀਤ ਸਿੰਘ ਨਿਸ਼ਾਨ ਅਤੇ ਡਾ. ਹਰਜਿੰਦਰ ਸਿੰਘ ਦਿਲਗੀਰ ਵੀ ਇਕ ਮੱਤ ਨਹੀਂ ਹਨ। ਕਰਨਲ ਨਿਸ਼ਾਨ ਦਾ ਮੱਤ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਕੱਤਕ ਸੁਦੀ 2 (4 ਅਕਤੂਬਰ 1708 ਈ:) ਨੂੰ ਅਤੇ ਡਾ ਹਰਜਿੰਦਰ ਸਿੰਘ ਦਿਲਗੀਰ ਦਾ ਮੱਤ ਹੈ ਗੁਰੂ ਗ੍ਰੰਥ ਸਾਹਿਬ ਦੀ ਸਿੱਖਾਂ ਲਈ ਸਦੀਵੀ ਗੁਰੂ ਦੀ ਸਥਾਪਨਾ, 6 ਗੋਬਿੰਦ ਸਿੰਘ ਮਾਹ, 1708, ਸੰਗਤ ਦਿਨ (6 ਅਕਤੂਬਰ 1708 ਈ) ਨੂੰ ਕੀਤੀ ਗਈ ਸੀ। 6 ਗੋਬਿੰਦ ਸਿੰਘ ਮਾਹ, ਸੰਗਤ ਦਿਨ (6 ਅਕਤੂਬਰ) ਮੁਤਾਬਕ ਇਹ ਕੱਤਕ ਸੁਦੀ 4 ਬਣਦੀ ਹੈ।

"ਅੰਤ 6 ਅਕਤੂਬਰ ਸੰਨ 1708 , ਦੱਖਣ ਸ੍ਰੀ ਨਾਦੇੜ ਸਾਹਿਬ ਦੇ ਸਥਾਨ ਤੇ ਦਸਮੇਸ਼ ਜੀ ਨੇ ਇਕ ਵਿਸ਼ੇਸ਼ ਸਮਾਗਮ ਕੀਤਾ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰਿਆਂ ਨੂੰ ਖੜਾ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਮੱਥਾ ਟੇਕ ਦਿੱਤਾ। (ਸ੍ਰੀ ਗੁਰੂ ਗੋਬਿੰਦ ਸਿੰਘ, ਸੰਪਾਦਕ ਡਾ ਸਰਬਜਿੰਦਰ ਸਿੰਘ, ਪੰਨਾ 10)

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ-ਨੰਦੇੜ (ਸਚ ਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ) ਕੱਤਕ ਸੁਦੀ ਚੌਥ ਸੰਮਤ 1765 ਬੁਧਵਾਰ। (ਗਿਆਨੀ ਹਰਬੰਸ ਸਿੰਘ, ਭਾਗ ਪਹਿਲਾ, ਪੰਨਾ 4)

"ਜਗਤ ਹਿਤਕਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਚਖੰਡ ਪਿਆਨਾ ਕਰਨ ਤੋਂ ਪਹਿਲਾਂ ਅਕਤੂਬਰ 6,1708 ਵਾਲੇ ਦਿਨ ਨਾਦੇੜ (ਸੱਚਖੰਡ ਹਜ਼ੂਰ ਸਾਹਿਬ) ਵਿਖੇ ਅੰਮ੍ਰਿਤ ਵੇਲੇ ਇਕ ਵਿਸ਼ੇਸ਼ ਦਿਵਾਨ ਸਜਾ ਕੇ ਦਮਦਮੀ ਬੀੜ ਦੇ ਸਨਮੁਖ ਪੰਜ ਪੇਸੇ ਅਤੇ ਨਾਰੀਅਲ ਭੇਟ ਕਰਕੇ ਫ਼ੁਰਮਾਇਆ ਕਿ ਮੇਰਾ ਹੁਕਮ ਹੈ, ਮੇਰੀ ਜਗ ?ਹਾ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਜਾਨਣਾ। (ਆਰੰਭਿਕ ਸ਼ਬਦ-ਸ੍ਰੀ ਗੁਰੂ ਗ੍ਰੰਥ ਪਰਿਚਯ, ਡਾ ਰਤਨ ਸਿੰਘ ਜੱਗੀ)

ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਦਿਵਸ ਦੀ ਤਾਰੀਖ, ਕੱਤਕ ਸੁਦੀ ਦੂਜ (4 ਅਕਤੂਬਰ) ਅਤੇ ਕੱਤਕ ਸੁਦੀ ਚੌਥ (6 ਅਕਤੂਬਰ) ਲਿਖਣ/ ਮੰਨਣ ਵਾਲੇ ਲੇਖਕਾਂ ਦੀ ਸੂਚੀ ਵਿੱਚ ਹੋਰ ਵਾਧਾ ਵੀ ਕੀਤਾ ਜਾ ਸਕਦਾ ਹੈ, ਪਰ ਸਾਡਾ ਮਕਸਦ ਇਨ੍ਹਾਂ ਦੋਵਾਂ ਤਾਰੀਖਾਂ ਵਿੱਚੋਂ ਸਹੀ ਤਾਰੀਖ ਦੀ ਪੜਤਾਲ ਕਰਨਾ ਹੈ। ਇਸ ਤਾਰੀਖ ਸਬੰਧੀ ਜਾਣਕਾਰੀ ਦਾ ਮੂਲ ਸਰੋਤ ਭੱਟ ਵਹੀਆਂ ਹਨ।

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦਿੱਤੀ ਜਾਣ ਦੀ ਮੌਕੇ ਦੀ ਗਵਾਹੀ ਵੀ ਭੱਟ ਵਹੀਆਂ ਤੋਂ ਮਿਲਦੀ ਹੈ। ਕੇਸੋ ਸਿੰਘ ਦਾ ਪੁੱਤਰ ਭੱਟ ਨਰਬਦ ਸਿੰਘ, ਉਸ ਸਮੇਂ ਨੰਦੇੜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਸੀ। ਉਸ ਨੇ ਆਪਣੇ ਹੱਥੀਂ ਵਹੀ ਵਿਚ ਇੰਦਰਾਜ ਕੀਤਾ; ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜਨ ਜੀ ਕਾ, ਬੰਸ ਗੁਰੂ ਰਾਮਦਾਸ ਜੀ ਦੀ, ਸੂਰਜ ਬੰਸੀ, ਗੋਸਲ ਗੋਤ੍ਰਾ ਸੋਢੀ ਖਤ੍ਰੀ ਬਾਸੀ ਮਾਖੋਆਲ, ਪ੍ਰਗਨਾ ਕਾਹਿਲੂਰ ਸੰਮਤ ਸਤ੍ਰਾਂ ਸੈ ਪੈਂਸਠ ਕਾਰਤਕ ਮਾਂਹ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁ ਦੈਆ ਸਿੰਘ ਕੋ ਬਚਨ ਹੋਆ: ਗ੍ਰੰਥ ਸਾਹਿਬ ਲੇ ਆਓ। ਬਚਨ ਪਾਏ ਦੈਆ ਸਿੰਘ ਗ੍ਰੰਥ ਸਾਹਿਬ ਲੇ ਆਏ। (ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਸੰਪਾਦਕ ਗੁਰਮੁਖ ਸਿੰਘ, ਪੰਨਾ 19)

"ਗੁਰੂ ਗੋਬਿੰਦ ਸਿੰਘ ਮਹਲ ਦਸਮਾ ਬੇਟਾ ਗੁਰੂ ਤੇਗ ਬਹਾਦੁਰ ਕਾ ... ਸੰਬਤ ਸਤ੍ਰਾਂ ਸੇ ਪੈਸਠ ਕਾਰਤਕ ਮਾਸ ਕੀ ਚਉਥ ਸੁਕਲਾ ਪਖੇ ਬੁਦਵਾਰ ਕੇ ਦਿਹੁ। ਦੈਆ ਸਿੰਘ ਸੇ ਬਚਨ ਹੋਆ ਸ੍ਰੀ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇ ਦਿਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ। (ਉਹੀ, ਪੰਨਾ 209)

ਭੱਟ ਵਹੀਆਂ ਦੀ ਸਪੱਸ਼ਟ ਗਵਾਹੀ ਹੋਣ ਦੇ ਬਾਵਜੂਦ ਵੀ ਅਸੀਂ, ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਹਾੜੇ ਦੀ ਤਾਰੀਖ ਬਾਰੇ ਸਹਿਮਤੀ ਕਿਉ ਨਹੀਂ ਬਣਾ ਸਕੇ ? ਭੱਟ ਨਰਬਦ ਸਿੰਘ, ਜੋ ਉਸ ਸਮੇਂ ਨੰਦੇੜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਸੀ, ਲਿਖਦਾ ਹੈ, "ਸੰਮਤ ਸਤ੍ਰਾਂ ਸੈ ਪੈਂਸਠ ਕਾਰਤਕ ਮਾਂਹ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁ"। ਕੀ ਸ਼ ?ਰੋਮਣੀ ਕਮੇਟੀ ਅਗਲੇ ਸਾਲ ਦਾ (ਸੰਮਤ 556 ਨਾਨਕਸ਼ਾਹੀ) ਕੈਲੰਡਰ ਛਾਪਣ ਤੋਂ ਪਹਿਲਾ-ਪਹਿਲਾ ਇਸ ਤਾਰੀਖ ਬਾਰੇ ਕੋਈ ਠੋਸ ਨਿਰਣਾ ਲਵੇਗੀ ?



## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾਗੱਦੀ ਦਿਵਸ 'ਤੇ ਵਿਸ਼ੇਸ਼

# ਮਨੁੱਖਤਾ ਦਾ ਰਾਹ ਰੁਸ਼ਨਾਉਂਦੀ ਹੈ ਗੁਰਬਾਣੀ

-ਡਾ. ਸਤਿੰਦਰ ਪਾਲ ਸਿੰਘ



*ਗੁਰਬਾਣੀ ਮਨੁੱਖ ਦੇ ਤਨ ਤੇ ਤਨ ਅੰਦਰ ਦੀ ਜੀਵਆਤਮਾ ਨੂੰ ਵੱਖ-ਵੱਖ ਕਰ ਕੇ ਵੇਖਣ ਦੀ ਦ੍ਰਿਸ਼ਟੀ ਦਿੰਦੀ ਹੈ, ਜੋ ਆਤਮ ਪਛਾਣ ਦਾ ਧੁਰਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਤਨ ਤੇ ਜੀਵਆਤਮਾ ਦੇ ਆਪਸੀ ਸੰਵਾਦ ਰਾਹੀਂ ਉਨ੍ਹਾਂ ਦਾ ਸਬੰਧ ਸਮਝਾਉਣ ਦੀ ਕਿਰਪਾ ਕੀਤੀ ਹੈ।*

ਗਿਆਨ ਕਿਸੇ ਰੋਸ਼ਨੀ ਦੀ ਤਰ੍ਹਾਂ ਹੈ, ਜੋ ਜੀਵਨ ਨੂੰ ਪਾਰਦਰਸ਼ੀ ਢੰਗ ਨਾਲ ਵੇਖਣ ਦੀ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਮਨੁੱਖ ਸਾਹਮਣੇ ਝੂਠ ਤੇ ਸੱਚ ਵੱਖ-ਵੱਖ ਪ੍ਰਗਟ ਹੁੰਦੇ ਹਨ। ਮਨੁੱਖ ਲਈ ਫ਼ੈਸਲਾ ਕਰਨਾ ਸਰਲ ਹੋ ਜਾਂਦਾ ਹੈ ਕਿ ਉਸ ਨੇ ਕੀ ਧਾਰਨ ਕਰਨਾ ਹੈ ਤੇ ਉਸ ਦਾ ਕੀ ਫਲ ਪ੍ਰਾਪਤ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਨਿਵੇਕਲਾ ਹੈ। ਗੁਰਬਾਣੀ ਸੱਚ ਵੇਖਣ ਦੀ ਦ੍ਰਿਸ਼ਟੀ ਹੀ ਨਹੀ ਬਖ਼ਸ਼ਦੀ ਸਗੋਂ ਸੱਚਾ ਮਾਰਗ ਧਾਰਨ ਕਰਨ ਦੀ ਪ੍ਰੇਰਨਾ ਵੀ ਦਿੰਦੀ ਹੈ। ਗੁਰਬਾਣੀ ਸਾਰਾ ਜੀਵਨ ਨਾਲ-ਨਾਲ ਵੀ ਚੱਲਦੀ ਹੈ ਤੇ ਹਰ ਮੁਸ਼ਕਲ 'ਚ ਸਹਾਇਕ ਬਣ ਕੇ ਖੜ੍ਹੀ ਹੁੰਦੀ ਹੈ। ਮਨੁੱਖ ਨੂੰ ਸੱਚ ਦੇ ਮਾਰਗ ਤੋਂ ਇਕ ਖਿਣ ਲਈ ਵੀ ਇਹ ਡੋਲਣ ਨਹੀਂ ਦਿੰਦੀ। ਗੁਰਬਾਣੀ ਅਨੰਦ ਦੀ ਅਵਸਥਾ 'ਚ ਲਿਜਾਣ ਵਾਲੀ ਹੈ, ਜੋ ਆਵਾਗਮਨ ਤੋਂ ਮੁਕਤ ਹੋਣ ਤੋਂ ਬਾਅਦ ਦਾ ਅੰਤਮ ਫਲ ਹੈ। ਅਨੰਦ ਦੇ ਅੱਗੇ ਕੁਝ ਨਹੀਂ ਹੈ :

**ਗੁਰ ਪੂਰੇ ਕੀ ਬਾਣੀ ਜਪਿ**
**ਅਨਦੁ ਕਰਹੁ ਨਿਤ ਪ੍ਰਾਣੀ**

ਗੁਰਬਾਣੀ ਜੀਵਨ ਦੇ ਹਰ ਸਵਾਲ ਦਾ ਪੂਰਨ ਹੱਲ ਦੇਣ ਵਾਲੀ ਹੈ। ਮੁਕੰਮਲ ਹੱਲ ਪ੍ਰਾਪਤ ਹੋ ਜਾਵੇ ਤਾਂ ਅਨੰਦ ਦੀ ਸਦੀਵੀ ਅਵਸਥਾ ਬਣ ਜਾਂਦੀ ਹੈ। ਗੁਰਬਾਣੀ ਦਾ ਗਿਆਨ ਪੂਰਨ ਵਿਗਿਆਨਕ ਢੰਗ ਨਾਲ ਮਨੁੱਖੀ ਜੀਵਨ ਦੀ ਰਾਹ ਖੋਲ੍ਹਦਾ ਹੈ। ਆਧੁਨਿਕ ਇਲਾਜ ਪ੍ਰਣਾਲੀ ਕਿਸੇ ਰੋਗ ਦੇ ਇਲਾਜ ਤੋਂ ਪਹਿਲਾਂ ਪੂਰੀ ਜਾਂਚ ਨੂੰ ਤਰਜੀਹ ਦਿੰਦੀ ਹੈ। ਜਾਂਚ ਮੁਤਾਬਕ ਹੀ ਦਵਾ ਦਿੱਤੀ ਜਾਂਦੀ ਹੈ। ਗੁਰੂ ਸਾਹਿਬਾਨ ਨੇ ਪੂਰੀ ਲੋਕਾਈ ਨੂੰ ਆਪਣਾ ਮੂਲ ਪਛਾਣਨ ਲਈ ਪ੍ਰੇਰਿਆ। ਜੀਵਨ ਮਨੁੱਖ ਦਾ ਹੈ। ਮਨੁੱਖ ਨੂੰ ਜੀਵਨ ਦੇ ਹਰ ਪੱਖ ਬਾਰੇ ਜਾਣਨ ਦਾ ਪੂਰਾ ਹੱਕ ਹੈ। ਗੁਰਬਾਣੀ ਨੇ ਮਨੁੱਖ ਨੂੰ ਆਪਣਾ ਹੱਲ ਆਪ ਕਰਨ ਯੋਗ ਬਣਾਉਣ ਦਾ ਜੋ ਸੰਕਲਪ ਧਾਰਨ ਕੀਤਾ, ਉਸ ਲਈ ਆਤਮ ਗਿਆਨ ਪਹਿਲੀ ਪੌੜੀ ਬਣੀ। ਮਨੁੱਖ ਅੱਗੇ ਸਭ ਤੋਂ ਵੱਡਾ ਸਵਾਲ ਸੀ ਕਿ ਉਹ ਕਿੱਥੋਂ ਆਇਆ ਹੈ ਤੇ ਸੰਸਾਰ ਅੰਦਰ ਜੀਵਨ ਭੋਗ ਕੇ ਕਿੱਥੇ ਚਲਾ ਜਾਂਦਾ ਹੈ, ਉਸ ਦੇ ਜੀਵਨ ਦਾ ਮਨੋਰਥ ਕੀ ਹੈ ਤੇ ਇਹ ਕਿਵੇਂ ਪ੍ਰਾਪਤ ਹੋ ਸਕਦਾ ਹੈ ? ਗੁਰਬਾਣੀ ਨੇ ਜੀਵਨ ਦਾ ਇਹ ਰਹੱਸ ਉਜਾਗਰ ਕੀਤਾ, ਜੋ ਆਪਣੇ ਆਪ ਦੀ ਪਛਾਣ 'ਚ ਸਹਾਈ ਹੋਇਆ :

**ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ**
**ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ**

ਇਨ੍ਹਾਂ ਦੋ ਪੰਕਤੀਆਂ 'ਚ ਜੀਵਨ ਦੀ ਹਰ ਗੁੱਥੀ ਸੁਲਝਦੀ ਨਜ਼ਰ ਆਉਂਦੀ ਹੈ। ਜੰਮਣ-ਮਰਨ ਪਰਮਾਤਮਾ ਦੀ ਸਹਿਜ ਖੇਡ ਹੈ। ਉਹ ਜੀਵਨ ਦੇ ਰਿਹਾ ਹੈ। ਜਦੋਂ ਉਹ ਸੱਦਦਾ ਹੈ ਤਾਂ ਮਨੁੱਖ ਨੂੰ ਸੰਸਾਰ ਤੋਂ ਕੂਚ ਕਰਨਾ ਪੈਂਦਾ ਹੈ। ਮਨੁੱਖ ਦਾ ਪੂਰਾ ਜੀਵਨ ਮਨੁੱਖ ਦੇ ਹੁਕਮ ਅੰਦਰ ਬਤੀਤ ਹੁੰਦਾ ਹੈ ਭਾਵ ਇਹ ਕਿ ਮਨੁੱਖ ਦਾ ਆਪਣਾ ਕੁਝ ਨਹੀਂ ਹੈ, ਉਸ ਦੇ ਹੱਥ ਕੁਝ ਨਹੀਂ ਹੈ। ਜੋ ਪਰਮਾਤਮਾ ਨੂੰ ਭਾਉਂਦਾ ਹੈ, ਉਹੀ ਜੀਵਨ ਅੰਦਰ ਵਰਤਦਾ ਹੈ। ਮਨੁੱਖ ਨੂੰ ਇਹ ਗਿਆਨ ਹੋ ਜਾਵੇ ਤਾਂ ਉਸ ਦੇ ਅੰਦਰ ਦਾ ਲੋਭ , ਮੋਹ, ਹੰਕਾਰ, ਕ੍ਰੋਧ ਤੇ ਕਾਮ ਆਪ ਹੀ ਨਾਸ਼ ਹੋ ਜਾਵੇਗਾ। ਜਿਸ ਅੰਦਰ ਇਹ ਵਿਕਾਰ ਪੱਲਰ ਰਹੇ ਹਨ, ਉਸ ਨੂੰ ਆਤਮ ਗਿਆਨ ਨਹੀਂ ਹੈ ਤੇ ਉਹ ਭਰਮਾਂ 'ਚ ਭਟਕ ਰਿਹਾ ਹੈ। ਗੁਰਬਾਣੀ ਵਾਰ-ਵਾਰ ਇਹ ਸੁਚੇਤ ਕਰਦੀ ਹੈ ਕਿ ਸੰਸਾਰ ਦੀ ਸਾਰੀ ਰਚਨਾ ਪਰਮਾਤਮਾ ਦੀ ਸਿਰਜੀ ਹੋਈ ਹੈ ਤੇ ਉਸ ਦਾ ਹੀ ਹੁਕਮ ਚੱਲ ਰਿਹਾ ਹੈ। ਕਿਸੇ ਹੋਰ ਦਾ ਹੁਕਮ ਜਾਂ ਇੱਛਾ ਨਹੀਂ ਵਰਤ ਸਕਦੀ। ਉਸ ਪਰਮਾਤਮਾ ਨੂੰ ਜਾਣਨਾ, ਉਸ ਦੀ ਕਿਰਪਾ ਪ੍ਰਾਪਤ ਕਰਨਾ ਮਨੁੱਖ ਦੇ ਜੀਵਨ ਦਾ ਮਨੋਰਥ ਹੈ, ਜੋ ਉਸ ਦੀ ਭਗਤੀ ਨਾਲ ਹੀ ਸੰਭਵ ਹੈ। ਇਸ ਲਈ ਪੂਰਨ ਸਮਰਪਣ ਦੀ ਲੋੜ ਹੈ। ਗੁਰੂ ਸਾਹਿਬਾਨ ਨੇ ਇਹ ਬੋਧ ਵੀ ਕਰਵਾਇਆ ਕਿ ਜੀਵਨ ਦੀ ਸਫਲਤਾ ਕੀ ਹੈ। ਗੁਰਬਾਣੀ ਮੁਤਾਬਕ ਮਨ ਪਰਮਾਤਮਾ 'ਚ ਥਿਰ ਹੋ ਜਾਵੇ ਭਾਵ ਟਿਕ ਜਾਵੇ ਤੇ ਸਾਰੀ ਭਟਕਣ, ਦੁਬਿਧਾ ਮਿਟ ਜਾਵੇ। ਮਨ ਟਿਕਣ ਤੋਂ ਅਗਲੀ ਅਵਸਥਾ ਗੁਰਬਾਣੀ ਨੇ ਪਰਮਾਤਮਾ 'ਚ ਅਭੇਦ ਹੋ ਜਾਣ ਤੇ ਆਵਾਗਮਨ ਤੋਂ ਮੁਕਤ ਹੋ ਜਾਣ ਦੀ ਦੱਸੀ, ਜਿਸ ਲਈ ਮਨੁੱਖੀ ਜੀਵਨ ਦੁਰਲੱਭ ਮੌਕੇ ਦੀ ਤਰ੍ਹਾਂ ਮਿਲਿਆ ਹੈ।


ਮਨੁੱਖ ਸਭ ਤੋਂ ਜ਼ਿਆਦਾ ਪਿਆਰ ਆਪਣੇ ਆਪ , ਆਪਣੇ ਜੀਵਨ, ਆਪਨੇ ਤਨ ਨਾਲ ਕਰਦਾ ਹੈ, ਗੁਰਬਾਣੀ ਦੇ ਗਿਆਨ ਨੇ ਉਸ ਦਾ ਆਪਣੇ ਆਪ ਦਾ ਭਰਮ ਤੋੜਦਿਆਂ ਉਸ ਨੂੰ ਪਰਮਾਤਮਾ ਦਾ ਸਿਰਜਿਆ, ਭੇਜਿਆ ਤੇ ਪਰਮਾਤਮਾ ਦੇ ਹੁਕਮ ਅੰਦਰ ਪੂਰਨ ਤੌਰ 'ਤੇ ਬੰਨ੍ਹਿਆ ਬੰਦਾ ਹੋਣ ਦਾ ਬੋਧ ਕਰਵਾਇਆ। ਆਪਣੇ ਜੀਵਨ ਲਈ ਚਿੰਤਾ ਕਰਦਿਆਂ ਮਨੁੱਖ ਦਾ ਸਾਰਾ ਜੀਵਨ ਗੁਜ਼ਰ ਜਾਂਦਾ ਹੈ। ਗੁਰਬਾਣੀ ਨੇ ਸਪੱਸ਼ਟ ਕੀਤਾ ਕਿ ਮਨੁੱਖ ਦਾ ਜੀਵਨ ਉਸ ਦੀ ਚਿੰਤਾ 'ਤੇ ਨਹੀਂ ਪਰਮਾਤਮਾ ਦੇ ਹੁਕਮ 'ਤੇ ਟਿਕਿਆ ਹੋਇਆ ਹੈ। ਪਰਮਾਤਮਾ ਕਦੋਂ ਤੇ ਕਿਵੇਂ ਸੱਦ ਲਵੇ, ਇਹ ਬਸ ਉਹੀ ਜਾਣਦਾ ਹੈ। ਮਨੁੱਖ ਆਪਣੇ ਆਪ ਨੂੰ ਬਸ ਉਸ ਪਲ ਦਾ ਹੀ ਮਹਿਮਾਨ ਸਮਝੇ, ਜਿਸ ਪਲ 'ਚ ਉਹ ਸਾਹ ਲੈ ਰਿਹਾ ਹੈ :

**ਹਮ ਆਦਮੀ ਹਾਂ ਇਕ ਦਮੀ**
**ਮੁਹਲਤਿ ਮੁਹਤੁ ਨ ਜਾਣਾ**

ਗੁਰਬਾਣੀ ਨੇ ਵਾਰ-ਵਾਰ ਸਪੱਸ਼ਟ ਕੀਤਾ ਕਿ ਜੋ ਵੀ ਸਿਰਜਿਆ ਗਿਆ ਹੈ, ਉਸ ਦਾ ਨਾਸ਼ ਜ਼ਰੂਰ ਹੋਣਾ ਹੈ ਤੇ ਅਵਿਨਾਸ਼ੀ ਕੇਵਲ ਪਰਮਾਤਮਾ ਹੈ। ਮਨੁੱਖ ਪੱਕੀ ਤਰ੍ਹਾਂ ਦ੍ਰਿੜ੍ਹ ਕਰ ਲਵੇ ਕਿ ਉਸ ਦੀ ਜ਼ਿੰਦਗੀ ਬਸ ਇਕ ਦਮ ਦੀ ਹੈ ਤੇ ਅਗਲੇ ਦਮ ਦਾ ਕੋਈ ਯਕੀਨ ਨਹੀਂ ਹੈ ਕਿਉਂਕਿ ਜੀਵਨ ਦੀ ਉਮਰ ਕਿੰਨੀ ਹੈ, ਕਦੋਂ ਪਰਮਾਤਮਾ ਦਾ ਸੱਦਾ ਆ ਜਾਵੇ ਇਹ ਕੋਈ ਨਹੀ ਜਾਣਦਾ। ਮਨੁੱਖ ਲੰਮੇ ਜੀਵਨ ਦੀ ਆਸ ਕਰਦਾ ਹੋਇਆ ਧਨ, ਜਾਇਦਾਦ, ਸੰਸਾਰਕ ਪਦਾਰਥ ਇਕੱਤਰ ਕਰਦਾ ਰਹਿੰਦਾ ਹੈ। ਇਸ ਲਈ ਉਹ ਦਿਨ- ਰਾਤ ਨੱਸਦਾ-ਭੱਜਦਾ ਰਹਿੰਦਾ ਹੈ ਤੇ ਪਾਪ ਕਰਦਿਆਂ ਕੋਈ ਸੰਕੋਚ ਨਹੀਂ ਕਰਦਾ। ਗੁਰਬਾਣੀ ਅਨੁਸਾਰ ਮਨੁੱਖ ਤਾਂ ਆਪਣੇ ਸਾਹਮਣੇ ਹੀ ਲੋਕਾਂ ਨੂੰ ਕਾਲ ਦਾ ਗ੍ਰਾਸ ਬਣਦਾ ਵੇਖ ਰਿਹਾ ਹੈ ਪਰ ਆਪਣੀ ਮੌਤ ਨੂੰ ਵਿਸਾਰੀ ਬੈਠਾ ਹੈ। ਆਪਣੇ ਬਾਰੇ ਇਸ ਤੋਂ ਵੱਡੀ ਅਗਿਆਨਤਾ ਤੇ ਭਰਮ ਹੋਰ ਕੀ ਹੋ ਸਕਦਾ ਹੈ ? ਮਨੁੱਖ ਆਪਣੇ ਜੀਵਨ ਦੇ ਸੱਚ ਨੂੰ ਸਮਝ ਲਵੇ ਤਾਂ ਪਾਪ ਕਰਨ ਤੋਂ ਬਚ ਜਾਵੇਗਾ।

ਸੰਸਾਰ ਦੇ ਰਸ, ਰੰਗ 'ਚ ਗੁਆਚਣ ਤੋਂ ਗੁਰਬਾਣੀ ਸੁਚੇਤ ਕਰਦੀ ਹੈ। ਮਨੁੱਖ ਆਪਣਾ ਸਮਾਂ ਪਰਮਾਤਮਾ ਦੇ ਸਿਮਰਨ ਤੇ ਸ਼ੁਭ ਕਰਮਾਂ 'ਚ ਲਾ ਕੇ ਜੀਵਨ ਸਫਲ ਕਰੇ, ਇਸ ਤੋਂ ਪਹਿਲਾਂ ਇਹ ਪ੍ਰਬੋਧ ਹੋਣਾ ਜ਼ਰੂਰੀ ਹੈ ਕਿ ਮਨੁੱਖ ਕੋਲ ਸਮਾਂ ਨਹੀ ਹੈ। ਗੁਰਬਾਣੀ ਜਿੱਥੇ ਜੀਵਨ ਇਕ ਦਮ ਦਾ ਦੱਸਦੀ ਹੈ, ਉੱਥੇ ਇਹ ਭਰੋਸਾ ਵੀ ਦਿਵਾਉਂਦੀ ਹੈ ਕਿ ਇਕ ਪਲ ਦਾ ਵੀ ਸਿਮਰਨ ਜੇ ਪਰਮਾਤਮਾ ਦੀ ਦ੍ਰਿਸ਼ਟੀ 'ਚ ਪ੍ਰਵਾਨ ਹੋ ਜਾਏ ਤਾਂ ਜਨਮਾਂ-ਜਨਮਾਂ ਦੇ ਪਾਪ ਬਖ਼ਸ਼ ਦਿੰਦਾ ਹੈ ਤੇ ਆਪਣੀ ਸ਼ਰਨ 'ਚ ਲੈ ਲੈਂਦਾ ਹੈ।

ਗੁਰਬਾਣੀ ਮਨੁੱਖ ਦੇ ਤਨ ਤੇ ਤਨ ਅੰਦਰ ਦੀ ਜੀਵਆਤਮਾ ਨੂੰ ਵੱਖ-ਵੱਖ ਕਰ ਕੇ ਵੇਖਣ ਦੀ ਦ੍ਰਿਸ਼ਟੀ ਦਿੰਦੀ ਹੈ, ਜੋ ਆਤਮ ਪਛਾਣ ਦਾ ਧੁਰਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਤਨ ਤੇ ਜੀਵਆਤਮਾ ਦੇ ਆਪਸੀ ਸੰਵਾਦ ਰਾਹੀਂ ਉਨ੍ਹਾਂ ਦਾ ਸਬੰਧ ਸਮਝਾਉਣ ਦੀ ਕਿਰਪਾ ਕੀਤੀ ਹੈ। ਗੁਰੂ ਸਾਹਿਬ ਨੇ ਜੀਵਆਤਮਾ ਨੂੰ ਥਾਂ-ਥਾਂ ਵਿਚਰਦੇ ਜੋਗੀ ਦੀ ਉਪਮਾ ਦਿੱਤੀ ਹੈ ਤੇ ਤਨ ਨੂੰ ਉਸ ਦੇ ਪ੍ਰੇਮ 'ਚ ਪਈ ਇਸਤਰੀ ਕਿਹਾ ਹੈ ਜਿਸ ਨੂੰ ਇਹ ਨਹੀਂ ਪਤਾ ਕਿ ਜਿਸ ਦੇ ਪ੍ਰੇਮ 'ਚ ਉਹ ਅੰਨ੍ਹੀ ਹੋ ਰਹੀ ਹੈ, ਉਸ ਦਾ ਤਾਂ ਸੁਭਾਅ ਹੀ ਚੰਚਲ ਹੈ। ਕੀ ਪਤਾ ਕਿ ਕਦੋਂ ਉਹ ਇੱਥੋਂ ਤੁਰ ਪਵੇ ਤੇ ਕਿਸੇ ਹੋਰ ਘਰ ਨੂੰ ਆਪਣਾ ਟਿਕਾਣਾ ਬਣਾ ਲਵੇ ਭਾਵ ਤਨ ਦਾ ਸੰਜਮ ਹੀ ਪਾਪਾਂ ਤੋਂ ਬਚਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੇ ਸਦੀਵੀ ਤੇ ਸਦ ਜੀਵਤ ਗੁਰੂ ਹਨ, ਜੋ ਇਕ-ਇਕ ਪਲ ਸਾਡੇ ਰਾਹ ਦਸੇਰਾ ਹਨ।



# ਜੁਗਨੀ ਜਾ ਵੜੀ ਮੁਲਤਾਨ

ਡਾ. ਗੁਲਾਮ ਮੁਸਤਫਾ ਡੋਗਰ



'ਜੁਗਨੀ' ਪੰਜਾਬ ਦਾ ਹਰਮਨਪਿਆਰਾ ਗੌਣ ਹੈ। 'ਜੁਗਨੀ' ਬਣਨ ਦੀ ਕਹਾਣੀ ਬਹੁਤ ਦਿਲਚਸਪ ਹੈ। ਦਰਅਸਲ, ਇਹ 'ਜੁਬਲੀ' ਸ਼ਬਦ ਦਾ ਵਿਗੜਿਆ ਹੋਇਆ ਰੂਪ ਹੈ। 'ਜੁਬਲੀ' ਸ਼ਬਦ ਦਾ ਉਚਾਰਣ ਗਲਤ ਤੌਰ 'ਤੇ 'ਜੁਗਨੀ' ਕਰ ਦਿੱਤਾ। ਇਹ ਬਰਤਾਨੀਆ ਦੀ ਮਲਿਕਾ ਵਿਕਟੋਰੀਆ ਦੀ ਤਾਜਪੋਸ਼ੀ ਦੀ ਗੋਲਡਨ ਜੁਬਲੀ ਮੌਕੇ ਪੈਦਾ ਹੋਇਆ। ਜਦੋਂ ਇਹ ਗੋਲਡਨ ਜੁਬਲੀ ਧੂਮਧਾਮ ਨਾਲ ਮਨਾਈ ਗਈ ਤਾਂ ਅਨਪੜ੍ਹ ਲੋਕ ਜੁਬਲੀ ਸ਼ਬਦ ਦਾ ਉਚਾਰਣ ਨਹੀਂ ਕਰ ਸਕੇ। ਆਪਣੀ ਸੌਖ ਲਈ ਉਨ੍ਹਾਂ ਨੇ ਇਸ ਨੂੰ 'ਜੁਗਨੀ' ਕਹਿ ਦਿੱਤਾ। ਫਿਰ ਇਹ ਇੰਨਾ ਹਰਮਨਪਿਆਰਾ ਹੋ ਗਿਆ ਕਿ ਜੁਗਨੀ ਗੌਣ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ। ਆਓ ਹੁਣ ਇਸ ਨਾਲ ਜੁੜੀ ਇਤਿਹਾਸਕ ਘਟਨਾ ਦਾ ਜ਼ਿਕਰ ਕਰਦੇ ਹਾਂ ਜਿੱਥੋਂ 'ਜੁਗਨੀ' ਪੈਦਾ ਹੋਈ।

ਲਹਿੰਦੇ ਪੰਜਾਬ ਦੀ ਵਿਧਾਨ ਸਭਾ ਲਾਹੌਰ ਦੇ ਮਾਲ ਰੋਡ 'ਤੇ ਸਥਤਿ ਹੈ। ਇਸ ਦੀ ਇਮਾਰਤ 17 ਨਵੰਬਰ 1935 ਨੂੰ ਬਣ ਕੇ ਤਿਆਰ ਹੋਈ। ਇਕੱਠੇ ਪੰਜਾਬ ਦੀ ਵਿਧਾਨ ਸਭਾ ਦੇ ਬਿਲਕੁਲ ਸਾਹਮਣੇ ਇੱਕ ਛੋਟਾ ਜਿਹਾ ਪਾਰਕ ਸੀ, ਜਿੱਥੇ ਇੱਕ ਵੱਡਾ ਚਬੂਤਰਾ ਬਣਿਆ ਹੋਇਆ ਸੀ। ਇਸ ਚਬੂਤਰੇ ਉੱਤੇ ਬਰਤਾਨੀਆ ਦੀ ਮਲਿਕਾ ਵਿਕਟੋਰੀਆ ਦਾ ਇੱਕ ਬਹੁਤ ਵੱਡਾ ਬੁੱਤ ਗੱਡਿਆ ਹੋਇਆ ਸੀ। ਚਬੂਤਰਾ ਅਤੇ ਬੁੱਤ ਦੋਵੇਂ ਹੀ ਚਿੱਟੇ ਰੰਗ ਦੇ ਸੰਗਮਰਮਰ ਦੇ ਬਣੇ ਹੋਏ ਸਨ ਅਤੇ ਵੇਖਣ ਵਿੱਚ ਬਹੁਤ ਹੀ ਖ਼ੂਬਸੂਰਤ ਸਨ। ਮਲਿਕਾ ਵਿਕਟੋਰੀਆ ਉਸ ਬੁੱਤ ਵਿੱਚ ਬੈਠੀ ਹੋਈ ਵਿਖਾਈ ਗਈ ਸੀ, ਉਸ ਦੇ ਹੱਥ ਵਿੱਚ ਇੱਕ ਡੰਡਾ ਫੜਿਆ ਹੋਇਆ ਸੀ। 1973 ਦੇ ਨੇੜੇ-ਤੇੜੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਇਸਲਾਮੀ ਮੁਲਕਾਂ ਦੀ ਇੱਕ ਵਿਸ਼ਵ ਕਾਨਫਰੰਸ ਕਰਵਾਈ। ਉਸ ਤੋਂ ਬਾਅਦ ਉਸ ਦੀ ਯਾਦ ਵਿੱਚ ਵਿਧਾਨ ਸਭਾ ਦੇ ਸਾਹਮਣੇ ਇੱਕ ਮਿਨਾਰ ਬਣਾਇਆ ਗਿਆ। ਇਹ ਉਹ ਜਗ ?ਹਾ ਹੀ ਸੀ ਜਿੱਥੇ ਮਲਿਕਾ ਵਿਕਟੋਰੀਆ ਦਾ ਬੁੱਤ ਸੀ। ਇਸ ਕਰਕੇ ਮਲਿਕਾ ਵਿਕਟੋਰੀਆ ਦੇ ਬੁੱਤ ਨੂੰ ਉੱਥੋਂ ਚੁੱਕ ਕੇ ਲਾਹੌਰ ਦੇ ਇੱਕ ਅਜਾਇਬ ਘਰ ਵਿੱਚ ਰਖਵਾ ਦਿੱਤਾ ਗਿਆ। ਅੱਜ ਅਸੀਂ ਇਸੇ ਹੀ ਮਲਿਕਾ ਵਿਕਟੋਰੀਆ ਦੀ ਗੱਲ ਕਰਨ ਲੱਗੇ ਹਾਂ। ਜਿਸ ਦੀ ਵਜ ?ਹਾ ਨਾਲ ਪੰਜਾਬੀ ਜ਼ੁਬਾਨ ਗੌਣ ਵਿੱਚ ਇੱਕ ਨਵੀਂ ਕਿਸਮ ਨੇ ਜਨਮ ਲਿਆ। ਅੱਜ ਵੀ ਪੰਜਾਬ ਦੇ ਲੋਕ ਉਸ ਨਵੀਂ ਕਿਸਮ ਨੂੰ ਬੜੇ ਸ਼ੌਕ ਦੇ ਨਾਲ ਗਾਉਂਦੇ ਹਨ।

ਇਸ ਨਵੀਂ ਕਿਸਮ ਨੂੰ ਅਸੀਂ ਜੁਗਨੀ ਆਖਦੇ ਹਾਂ। ਮਲਿਕਾ ਵਿਕਟੋਰੀਆ 1837 ਤੋਂ ਲੈ ਕੇ 1901 ਤਕ ਬਰਤਾਨੀਆ ਦੀ ਮਲਿਕਾ ਰਹੀ। ਆਪਣੇ ਮਰਨ ਤੋਂ ਬਾਅਦ ਵੀ ਉਹ ਦੁਨੀਆ 'ਤੇ ਆਪਣੇ ਨਾਂ ਦੇ ਨਾਲ ਜੁੜੀਆਂ ਕੁਝ ਚੀਜ਼ਾਂ ਛੱਡ ਗਈ। ਜਿਨ੍ਹਾਂ ਵਿੱਚ ਇੱਕ ਤਾਂ ਇਮਾਰਤਾਂ ਦਾ ਵਿਕਟੋਰੀਆ ਡਿਜ਼ਾਈਨ ਸੀ। ਦੂਸਰਾ ਵਿਕਟੋਰੀਆ ਫਰਨੀਚਰ, ਤੀਸਰਾ ਵਿਕਟੋਰੀਆ ਬੱਘੀ ਜਿਸ ਨੂੰ ਅਸੀਂ ਟਾਂਗਾ ਵੀ ਕਹਿੰਦੇ ਹਾਂ ਅਤੇ ਚੌਥਾ ਵਿਕਟੋਰੀਆ ਕਰਾਸ ਜੋ ਜੰਗ ਵਿੱਚ ਫ਼ੌਜੀਆਂ ਨੂੰ ਉਨ੍ਹਾਂ ਦੀ ਬਹਾਦਰੀ ਕਾਰਨ ਦਿੱਤਾ ਜਾਂਦਾ ਹੈ, ਜਿਵੇਂ ਭਾਰਤ ਵਿੱਚ ਪਰਮਵੀਰ ਚੱਕਰ ਦਿੱਤਾ ਜਾਂਦਾ ਹੈ। ਗੋਰਿਆਂ ਦੀ ਹਕੂਮਤ ਖ਼ਤਮ ਹੋਈ ਤਾਂ ਪੰਜਾਬੀ ਬਾਕੀ ਸਭ ਚੀਜ਼ਾਂ ਭੁੱਲ ਗਏ, ਪ੍ਰੰਤੂ ਮਲਿਕਾ ਵਿਕਟੋਰੀਆ ਦੀ ਇੱਕ ਯਾਦ ਰਹਿ ਗਈ ਜਿਸ ਨੂੰ ਉਹ ਭੁਲਾ ਨਾ ਸਕੇ ਤੇ ਉਹ ਸੀ ਜੁਗਨੀ। ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਜੁਗਨੀ ਦੀ ਪੂਰੀ ਜਾਣਕਾਰੀ ਨਹੀਂ, ਇਸ ਦੇ ਬਾਵਜੂਦ ਉਹ ਇਸ ਦਾ ਪੂਰਾ ਅਨੰਦ ਲੈਂਦੇ ਹਨ। ਮਲਿਕਾ ਵਿਕਟੋਰੀਆ ਨੇ 1887 ਵਿੱਚ ਆਪਣੀ ਮਲਿਕਾ ਹੋਣ ਦੇ 50 ਸਾਲ ਮੁਕੰਮਲ ਹੋਣ ਤੋਂ ਬਾਅਦ ਆਪਣੀ ਤਾਜਪੋਸ਼ੀ ਦੀ ਗੋਲਡਨ ਜੁਬਲੀ ਮਨਾਈ। ਉਸ ਵਕਤ ਮਲਿਕਾ ਨੇ ਦੋ ਕੰਮ ਕੀਤੇ। ਇੱਕ ਤਾਂ ਉਸ ਵਕਤ ਸਲਤਨਤ ਵਿੱਚ ਉਸ ਨੇ ਆਪਣੀ ਯਾਦ ਵਿੱਚ ਕਈ ਇਮਾਰਤਾਂ ਬਣਵਾਈਆਂ। ਦੂਸਰਾ ਕੰਮ ਉਸ ਨੇ ਇਹ ਕੀਤਾ ਕਿ ਲੰਡਨ ਤੋਂ ਲੈ ਕੇ ਹਿੰਦੁਸਤਾਨ ਤੱਕ ਉਸ ਨੇ ਆਪਣੇ ਨਾਂ ਦੀ ਇੱਕ ਜੁਬਲੀ ਮਸ਼ਾਲ ਫੇਰੀ।

ਇਹ ਮਸ਼ਾਲ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਅੱਜਕੱਲ੍ਹ ਓਲੰਪਿਕ ਦੀ ਮਸ਼ਾਲ ਕੱਢੀ ਜਾਂਦੀ ਹੈ। ਕਿਸੇ ਇੱਕ ਵਿਅਕਤੀ ਵੱਲੋਂ ਇਹ ਮਸ਼ਾਲ ਫੜੀ ਜਾਂਦੀ ਹੈ ਅਤੇ ਉਹ ਵੱਖਰੇ-ਵੱਖਰੇ ਮੁਲਕਾਂ ਵਿੱਚ ਇਸ ਨੂੰ ਚੁੱਕ ਕੇ ਚੱਲਦਾ ਹੈ। ਉਸ ਮਸ਼ਾਲ ਵਿੱਚ ਜਿਵੇਂ ਅੱਗ ਬਲਦੀ ਹੈ ਉਸੇ ਤਰ੍ਹਾਂ ਦੀ ਰੋਸ਼ਨੀ ਹੁੰਦੀ ਹੈ। ਉਸ ਵਕਤ ਤੱਕ ਜਿੰਨੇ ਮੁਲਕ ਮਲਿਕਾ ਦੀ ਸਲਤਨਤ ਵਿੱਚ ਸ਼ਾਮਲ ਸਨ, ਜੁਬਲੀ ਮਸ਼ਾਲ ਨੂੰ ਉਨ੍ਹਾਂ ਸਾਰਿਆਂ ਮੁਲਕਾਂ ਵਿੱਚ ਲਜਿਾਇਆ ਜਾਣਾ ਸੀ। ਉਨ੍ਹਾਂ ਮੁਲਕਾਂ ਦੀ ਗਿਣਤੀ ਘੱਟੋ-ਘੱਟ 68 ਦੇ ਕਰੀਬ ਸੀ। ਅਫ਼ਰੀਕਾ ਅਤੇ ਹਿੰਦੁਸਤਾਨ ਵੀ ਉਸ ਦੀ ਸਲਤਨਤ ਵਿੱਚ ਸ਼ਾਮਲ ਸਨ। ਜਦੋਂ ਇਹ ਮਸ਼ਾਲ ਹਿੰਦੁਸਤਾਨ ਆਈ ਤਾਂ ਉਸ ਨੂੰ ਹਿੰਦੁਸਤਾਨ ਦੇ ਹਰ ਜ਼ਿਲ੍ਹੇ ਵਿੱਚ ਲਜਿਾਇਆ ਗਿਆ। ਇੱਕ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਇਸ ਮਸ਼ਾਲ ਨੂੰ ਪਿਛਲੇ ਡਿਪਟੀ ਕਮਿਸ਼ਨਰ ਪਾਸੋਂ ਹਾਸਲ ਕਰਦਾ ਸੀ ਤੇ ਉਹ ਇਸ ਮਸ਼ਾਲ ਨੂੰ ਆਪਣੇ ਪੂਰੇ ਜ਼ਿਲ੍ਹੇ ਵਿੱਚ ਫੇਰਦਾ ਸੀ। ਉਸ ਜ਼ਿਲ੍ਹੇ ਦੇ ਲੋਕ ਇਸ ਮਸ਼ਾਲ ਦਾ ਨੱਚ, ਟੱਪ ਤੇ ਗਾਣੇ ਗਾ ਕੇ ਸਵਾਗਤ ਕਰਦੇ ਅਤੇ ਇਸ ਜਲੂਸ ਵਿੱਚ ਆਪ ਵੀ ਨਾਲ ਸ਼ਾਮਲ ਹੁੰਦੇ ਸਨ। ਜਦੋਂ ਇਹ ਮਸ਼ਾਲ ਪੰਜਾਬ ਵਿੱਚ ਪਹੁੰਚੀ ਜੋ ਪੰਜਾਬ ਅੱਜਕੱਲ ਤਿੰਨ ਚਾਰ ਸੂਬਿਆਂ ਵਿੱਚ ਵੰਡਿਆ ਗਿਆ ਹੈ ਜਿਵੇਂ ਕਿ ਲਹਿੰਦਾ ਪੰਜਾਬ ਅਤੇ ਚੜ੍ਹਦੇ ਪੰਜਾਬ ਦੇ ਤਿੰਨ ਸੂਬੇ। ਜਦੋਂ ਮਸ਼ਾਲ ਇੱਥੇ ਆਈ ਤਾਂ ਪੰਜਾਬੀਆਂ ਨੇ ਵੀ ਉਸੇ ਤਰ੍ਹਾਂ ਇਸ ਮਸ਼ਾਲ ਦਾ ਗਾ, ਵਜਾ ਕੇ ਸਵਾਗਤ ਕੀਤਾ। ਇਸ ਤਰ੍ਹਾਂ ਦਾ ਸ਼ੋਅ/ਜਲੂਸ ਹਕੂਮਤ ਦੀ ਮਨਜ਼ੂਰੀ ਤੋਂ ਬਿਨਾਂ ਨਹੀਂ ਸੀ ਹੋ ਸਕਦਾ। ਲੋਕ ਤਾਂ ਉਸ ਵੇਲੇ ਆਪਣੇ ਘਰਾਂ ਤੋਂ ਬਾਹਰ ਹੀ ਨਹੀਂ ਸਨ ਨਿਕਲਦੇ। ਇਸ ਵਾਸਤੇ ਇਸ ਨੂੰ ਕਾਮਯਾਬ ਕਰਨ ਲਈ ਅੰਗਰੇਜ਼ਾਂ ਦੇ ਮੁਕਾਮੀ ਨੌਕਰਾਂ ਦੀ ਡਿਊਟੀ ਲੱਗੀ ਹੋਈ ਸੀ। ਜਿਸ ਵਿੱਚ ਸਰਕਾਰੀ ਅਫ਼ਸਰ ਤਾਂ ਹੈ ਹੀ ਸਨ ਇਸ ਦੇ ਨਾਲ ਪਿੰਡਾਂ ਦੇ ਨੰਬਰਦਾਰ, ਚੌਕੀਦਾਰ, ਸਫ਼ੈਦ ਪੋਸ਼, ਜ਼ੇਲਦਾਰ, ਖ਼ਾਨ, ਸਰਦਾਰ, ਚੌਧਰੀ, ਰਾਜੇ, ਮਹਾਰਾਜੇ ਸਭ ਮਲਿਕਾ ਦੀ ਚਾਪਲੂਸੀ ਕਰਨ ਵਾਸਤੇ ਵੱਧ-ਚੜ੍ਹ ਕੇ ਇਸ ਜਲੂਸ ਨੂੰ ਕਾਮਯਾਬ ਕਰਨ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ। ਇੱਕ ਪੂਰੇ ਜ਼ਿਲ੍ਹੇ ਵਿੱਚ ਇਸ ਜੁਬਲੀ ਮਸ਼ਾਲ ਨੂੰ ਘੁੰਮਾਉਣ ਤੋਂ ਬਾਅਦ ਉਸ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਉਸ ਨੂੰ ਅਗਲੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਹੱਦ 'ਤੇ ਜਾ ਕੇ ਉਸ ਨੂੰ ਸੌਂਪ ਦਿੰਦਾ ਸੀ। ਅਗਲੇ ਜ਼ਿਲ੍ਹੇ ਵਿੱਚ ਵੀ ਇਸ ਮਸ਼ਾਲ ਦਾ ਉਸੇ ਤਰ੍ਹਾਂ ਗਾ, ਵਜਾ ਕੇ ਸਵਾਗਤ ਕੀਤਾ ਜਾਂਦਾ ਸੀ। ਜਦੋਂ ਇਹ ਮਸ਼ਾਲ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਆਈ ਤੇ ਪੰਜਾਬ ਦੇ ਜਾਗੀਰਦਾਰੀ, ਖ਼ਾਨ, ਵਡੇਰੇ, ਚੌਧਰੀ ਆਦਿ ਨੇ ਸੋਚਿਆ ਕਿ ਆਪਾ ਬਾਕੀ ਸੂਬਿਆਂ ਨਾਲੋਂ ਕੁਝ ਵੱਧ-ਚੜ੍ਹ ਕੇ ਅਤੇ ਵੱਖਰੀ ਕਿਸਮ ਨਾਲ ਇਸ ਦਾ ਸੁਆਗਤ ਕਰਨਾ ਹੈ ਤਾਂ ਕਿ ਮਲਿਕਾ ਨੂੰ ਖ਼ੁਸ਼ ਕੀਤਾ ਜਾ ਸਕੇ। ਉਨ੍ਹਾਂ ਨੇ ਇਸ ਜੁਬਲੀ ਮਸ਼ਾਲ ਦੀ ਸ਼ਾਨ ਵਿੱਚ ਗਾਣੇ ਤਿਆਰ ਕਰਵਾਉਣੇ ਸ਼ੁਰੂ ਕਰ ਦਿੱਤੇ।

ਪੰਜਾਬ ਵਿੱਚ ਗਾਉਣ, ਵਜਾਉਣ ਵਾਲੇ ਲੋਕ ਪਹਿਲਾਂ ਮਰਾਸੀ ਹੀ ਹੁੰਦੇ ਸਨ। ਮਰਾਸੀ ਸਾਰੇ ਹੀ ਮੁਸਲਮਾਨ ਹੁੰਦੇ ਸਨ। ਪੰਜਾਬ ਵਿੱਚ ਸੰਗੀਤ ਨਾਲ ਸਬੰਧਤ ਕਈ ਘਰਾਣੇ ਮਸ਼ਹੂਰ ਸਨ, ਜਿਵੇਂ ਪਟਿਆਲਾ ਘਰਾਣਾ, ਸ਼ਾਮਚੁਰਾਸੀ ਘਰਾਣਾ, ਗਵਾਲੀਅਰ ਘਰਾਣਾ ਅਤੇ ਇੱਕ ਹੋਰ ਬੜਾ ਮਸ਼ਹੂਰ ਘਰਾਨਾ ਸੀ ਜਿਸ ਨੂੰ ਕਸੂਰ ਘਰਾਣਾ ਵੀ ਕਿਹਾ ਜਾਂਦਾ ਸੀ। ਕਸੂਰ ਘਰਾਣੇ ਦੇ ਫਨਕਾਰ ਬਹੁਤ ਵੱਡੇ ਉਸਤਾਦ ਤੇ ਗਵੱਈਏ ਸਨ। ਇਸ ਘਰਾਨੇ ਨਾਲ ਤਲੱਕ ਨੂਰਜਹਾਂ ਦਾ ਵੀ ਸੀ ਅਤੇ ਬਾਅਦ ਵਿੱਚ ਗਾਇਕ ਅਫ਼ਸ਼ਾਂ, ਸਾਇਰਾ ਬਾਨੋ ਅਤੇ ਉਸਤਾਦ ਬੜੇ ਗੁਲਾਮ ਅਲੀ ਖ਼ਾਨ। ਇਸ ਮੌਕੇ 'ਤੇ ਹਰ ਫਨਕਾਰ ਕੋਈ ਨਾ ਕੋਈ ਗਾਣਾ ਬਣਾ ਰਿਹਾ ਸੀ। ਕਸੂਰ ਘਰਾਣੇ ਦੇ ਦੋ ਮਰਾਸੀ ਸਕੇ ਭਾਈਆਂ ਵੱਲੋਂ ਇੱਕ ਗਾਣਾ ਤਿਆਰ ਕੀਤਾ ਗਿਆ। ਜਿਵੇਂ ਕਿ ਉਸ ਵਕਤ ਸਾਡੇ ਮੁਲਕ ਵਿੱਚ 12% ਤੋਂ ਵੀ ਘੱਟ ਲੋਕ ਪੜ੍ਹੇ ਲਿਖੇ ਸਨ। ਉੱਥੇ ਹੀ ਇਹ ਦੋਵੇਂ ਭਰਾ ਵੀ ਅਨਪੜ੍ਹ ਸਨ। ਉਨ੍ਹਾਂ ਵੱਲੋਂ ਗਾਣਾ ਬਣਾ ਤਾਂ ਲਿਆ, ਪਰ ਜਦੋਂ ਉਹ ਗਾਣਾ ਗਾਉਂਦੇ ਸਨ, ਉਨ੍ਹਾਂ ਦੇ ਅਨਪੜ੍ਹ ਹੋਣ ਕਾਰਨ ਜੁਬਲੀ ਸ਼ਬਦ ਉਨ੍ਹਾਂ ਦੀ ਜ਼ੁਬਾਨ 'ਤੇ ਚੜ੍ਹਦਾ ਨਹੀਂ ਸੀ। ਦੂਸਰਾ ਸ਼ੇਅਰੋ-ਸ਼ਾਇਰੀ ਵਿੱਚ ਉਹ ਫਿਟ ਨਹੀਂ ਸੀ ਬੈਠ ਰਿਹਾ। ਤੀਸਰਾ ਉਸ ਵਕਤ ਕੋਈ ਡੈਂਟਿਸਟ ਨਹੀਂ ਸਨ ਹੁੰਦੇ। ਲੋਕਾਂ ਦੇ ਮੂੰਹ 'ਚੋਂ ਜਦੋਂ ਦੰਦ ਨਿਕਲ ਜਾਂਦੇ ਸਨ ਤਾਂ ਉਹ ਲੁਆ ਨਹੀਂ ਸੀ ਸਕਦੇ। ਜਦੋਂ ਉਹ ਅੱਖਰ ਜੁਬਲੀ ਬੋਲਦਾ ਸੀ ਤਾਂ ਉਸ ਦੇ ਮੂੰਹ ਵਿੱਚੋਂ ਫੂਕ ਨਿਕਲ ਜਾਂਦੀ ਸੀ ਅਤੇ ਸ਼ਬਦ ਸਹੀ ਨਹੀਂ ਸੀ ਬੋਲਿਆ ਜਾਂਦਾ। ਇਸ ਸਾਰੇ ਕੰਮ ਨੂੰ ਆਸਾਨ ਕਰਨ ਵਾਸਤੇ ਇਨ੍ਹਾਂ ਦੋਵਾਂ ਭਾਈਆਂ ਨੇ ਜੁਬਲੀ ਦੀ ਜਗ ?ਹਾ ਉਸ ਨੂੰ ਜੁਗਨੀ ਕਰ ਦਿੱਤਾ, ਜਿਸ ਨੂੰ ਅੱਜਕੱਲ੍ਹ ਅਸੀਂ ਜੁਗਨੀ ਆਖਦੇ ਹਾਂ। ਆਪਣੇ ਟੱਪਿਆਂ ਅਤੇ ਸ਼ੇਅਰਾਂ ਵਿੱਚ ਉਨ੍ਹਾਂ ਇਸ ਸ਼ਬਦ ਨੂੰ ਫਿਟ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਪੰਜਾਬੀ ਤਾਂ ਵੈਸੇ ਵੀ ਅੱਖਰਾਂ ਨੂੰ ਆਪਣੀ ਆਸਾਨੀ ਦੇ ਮੁਤਾਬਿਕ ਢਾਲ ਲੈਂਦੇ ਹਾਂ ਅਤੇ ਵਿਗਾੜ ਵੀ ਲੈਂਦੇ ਹਾਂ। ਇਨ੍ਹਾਂ ਭਰਾਵਾਂ ਨੇ ਵੀ ਇੰਜ ਹੀ ਜੁਬਲੀ ਨੂੰ ਜੁਗਨੀ ਬਣਾ ਦਿੱਤਾ।

ਇਨ੍ਹਾਂ ਵੱਲੋਂ ਗਾਇਆ ਗਾਣਾ ਜੁਗਨੀ ਜਿੰਨੇ ਵੀ ਜਲੂਸ ਨਿਕਲੇ ਉਨ੍ਹਾਂ ਸਭ ਵਿੱਚ ਗਾਇਆ ਗਿਆ ਅਤੇ ਬਹੁਤ ਮਸ਼ਹੂਰ ਹੋਇਆ। ਇਹ ਬਿਲਕੁਲ ਉਸੇ ਤਰ੍ਹਾਂ ਹੀ ਸੀ ਜਿਵੇਂ ਪੰਜਾਬੀ ਦੇ ਟੱਪੇ ਜਾਂ ਮਾਹੀਏ ਹੁੰਦੇ ਹਨ। ਪੰਜਾਬ ਦੇ ਸਾਰਿਆਂ ਇਲਾਕਿਆਂ ਵਿੱਚ ਇਹ ਮਸ਼ਾਲ ਫਿਰਾਈ ਗਈ ਅਤੇ ਇਹ ਜੁਗਨੀ ਗਾਈ ਗਈ। ਜਿਵੇਂ ਜਿਵੇਂ ਇਹ ਮਸ਼ਾਲ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਾਂਦੀ, ਉਸੇ ਮੁਤਾਬਿਕ ਉਸ ਸ਼ਹਿਰ ਦਾ ਨਾਮ ਜੁਗਨੀ ਦੇ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਤਾਂ ਕਿ ਉਸ ਇਲਾਕੇ ਦੇ ਲੋਕਾਂ ਨੂੰ ਵੀ ਜੁਗਨੀ ਆਪਣੀ ਲੱਗੇ। ਵੇਖਿਆ ਜਾਵੇ ਤਾਂ ਜੁਗਨੀ ਦੇ ਟੱਪਿਆਂ ਵਿੱਚ ਇਸੇ ਤਰ੍ਹਾਂ ਹੁੰਦਾ ਹੈ ਜਿਵੇਂ : ਜੁਗਨੀ ਜਾ ਵੜੀ ਮੁਲਤਾਨ ਜਿੱਥੇ ਬੜੇ-ਬੜੇ ਭਲਵਾਨ ਤੇ ਜੁਗਨੀ ਜਾ ਵੜੀ ਮਦੱਰਸੇ ਮਾਸਟਰ ਖਿੜਕੀ ਓਹਲੇ ਹੱਸੇ, ਜੁਗਨੀ ਜਾ ਵੜੀ ਜਲੰਧਰ, ਜੁਗਨੀ ਜਾ ਵੜੀ ਗੁਜਰਾਤ ਤੇ ਇਸੇ ਤਰ੍ਹਾਂ ਹੀ ਬਹੁਤ ਸਾਰਿਆਂ ਇਲਾਕਿਆਂ ਦੀਆਂ ਚੀਜ਼ਾਂ ਨੇ ਨਾਂ ਸ਼ਾਮਲ ਕਰ ਦਿੱਤੇ। ਮਲਿਕਾ ਵਿਕਟੋਰੀਆ ਨੂੰ ਮਰਿਆ ਅੱਜ ਸਵਾ ਸਦੀ ਬੀਤ ਗਈ ਹੈ। ਨਵੀਂ ਪੜ੍ਹੀ ਨੂੰ ਪਤਾ ਹੀ ਨਹੀਂ ਹੋਣਾ ਕੀ ਮਲਿਕਾ ਵਿਕਟੋਰੀਆ ਕੌਣ ਹੈ। ਮਲਿਕਾ ਵਿਕਟੋਰੀਆ ਦੀ ਗੋਲਡਨ ਜੁਬਲੀ ਦੀ ਵਜ ?ਹਾ ਦੇ ਨਾਲ ਜੁਗਨੀ ਵਜੂਦ ਵਿੱਚ ਆਈ ਤੇ ਅੱਜ ਵੀ ਕਾਇਮ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੋਵਾਂ ਵਿੱਚ ਹੀ ਸਾਡੇ ਫਨਕਾਰ ਇਸ ਨੂੰ ਬਹੁਤ ਸ਼ੌਕ ਦੇ ਨਾਲ ਗਾਉਂਦੇ ਹਨ ਅਤੇ ਲੋਕ ਬਹੁਤ ਸ਼ੌਕ ਤੇ ਮਾਣ ਨਾਲ ਸੁਣਦੇ ਹਨ।

# ਪੰਜਾਬ 'ਚ ਧਾਰਮਿਕ ਟੂਰਿਜ਼ਮ ਵਿਕਸਤ ਕਰਨਾ ਹੈ ਸਮੇਂ ਦੀ ਲੋੜ

ਖ਼ਾਲਸਾ ਪੰਥ ਦੀ ਸਥਾਪਨਾ ਦੇ ਤ੍ਰੈ-ਸ਼ਤਾਬਦੀ ਸਮਾਰੋਹਾਂ ਮੌਕੇ ਕਈ ਨਵੇਂ ਪ੍ਰਾਜੈਕਟ ਐਲਾਨੇ ਗਏ ਸਨ। ਉਨ੍ਹਾਂ 'ਚੋਂ 14 ਪ੍ਰਾਜੈਕਟਾਂ ਦੀ ਮੁੜ ਕੇ ਸਾਰ ਹੀ ਨਹੀਂ ਲਈ ਗਈ। ਉਹ ਪ੍ਰਾਜੈਕਟ ਜੇ ਨੇਪਰੇ ਚੜ੍ਹ ਜਾਂਦੇ ਤਾਂ ਸ੍ਰੀ ਅਨੰਦਪੁਰ ਸਾਹਿਬ 'ਚ ਸ਼ਰਧਾਲੂਆਂ ਦੇ ਨਾਲ-ਨਾਲ ਸੈਲਾਨੀਆਂ ਦੀ ਆਮਦ ਵੀ ਕਿਤੇ ਜ਼ਿਆਦਾ ਵਧ ਜਾਣੀ ਸੀ।

ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਨੇਚਰ ਰਿਜ਼ਰਵ ਪ੍ਰਾਜੈਕਟ ਦੇ ਕਾਗਜ਼ਾਂ 'ਚ ਦੱਬ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਪ੍ਰਾਜੈਕਟ ਦਾ ਨੀਂਹ-ਪੱਥਰ ਖ਼ਾਲਸਾ ਪੰਥ ਦੀ ਸਾਜਨਾ ਦੇ ਅਵਸਰ 'ਤੇ 1999 'ਚ ਉਦੋਂ ਦੇ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ ਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਜੂਦਗੀ 'ਚ ਰੱਖਿਆ ਗਿਆ ਸੀ। ਇਹ ਪ੍ਰਾਜੈਕਟ 289 ਏਕੜ ਰਕਬੇ 'ਚ ਤਿਆਰ ਹੋਣਾ ਸੀ। ਇਸ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਉਦੋਂ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਤਿਆਰ ਕੀਤਾ ਸੀ।

ਇਸ ਲਈ ਅਨੰਦਪੁਰ ਸਾਹਿਬ ਲਾਗਲੇ ਪਿੰਡ ਜੱਜਰ ਦੀ ਚੋਣ ਕੀਤੀ ਗਈ ਸੀ ਕਿਉਂਕਿ ਇਹ ਇਲਾਕਾ ਕੁਦਰਤੀ ਜੜ੍ਹੀਆਂ-ਬੂਟੀਆਂ ਨਾਲ ਭਰਪੂਰ ਹੈ। ਸਿਰਫ਼ ਇਹੋ ਇਕ ਖੇਤਰ ਹੀ ਨਹੀਂ, ਸ਼ਿਵਾਲਿਕ ਦਾ ਸਮੁੱਚਾ ਪਹਾੜੀ ਇਲਾਕਾ ਹੀ ਮਨੁੱਖੀ ਇਲਾਜ 'ਚ ਕੰਮ ਆਉਣ ਵਾਲੇ ਵਡਮੁੱਲੇ ਤੱਤਾਂ ਨਾਲ ਜ਼ਰਖ਼ੇਜ਼ ਹੈ।



ਇੱਥੇ ਮੌਜੂਦ ਦੁਰਲਭ ਤੇ ਬੇਸ਼ਕੀਮਤੀ ਜੜ੍ਹੀਆਂ-ਬੂਟੀਆਂ ਦੀ ਕਦੇ ਬਹੁਤੀ ਖੋਜ ਕੀਤੀ ਹੀ ਨਹੀਂ ਗਈ। ਸਤਲੁਜ ਦਰਿਆ ਦੇ ਕੰਢੇ 'ਤੇ ਸਥਿਤ ਹੋਣ ਕਾਰਨ ਅਨੰਦਪੁਰ ਸਾਹਿਬ ਤੇ ਉਸ ਦੇ ਆਲੇ-ਦੁਆਲੇ ਦਾ ਇਲਾਕਾ ਹਰਿਆਲੀ ਨਾਲ ਲਬਰੇਜ਼ ਹੈ। ਇਸ ਨਗਰ ਨੂੰ ਨੌਂਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੀ ਚਰਨ-ਛੋਹ ਵੀ ਹਾਸਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਵੀ 1699 'ਚ ਇੱਥੇ ਹੀ ਕੀਤੀ ਸੀ। ਸਿੱਖ ਪੰਥ ਦੇ ਪੰਜ ਤਖ਼ਤ ਸਾਹਿਬਾਨ 'ਚੋਂ ਇਕ ਇੱਥੇ ਹੀ ਹੈ। ਵਿਰਾਸਤ-ਏ-ਖ਼ਾਲਸਾ ਵੇਖਣ ਲਈ ਵੀ ਸੈਲਾਨੀ ਇੱਥੇ ਪੁੱਜਦੇ ਹਨ। ਜੇ ਕਿਤੇ ਪ੍ਰਸਤਾਵਤ ਨੇਚਰ ਰਿਜ਼ਰਵ ਸਮੇਤ ਸਾਰੇ 14 ਪ੍ਰਾਜੈਕਟ ਹੀ ਮੁਕੰਮਲ ਕੀਤੇ ਜਾਂਦੇ ਤਾਂ ਇਸ ਗੁਰੂ ਨਗਰੀ ਨੂੰ ਚਾਰ ਚੰਨ ਹੋਰ ਲੱਗ ਜਾਣੇ ਸਨ। ਪੰਜਾਬ 'ਚ ਅਜਿਹੇ ਬਹੁਤ ਸਾਰੇ ਸਥਾਨ ਹਨ ਜਿਨ੍ਹਾਂ ਨੂੰ ਧਾਰਮਿਕ ਟੂਰਿਜ਼ਮ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ ਪਰ ਉਸ ਪਾਸੇ ਧਿਆਨ ਕੇਂਦ੍ਰਿਤ ਹੀ ਨਹੀਂ ਕੀਤਾ ਜਾਂਦਾ। ਹੋਰਨਾਂ ਦੇਸ਼ਾਂ 'ਚ ਕਿਤੇ ਨਿੱਕਾ ਜਿਹਾ ਛੱਪੜ ਵੀ ਮੌਜੂਦ ਹੁੰਦਾ ਹੈ, ਉਸ ਥਾਂ ਦੀ ਸਾਫ਼-ਸਫ਼ਾਈ ਕਰਵਾ ਕੇ ਉਸ ਨੂੰ ਝੀਲ ਦਾ ਰੂਪ ਦੇ ਦਿੱਤਾ ਜਾਂਦਾ ਹੈ ਅਤੇ ਫਿਰ ਉਸ ਵਿਚ ਰੰਗ-ਬਿਰੰਗੀਆਂ ਮੱਛੀਆਂ ਤੇ ਕਿਸ਼ਤੀਆਂ ਛੱਡ ਦਿੱਤੀਆਂ ਜਾਂਦੀਆਂ ਹਨ। ਇੰਜ ਉਹ ਜਗ੍ਹਾ ਛੇਤੀ ਹੀ ਸੈਰ-ਸਪਾਟੇ ਦੇ ਵੱਡੇ ਕੇਂਦਰ 'ਚ ਤਬਦੀਲ ਹੋ ਜਾਂਦੀ ਹੈ। ਪੰਜਾਬ 'ਚ ਅਜਿਹੀਆਂ ਅਥਾਹ ਸੰਭਾਵਨਾਵਾਂ ਮੌਜੂਦ ਹਨ ਪਰ ਉਸ ਪਾਸੇ ਸ਼ਾਇਦ ਕਦੇ ਸੋਚਿਆ ਵੀ ਨਹੀਂ ਗਿਆ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੂਬੇ 'ਚ ਮੌਜੂਦ ਅਜਿਹੇ ਸਾਰੇ ਹੀ ਸੰਭਾਵੀ ਸਥਾਨਾਂ ਦੀ ਸ਼ਨਾਖ਼ਤ ਕਰੇ। ਉਨ੍ਹਾਂ ਥਾਵਾਂ ਨੂੰ ਵੱਡੇ ਪੱਧਰ 'ਤੇ ਵਿਕਸਤ ਕੀਤਾ ਜਾਵੇ। ਇਸ ਨਾਲ ਜਿੱਥੇ ਸਰਕਾਰ ਦੀ ਆਮਦਨ ਵਧੇਗੀ, ਉੱਥੇ ਹਰੇਕ ਅਜਿਹੇ ਸਥਾਨ 'ਤੇ ਰੁਜ਼ਗਾਰ ਦੇ ਅਨੇਕ ਮੌਕੇ ਵੀ ਪੈਦਾ ਹੋਣਗੇ। ਉਨ੍ਹਾਂ ਸਥਾਨਾਂ ਦੇ ਨਿਵਾਸੀਆਂ ਦਾ ਜੀਵਨ-ਪੱਧਰ ਵੀ ਇਸ ਨਾਲ ਉਚੇਰਾ ਹੋਵੇਗਾ। ਹੁਸ਼ਿਆਰਪੁਰ ਤੇ ਰੂਪਨਗਰ ਜ਼ਿਲ੍ਹਿਆਂ ਦਾ ਕਾਫ਼ੀ ਇਲਾਕਾ ਪਹਾੜੀ ਹੈ। ਉੱਥੇ ਕਈ ਸੰਘਣੇ ਜੰਗਲ, ਝਰਨੇ ਆਦਿ ਮੌਜੂਦ ਹਨ। ਉੱਥੇ ਜਗ੍ਹਾ-ਜਗ੍ਹਾ 'ਤੇ ਸ਼ਿਲਾਲੇਖ ਕਾਇਮ ਕੀਤੇ ਜਾ ਸਕਦੇ ਹਨ। ਅਨੰਦਪੁਰ ਸਾਹਿਬ ਇਲਾਕੇ 'ਚ ਖ਼ਾਲਸਾਈ ਫ਼ਿਲਾਸਫ਼ੀ ਦੇ ਕੁਦਰਤ ਨਾਲ ਮਿਲਾਪ ਨੂੰ ਦਰਸਾਉਂਦੇ ਪਾਰਕ ਤੇ ਪੌਦਿਆਂ ਦੇ ਅਜਾਇਬਘਰ ਵੀ ਕਾਇਮ ਕੀਤੇ ਜਾ ਸਕਦੇ ਸਨ ਪਰ ਅਫ਼ਸੋਸ, ਇਸ ਦਿਸ਼ਾ 'ਚ ਕੁਝ ਵੀ ਨਹੀਂ ਕੀਤਾ ਗਿਆ।

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦ



ਪ੍ਰੋ: ਸਰਚਾਂਦ ਸਿੰਘ ਖਿਆਲਾ
9781355522



ਅਠਾਰ੍ਹਵੀਂ ਸਦੀ ਦੇ ਮੱਧ (1757 ਈ.) ਦੌਰਾਨ ਜੰਗ ਦੇ ਮੈਦਾਨ ਦਾ ਉਹ ਅਦਭੁਤ ਦ੍ਰਿਸ਼ ਜੋ ਪਹਿਲੀ ਵਾਰ ਦੁਨੀਆ ਨੂੰ ਦੇਖਣ ਨੂੰ ਮਿਲਿਆ। ਗੁਰੂ ਨਗਰੀ ਅੰਮ੍ਰਿਤਸਰ ਤੋਂ ਤਰਨ ਤਾਰਨ ਵਾਲੇ ਪਾਸੇ ਪਿੰਡ ਚੱਬਾ ਅਤੇ ਪਿੰਡ ਗੁਰੂਵਾਲੀ ਦੇ ਵਿਚਕਾਰ ਰਣ ਤੱਤੇ 'ਚ ਗੁਰੂ ਕੀਆਂ ਖ਼ਾਲਸਾਈ ਫ਼ੌਜਾਂ ਅਤੇ ਅਹਿਮਦ ਸ਼ਾਹ ਅਬਦਾਲੀ ਦੀ ਅਫਗਾਨੀ ਫੌਜ ਦੇ ਸੂਰਬੀਰ ਰਣ ਸਿੰਗਾਂ ਅਤੇ ਨਗਾਰਿਆਂ ਦੀ ਗੂੰਜ ਵਿਚ ਇਕ ਦੂਜੇ ਨੂੰ ਲਲਕਾਰ ਕੇ ਟੁੱਟ ਕੇ ਪੈ ਰਹੇ ਹਨ। ਬੇਖ਼ੌਫ ਵੀਰਤਾ ਨਾਲ ਭਰਪੂਰ ਕੋਈ ਵੀ ਇਕ ਵੀ ਪੈਰ ਪਿਛਾਂਹ ਖਿੱਚ ਨਹੀਂ ਰਹੇ ਹਨ। ਮੈਦਾਨ-ਏ-ਜੰਗ ਵਿਚ ਸਰੀਰ ਲਹੂ ਲੁਹਾਨ ਹੈ, ਕੱਪੜੇ ਖ਼ੂਨ ਨਾਲ ਰੰਗੇ ਹੋਏ, ਜਿਵੇਂ ਹੋਲੀ ਖੇਡ ਰਹੇ ਹੋਣ, ਪਰ ਮੈਦਾਨ ਛੱਡਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਗੋਲੀਆਂ, ਤਲਵਾਰਾਂ ਦੀ ਖਣਕ ਅਤੇ ਜੈਕਾਰਿਆਂ ਦੀ ਗੂੰਜ 'ਚ ਵੇਖੋ ਕਈ ਬਿਨਾ ਸੀਸ ਅਤੇ ਉਨ੍ਹਾਂ ਵਿਚੋਂ ਇਕ ਨੇ ਤਾਂ ਖੱਬੇ ਹੱਥ ਦੀ ਹਥੇਲੀ 'ਤੇ ਸੀਸ ਟਿਕਾਈ ਦੁਸ਼ਮਣਾਂ ਦੀ ਆਹੂ ਲਾਹ ਕੇ ਜਮਪੁਰੀ ਪਹੁੰਚਾ ਰਿਹਾ ਸੀ। ਇੰਨਾ ਦੇ ਪਿੱਛੇ ਸਿੰਘ ਰਣ ਸਿੰਗਾ ਵਜਾਉਂਦੇ ਹੋਏ ਪੂਰੇ ਜੌਹਰ ਨਾਲ ਲੜ ਰਹੇ ਹਨ। ਇਸ ਅਸਚਰਜਤਾ ਨੂੰ ਦੇਖ, ਸਾਰੀ ਅਫਗਾਨੀ ਫ਼ੌਜ ਹੈਰਾਨ-ਪ੍ਰੇਸ਼ਾਨ ਅਤੇ ਭੈ-ਭੀਤ ਹੋ ਰਹੇ ਹਨ, ਕਈਆਂ ਨੇ ਨੱਠਣਾ ਸ਼ੁਰੂ ਕਰ ਦਿੱਤਾ। ਇਹ ਜੋ ਪਾਵਨ ਸੀਸ ਖੱਬੀ ਤਲੀ 'ਤੇ ਟਿੱਕਾ ਕੇ ਅਠਾਰਾਂ ਸੇਰ ਦਾ ਖੰਡਾ ਖੜਕਾ ਰਿਹਾ ਹੈ, ਇਹ ਹੋਰ ਕੋਈ ਨਹੀਂ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ, ਸ਼ਸਤਰ ਤੇ ਸ਼ਾਸਤਰ ਦਾ ਸੁਮੇਲ, 75 ਸਾਲਾਂ ਦੇ ਬੁੱਢਾ ਜਰਨੈਲ ਜਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਸਨ।

ਇਸ ਮਹਾਨ ਯੋਧੇ ਬਾਬਾ ਦੀਪ ਸਿੰਘ ਜੀ ਦਾ ਜਨਮ ਪਿੰਡ ਪਹੁਵਿੰਡ, ਜ਼ਿਲ੍ਹਾ ਤਰਨ ਤਾਰਨ ਵਿਖੇ ਪਿਤਾ ਬਾਬਾ ਭਗਤਾ ਜੀ ਦੇ ਗ੍ਰਹਿ ਵਿਖੇ ਮਾਤਾ ਜਿਉਣੀ ਜੀ ਦੀ ਕੁੱਖੋਂ 26 ਜਨਵਰੀ, 1682 ਈ: (14 ਮਾਘ ਸੰਮਤ 1739 ਬਿਕਰਮੀ) ਨੂੰ ਹੋਇਆ। ਛੋਟੀ ਉਮਰ ਵਿਚ ਹੀ ਆਪ ਜੀ ਨੂੰ ਗੁਰਬਾਣੀ ਪੜ੍ਹਨ, ਕੀਰਤਨ ਕਰਨ ਅਤੇ ਸਵੇਰੇ ਸ਼ਾਮ ਸਤਿਸੰਗ ਕਰਨ ਦਾ ਬੜਾ ਸ਼ੌਕ ਸੀ। ਜਦੋਂ ਵੀ ਸਮਾਂ ਮਿਲਦਾ ਆਪ ਜੀ ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਕਰਿਆ ਕਰਦੇ ਸਨ। ਆਪ ਜੀ ਦਾ ਸੁਭਾਅ ਬੜਾ ਮਿੱਠਾ ਤੇ ਉੱਚਾ ਸੁੱਚਾ ਆਚਰਨ ਸੀ। ਬਚਪਨ 'ਚ ਹੀ ਆਪ ਜੀ ਸ੍ਰੀ ਅਨੰਦਪੁਰ ਸਾਹਿਬ ਚਲੇ ਗਏ। ਜਿੱਥੇ ਉਨ੍ਹਾਂ ਧੰਨ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਅੰਮ੍ਰਿਤਪਾਨ ਕੀਤਾ। ਗੁਰੂ ਸਾਹਿਬ ਦੇ ਨਜ਼ਦੀਕੀਆਂ 'ਚ ਗਿਣੇ ਗਏ ਅਤੇ ਗੁਰੂ ਸਾਹਿਬ ਵੱਲੋਂ ਲੜੀਆਂ ਗਈਆਂ ਜੰਗਾਂ ਯੁੱਧਾਂ 'ਚ ਵੀ ਆਪ ਜੀ ਦਾ ਭਾਰੀ ਯੋਗਦਾਨ ਰਿਹਾ।

ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਮੁਕਤਸਰ ਦੀ ਜੰਗ ਤੋਂ ਬਾਅਦ, 1704 ਈ: 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ। ਜਿੱਥੇ ਦਸਮੇਸ਼ ਪਿਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੰਘਾਂ ਨਾਲ ਕੀਤੇ ਵਾਅਦੇ ਮੁਤਾਬਿਕ ਗੁਰਬਾਣੀ ਦੇ ਅਰਥ ਪੜ੍ਹਾਉਣ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਨ ਲਈ ਧੀਰਮੱਲੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਾ ਦੇਣ 'ਤੇ ਗੁਰੂ ਸਾਹਿਬ ਜੀ ਨੇ ਆਪ ਗੁਰਬਾਣੀ ਉਚਾਰਨ ਕਰਦਿਆਂ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਕਲਮਾਂ, ਸਿਆਹੀ ਤੇ ਕਾਗਜ਼ ਦਾ ਪ੍ਰਬੰਧ ਕਰਨ ਦੀ ਸੇਵਾ ਲਾਈ। ਗੁਰੂ ਸਾਹਿਬ ਉਚਾਰੀ ਹੋਈ ਬਾਣੀ ਦੇ ਅਰਥ ਸ਼ਾਮ ਨੂੰ ਸਾਰੇ ਸਿੰਘਾਂ ਨੂੰ ਸੁਣਾਉਂਦੇ। ਇਸ ਪ੍ਰਕਾਰ 9 ਮਹੀਨੇ 9 ਦਿਨ 9 ਘੜੀਆਂ 9 ਪਲਾਂ ਵਿਚ ਸੰਨ 1706 ਈ. 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਰੂਪ ਸੰਪੂਰਨ ਹੋਇਆ। ਇਸੇ ਵਕਤ ਹੀ ਅਰਥਾਂ ਦੀ ਟਕਸਾਲ ਆਰੰਭ ਹੋਈ। ਇੱਥੇ ਹੀ ਸਤਿਗੁਰਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਟਕਸਾਲ ਦਾ ਮੁਖੀ ਥਾਪਦਿਆਂ ਸੰਗਤ ਨੂੰ ਗੁਰਬਾਣੀ ਦਾ ਸੁੱਧ ਉਚਾਰਨ ਸਰਵਣ ਕਰਾਉਣ ਅਤੇ ਅਰਥ ਪੜ੍ਹਾਉਣ ਦੀ ਸੇਵਾ ਸੌਂਪੀ। ਗੁਰੂ ਸਾਹਿਬ ਨੇ ਫ਼ਰਮਾਇਆ ਕਿ ਭਾਈ ਦੀਪ ਸਿੰਘ ਜੀ ਜੇ ਧਰਮ ਦੀ ਰੱਖਿਆ ਕਰਦਿਆਂ ਤੁਹਾਡਾ ਸੀਸ ਧਰ ਨਾਲੋਂ ਅਲਹਿਦਾ ਵੀ ਹੋ ਗਿਆ, ਤੁਹਾਡੇ ਅਨੰਦ 'ਚ ਫ਼ਰਕ ਨਹੀਂ ਪਵੇਗਾ। ਇੰਝ ਹੀ ਸਤਿਗੁਰੂ ਨੇ ਭਾਈ ਮਨੀ ਸਿੰਘ ਜੀ ਨੂੰ ਵੀ ਰਹਿਮਤਾਂ ਨਾਲ ਨਿਵਾਜਿਆ। ਬਾਬਾ ਦੀਪ ਸਿੰਘ ਜੀ ਸ਼ਹੀਦ, 1748 ਈਸਵੀ ਦੌਰਾਨ ਕਾਇਮ ਕੀਤੇ ਗਏ 12 ਮਿਸਲਾਂ 'ਚੋਂ ਮਿਸਲ ਸ਼ਹੀਦਾਂ ਦੇ ਵੀ ਮੁਖੀ ਸਨ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਪਾਵਨ ਸਰੂਪਾਂ ਨੂੰ ਆਪਣੇ ਕਰ ਕਮਲਾਂ ਨਾਲ ਲਿਖਣ ਦੀ ਮਹਾਨ ਸੇਵਾ ਉੱਚੀ ਤੇ ਸੁੱਚੀ ਭਾਵਨਾ ਨਾਲ ਲਗਨ ਸਹਿਤ ਨਿਭਾਈ ਅਤੇ ਜੰਗਾਂ ਵਿਚ ਵੀ ਅਹਿਮ ਭੂਮਿਕਾ ਨਿਭਾਈ।

ਖ਼ਾਲਸੇ ਨੇ ਮਜ਼ਲੂਮ ਤੇ ਗ਼ਰੀਬ ਦੀ ਰੱਖਿਆ ਅਤੇ ਅਨਿਆਂਈਂ ਵਿਰੁੱਧ ਜ਼ਬਰਦਸਤ ਟੱਕਰ ਦਿੱਤੀ। 18ਵੀਂ ਸਦੀ ਦੌਰਾਨ ਅਫਗਾਨੀ ਅਹਿਮਦ ਸ਼ਾਹ ਦੁਰਾਨੀ (ਅਬਦਾਲੀ) ਨੇ ਭਾਰਤ ਦੀ ਖ਼ੂਬ ਲੁੱਟ ਕੀਤੀ। ਉਸ ਸਮੇਂ ਸਿੱਖ ਹੀ ਸਨ, ਜਿਨ੍ਹਾਂ ਨੇ ਲੁੱਟ ਦੇ ਇਸ ਵਰਤਾਰੇ ਨੂੰ ਰੋਕਣ ਦੀ ਹੀਆ ਕੀਤਾ। ਸਿੱਖ ਮਿਸਲਾਂ ਦੇ ਜਥੇਦਾਰਾਂ ਨੇ ਮਿਲ-ਜੁੱਲ ਕੇ ਇਨ੍ਹਾਂ ਅਫ਼ਗ਼ਾਨ ਧਾੜਵੀਆਂ ਦਾ ਮੁਕਾਬਲਾ ਕੀਤਾ। ਉਨ੍ਹਾਂ ਤੋਂ ਲੁੱਟਿਆ ਬਹੁ-ਕੀਮਤੀ ਮਾਲ-ਅਸਬਾਬ ਹੀ ਵਾਪਸ ਨਹੀਂ ਖੋਹ ਲਿਆ ਜਾਂਦਾ ਰਿਹਾ, ਸਗੋਂ ਭਾਰਤ ਦੀਆਂ ਬਹੂ ਬੇਟੀਆਂ ਨੂੰ ਵੀ ਉਨ੍ਹਾਂ ਤੋਂ ਛੁਡਵਾ ਕੇ ਘਰੋ-ਘਰੀਂ ਭੇਜਿਆ ਗਿਆ। ਜਿਸ ਕਰਕੇ ਅਬਦਾਲੀ ਸਿੱਖਾਂ ਦਾ ਸਖ਼ਤ ਵਿਰੋਧੀ ਬਣ ਗਿਆ ਸੀ ਅਤੇ ਸਿੱਖਾਂ ਨੂੰ ਖ਼ਤਮ ਕਰਨ 'ਤੇ ਤੁੱਲ ਗਿਆ ਸੀ। ਉਸ ਦਾ ਬੇਟਾ ਤੈਮੂਰ ਸ਼ਾਹ ਲਾਹੌਰ ਦਾ ਗਵਰਨਰ ਬਣਾ ਦਿੱਤਾ ਗਿਆ ਸੀ। ਅਬਦਾਲੀ ਤੇ ਤੈਮੂਰ ਨੇ 1757 ਈ: ਵਿਚ ਦਿੱਲੀ ਜਾਂਦਾ ਹੋਇਆ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ ਹੀ ਨਹੀਂ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਬੇਅਦਬੀ ਵੀ ਕੀਤੀ। ਇਹ ਖ਼ਬਰ ਬਾਬਾ ਭਾਗ ਸਿੰਘ ਨਿਹੰਗ ਰਾਹੀਂ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨਿਵਾਸ ਕਰ ਰਹੇ ਬਾਬਾ ਦੀਪ ਸਿੰਘ ਜੀ ਨੂੰ ਮਿਲੀ ਤਾਂ ਉਹ ਕਰੋਧ ਵਿਚ ਆ ਗਏ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ ਅਤੇ ਆਸ-ਪਾਸ ਦੇ ਨਗਰਾਂ ਅਤੇ ਸਿੰਘਾਂ ਦੇ ਟਿਕਾਣਿਆਂ 'ਤੇ ਇਤਲਾਹ ਦੇ ਦਿੱਤੀ । ਜਿੱਥੋਂ ਅਨੇਕਾਂ ਸਿੰਘ ਬਾਬਾ ਜੀ ਦੀ ਅਗਵਾਈ ਵਿਚ ਧਰਮ ਹੇਤ ਸੀਸ ਦੇਣ ਲਈ ਹਾਜ਼ਰ ਹੋਏ। ਬਾਬਾ ਜੀ ਨੇ ਅਖੰਡ ਪਾਠ ਕਰਾਇਆ ਅਤੇ ਨਗਾਰਿਆਂ 'ਤੇ ਚੋਟਾਂ ਲਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦੇਣ ਦਾ ਹੁਕਮ ਦਿੱਤਾ।

ਇਸ ਤਰ੍ਹਾਂ ਦਲ ਖ਼ਾਲਸਾ ਦੀ ਗਿਣਤੀ ਕਾਫ਼ੀ ਹੋ ਗਈ ਸੀ। ਹਰੀਕੇ ਪੱਤਣ ਤੋਂ ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜਥਾ ਮਾਝੇ ਦੇ ਇਲਾਕੇ ਵਿਚ ਦਾਖਲ ਹੋਇਆ। ਸ੍ਰੀ ਤਰਨਤਾਰਨ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਵਨ ਦਰਬਾਰ 'ਚ ਹਾਜ਼ਰੀ ਭਰਦਿਆਂ ਸਿੰਘਾਂ ਸਮੇਤ ਬਾਬਾ ਜੀ ਦੀਪ ਸਿੰਘ ਨੇ ਸਣੇ ਕੇਸੀਂ ਇਸ਼ਨਾਨ ਕੀਤਾ। ਘੋੜਿਆਂ ਨੂੰ ਵੀ ਖ਼ੁਰਕ ਦਿੱਤੀ ਗਈ। ਕੜਾਹ ਪ੍ਰਸਾਦਿ ਲੈ ਕੇ ਸੇਵਕਾਂ ਦੀ ਭੇਟਾ ਗੁਰੂ ਚਰਨਾਂ 'ਚ ਪਰਵਾਨ ਹੋਣ ਦੀ ਅਰਦਾਸ ਕੀਤੀ ਗਈ। ਕਿ, ਜਿੰਨਾ ਚਿਰ ਹਰਿਮੰਦਰ ਸਾਹਿਬ ਨੂੰ ਅਜ਼ਾਦ ਨਹੀਂ ਕਰਵਾ ਲੈ ਦੇ ਸ਼ਹੀਦੀ ਨਹੀਂ ਪਾਵਾਂਗਾ। "ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ।" ਬਾਬਾ ਦੀਪ ਸਿੰਘ ਜੀ ਕੇਸਰੀ ਰੰਗ ਦਾ ਪੁਸ਼ਾਕ ਪਹਿਨਿਆ। ਸਾਰੇ ਸ਼ਸਤਰ ਸਰੀਰ 'ਤੇ ਸਜਾ ਲਏ। ਦੋ ਧਾਰਾ ਖੰਡਾ ਹੱਥ 'ਚ ਪਕੜਿਆ। ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਯੋਧਿਆਂ ਦੀ ਪਰਖ ਕਰਨ ਲਈ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਗੁਰੂ ਮਹਾਰਾਜ ਦੇ ਸਤਿਕਾਰ ਖ਼ਾਤਰ ਲੜ ਕੇ ਸ਼ਹੀਦੀ ਪਾਉਣ ਲਈ ਜਿਹੜਾ ਵੀ ਸਿੰਘ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜੋ ਕੋਈ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚੱਲਿਆ ਜਾਵੇ। ਇਸ ਵਕਤ ਬਾਬਾ ਜੀ ਨਾਲ ਅਨੇਕਾਂ ਮਝੈਲ ਵੀ ਆਣ ਮਿਲੇ ਸਨ, ਸਾਰੇ ਪੰਜ ਹਜ਼ਾਰ ਸਿੰਘ ਜੈਕਾਰੇ ਗਜਾਉਂਦੇ ਨਗਾਰਿਆਂ 'ਤੇ ਚੋਟਾਂ ਲਾਉਂਦੇ ਹੋਏ ਲਕੀਰ ਟੱਪ ਕੇ ਅੰਮ੍ਰਿਤਸਰ ਵੱਲ ਕੂਚ ਕਰਨ ਲੱਗੇ। ਸਿੰਘਾਂ ਦੀ ਚੜ੍ਹਾਈ ਬਾਰੇ ਅਫ਼ਗ਼ਾਨੀਆਂ ਨੂੰ ਖ਼ਬਰ ਮਿਲ ਚੁੱਕੀ ਸੀ। ਉਸ ਵਕਤ ਅੰਮ੍ਰਿਤਸਰ ਸ਼ਹਿਰ ਦੇ ਇੰਚਾਰਜ ਜਹਾਨ ਖ਼ਾਨ ਸਿੰਘਾਂ ਦਾ ਟਾਕਰਾ ਕਰਨ ਲਈ 35 ਹਜ਼ਾਰ ਦੀ ਫ਼ੌਜ ਲੈ ਕੇ ਗੋਹਲਵੜ ਪਿੰਡ ਕੋਲ ਮੋਰਚਾ ਮਲੀ ਬੈਠਾ ਸੀ। ਬਾਬਾ ਦੀਪ ਸਿੰਘ ਜੀ ਨੇ ਜਥੇ ਦੇ ਸਿੰਘਾਂ ਨਾਲ ਦੁਸ਼ਮਣ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ 'ਤੇ ਹੁਣ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਸਿੰਘਾਂ ਅਤੇ ਅਫ਼ਗ਼ਾਨਾਂ ਦੀ ਟੱਕਰ 'ਚ ਸਿੰਘ ਅਫ਼ਗ਼ਾਨਾਂ ਨੂੰ ਪਛਾੜ ਦੇ ਹੋਏ ਅੰਮ੍ਰਿਤਸਰ ਵਲ ਨੂੰ ਵਧ ਰਹੇ ਸਨ। ਇਤਨੇ ਨੂੰ ਜਹਾਨ ਖ਼ਾਨ ਦਾ ਸਹਾਇਕ ਅਤਾਈ ਖ਼ਾਨ ਆਪਣੀ ਭਾਰੀ ਫ਼ੌਜ ਲੈ ਕੇ ਆ ਗਿਆ, ਜਿਸ ਨਾਲ ਮੈਦਾਨ-ਏ-ਜੰਗ ਦਾ ਰੂਪ ਬਦਲ ਗਿਆ। ਇਸ ਘਮਸਾਣ ਦੀ ਜੰਗ ਅੰਦਰ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਣਾ ਸ਼ੁਰੂ ਹੋ ਗਿਆ। ਸਿੰਘ ਇਕ-ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਦਾ ਮੈਦਾਨ ਤਿੰਨ ਕੋਹਾਂ ਵਿਚ ਫੈਲ ਚੁੱਕਿਆ ਸੀ। ਸਾਰਾ ਮੈਦਾਨ ਖ਼ੂਨ ਨਾਲ ਲੱਥ ਪਥ ਹੋ ਚੁਕਾ ਸੀ । ਬਾਬਾ ਜੀ ਅਤੇ ਸਿੰਘ ਵੀ ਤਬਾਹੀ ਮਚਾ ਰਹੇ ਸਨ। ਪੰਜ ਹਜ਼ਾਰੀ ਫ਼ੌਜ ਦਾ ਮਾਲਕ ਅਮੀਰ ਜਾਨ ਖਾਨ ਹਾਥੀ ਉੱਤੋਂ ਲੜਦਾ ਅਤੇ ਆਪਣੀ ਫ਼ੌਜ ਨੂੰ ਕਮਾਂਡ ਦੇ ਰਿਹਾ ਸੀ। ਉਸ ਵਕਤ ਪੰਜ ਸੌ ਸਿੰਘਾਂ ਦੇ ਜਥੇ ਨਾਲ ਆਪਣਾ ਜੰਗੀ ਜੌਹਰ ਦਿਖਾ ਰਹੇ ਭਾਈ ਦਿਆਲ ਸਿੰਘ ਨੇ ਘੋੜੇ ਦਾ ਪੌੜ ਜਾਨ ਖਾਨ ਦੇ ਹਾਥੀ ਦੇ ਮੱਥੇ 'ਤੇ ਰਖਾ ਕੇ ਤਲਵਾਰ ਦੇ ਵਾਰ ਨਾਲ ਅਮੀਰ ਜਾਨ ਖਾਨ ਦਾ ਸਿਰ ਲਾਹ ਦਿੱਤਾ। ਅਯੂਬ ਖਾਂ ਦਿਆਲ ਸਿੰਘ ਦੀ ਫੁਰਤੀ ਅਤੇ ਬਹਾਦਰੀ ਦੇਖ ਰਿਹਾ ਸੀ। ਇੰਨੇ ਨੂੰ ਅਮਾਨ ਖਾਂ, ਯਕੂਬ ਖਾਂ ਤੇ ਹੋਰ ਅਫਗਾਨੀ ਜਰਨੈਲ ਵੀ ਲਾਹੌਰ ਤੋਂ ਮੈਦਾਨ ਏ ਜੰਗ ਵਿਚ ਅੱਪੜ ਗਏ। ਸਿੰਘ ਪਠਾਣਾਂ ਦੇ ਹੰਕਾਰ ਦੂਰ ਕਰ ਰਹੇ ਸਨ। ਸਿੰਘਾਂ ਨੂੰ ਅੱਗੇ ਵਧਦਾ ਦੇਖ ਅਬਦਾਲੀਆਂ ਨੇ ਗਊਆਂ ਲਿਆ ਖੜੀਆਂ ਕੀਤੀਆਂ। ਬਾਬਾ ਦੀਪ ਸਿੰਘ ਜੀ ਦੇ ਆਦੇਸ਼ 'ਤੇ ਸਿੰਘਾਂ ਨੇ ਤੀਰ ਅਤੇ ਬੰਦੂਕਾਂ ਛੱਡ ਕੇ ਤਲਵਾਰਾਂ ਸੂਤ ਲਈਆਂ। ਉਸ ਵਕਤ ਯਕੂਬ ਖਾਂ ਨੇ ਬਾਬਾ ਦੀਪ ਸਿੰਘ ਨੂੰ ਯੁੱਧ ਲਈ ਵੰਗਾਰਿਆ। ਦੋਹਾਂ 'ਚ ਜ਼ਬਰਦਸਤ ਜੰਗ ਹੋਈ। ਦੋਹਾਂ ਦੇ ਘੋੜੇ ਮਾਰੇ ਗਏ। ਫਿਰ ਹੱਥੋਂ ਪਾਈ ਹੋ ਕੇ ਲੜੇ, ਬਾਬਾ ਦੀਪ ਸਿੰਘ ਜੀ ਨੇ ਗੁਰਜ ਦਾ ਵਾਰ ਕਰਦਿਆਂ ਯਕੂਬ ਖਾਂ ਦਾ ਸਿਰ ਸਣੇ ਫ਼ੌਲਾਦੀ ਟੋਪ ਚੂਰ-ਚੂਰ ਕਰ ਦਿੱਤਾ। ਅਫਗਾਨੀ ਸੈਨਿਕ ਸਿੰਘਾਂ ਦੇ ਕਰਤਬ ਦੇਖ ਅਸ਼ ਅਸ਼ ਕਰ ਉੱਠੇ। ਇਥੇ ਹੀ ਅਫ਼ਗ਼ਾਨ ਕਮਾਂਡਰ ਜਹਾਨ ਖ਼ਾਨ ( ਗਿਆਨੀ ਗਿਆਨ ਸਿੰਘ ਅਨੁਸਾਰ ਅਮਾਨ ਖਾਨ) ਨੇ ਵੀ ਬਾਬਾ ਦੀਪ ਸਿੰਘ ਨਾਲ ਦਵੰਦ ਯੁੱਧ ਦੀ ਇੱਛਾ ਜਤਾਈ। ਬਾਬਾ ਦੀਪ ਸਿੰਘ ਨੇ ਉਸ ਨਾਲ ਦਵੰਦ ਯੁੱਧ ਕੀਤਾ। ਜਿੱਥੇ ਦੋਹਾਂ ਦੇ ਘੋੜੇ ਮਾਰੇ ਗਏ ਅਤੇ ਸੰਜੋਅ ਵੀ ਟੁੱਟ ਗਈਆਂ। ਅਖੀਰ ਦੋਹਾਂ ਦੇ ਆਪਸ ਵਿਚੀਂ ਸਾਂਝੇ ਵਾਰ ਨਾਲ ਦੋਹਾਂ ਦੇ ਸੀਸ ਲੱਥ ਗਏ।





ਗੁਰਦੁਆਰਾ ਟਾਹਲਾ ਸਾਹਿਬ, ਉਹ ਅਸਥਾਨ ਜਿੱਥੇ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਸਿਰ ਧੜ ਨਾਲੋਂ ਅਲੱਗ ਹੋਇਆ।

**'ਚਲੀ ਤੇਗ ਅਤਿ ਬੇਗ ਸੈਂ,**
**ਦੁਹੂੰ ਕੇਰ ਬਲ-ਵਾਰ।।**
**ਉਤਰ ਗਏ ਸਿਰ ਦੁਹੂੰ ਕੇ,**
**ਪਰਸ-ਪਰੈਂ ਇਕ ਸਾਰ।।"**

**(ਸ੍ਰੀ ਗੁਰੁ ਪੰਥ ਪ੍ਰਕਾਸ਼- ਕ੍ਰਿਤ, ਗਿਆਨੀ ਗਿਆਨ ਸਿੰਘ)**

ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਜਾਣ ਸਦਕਾ ਸਰੀਰ ਜ਼ਮੀਨ 'ਤੇ ਡਿੱਗ ਪਿਆ। ਇਹ ਕੌਤਕ ਦੇਖ ਇਕ ਸਿੰਘ ਨੇ ਹੱਥ ਜੋੜ ਕੇ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਬਾਬਾ ਜੀ ਤੁਸਾਂ ਅਰਦਾਸ ਕੀਤੀ ਸੀ ਸੀਸ ਸੁਧਾਸਰ ਜਾ ਕੇ ਗੁਰੂ ਦੇ ਚਰਨਾਂ 'ਚ ਭੇਟ ਕਰਨਾ ਹੈ। ਇਹ ਹੁਣ ਕੀ ਭਾਣਾ ਵਰਤਾਇਆ ਜੇ ? ਸੁਧਾਸਰ (ਅੰਮ੍ਰਿਤਸਰ) ਇੱਥੋਂ ਦੋ ਕੋਹ ਦੂਰ ਹੈ।

**ਢਿਗ ਤੈ ਏਕ ਸਿੰਘ ਪਿਖਿ ਕਹਯੋ।**
**ਪਰਣ ਤੁਮਾਰਾ ਦੀਪ ਸਿੰਘ ਰਹਯੋ।**
**ਗੁਰਪੁਰਿ ਜਾਇ ਸੀਸ ਮੈਂ ਦੈਹੋਂ।**
**ਸੋ ਤੇ ਦੋਇ ਕੋਸ ਇਸ ਠੈਹੋਂ।। (ਸ੍ਰੀ ਗੁਰੁ ਪੰਥ ਪ੍ਰਕਾਸ਼- ਕ੍ਰਿਤ, ਗਿਆਨੀ ਗਿਆਨ ਸਿੰਘ)**

ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਦੀਪ ਸਿੰਘ ਜੀ ਦਾ ਧੜ ਹਰਕਤ ਵਿਚ ਆਇਆ ਅਤੇ ਉਨ੍ਹਾਂ ਆਪਣਾ ਪਾਵਨ ਸੀਸ ਖੱਬੇ ਹੱਥ 'ਤੇ ਧਰ ਕੇ ਸਜੇ ਹੱਥ ਨਾਲ ਆਪਣਾ ਅਠਾਰਾਂ ਸੇਰ ਦਾ ਤਿੱਖਾ ਖੰਡਾ ਵਾਹੁੰਦੇ ਹੋਏ ਲੜਦੇ ਲੜਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ। ਸਿੰਘਾਂ ਨੇ ਜਿੱਤ ਦੇ ਜੈਕਾਰੇ ਗੁੰਜਾਏ, ਬਾਬਾ ਜੀ ਨੇ ਸੀਸ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਭੇਟ ਕਰਦਿਆਂ ਸੱਚਖੰਡ ਨੂੰ ਪਿਆਨਾ ਕੀਤਾ।

ਪਿੰਡ ਚਬਾ ਅਤੇ ਪਿੰਡ ਗੁਰੂਵਾਲੀ ਦੇ ਵਿਚਕਾਰ ਮੈਦਾਨ ਏ ਜੰਗ ਵਿਚ ਜਿੱਥੇ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਨਾਲੋਂ ਜੁਦਾ ਹੋਇਆ, ਉੱਥੇ ਹੁਣ ਸ਼ਾਨਦਾਰ ਅਤੇ ਅਤਿ ਸੁੰਦਰ ਗੁਰਦੁਆਰਾ ਟਾਹਲਾ ਸਾਹਿਬ ਸੁਭਾਇਮਾਨ ਹੈ। ਜਿਸ ਦੀ ਕਾਰਸੇਵਾ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਦਰਸ਼ਨ ਸਿੰਘ ਜੀ ਟਾਹਲਾ ਸਾਹਿਬ ਵਾਲੇ ਕਰਵਾ ਰਹੇ ਹਨ। ਇੱਥੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਮੱਥਾ ਟੇਕਣ, ਸੇਵਾ ਅਤੇ ਮੁਰਾਦਾਂ ਪਾਉਣ ਆਉਂਦੀਆਂ ਹਨ। ਜਦ ਕਿ ਐਤਵਾਰ ਨੂੰ ਗੁਰਮਤਿ ਸਮਾਗਮ 'ਚ ਅਣਗਿਣਤ ਸੰਗਤਾਂ ਦੀ ਆਮਦ ਨਾਲ ਗੁਰਦੁਆਰਾ ਟਾਹਲਾ ਸਾਹਿਬ ਅੱਜ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਦਾ ਕੇਂਦਰ ਬਣ ਚੁੱਕਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉੱਥੇ ਯਾਦਗਾਰੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਆਪ ਜੀ ਦਾ ਇਕ ਅਸਥਾਨ ਤਰਨ ਤਾਰਨ ਵਾਲੀ ਸੜਕ 'ਤੇ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਇਸ ਜੰਗ ਵਿਚ ਸਰਾਇ ਗੋਤ ਦਾ ਜੱਟ ਮਹਿਤ ਸਿੰਘ ਵੀ ਬਿਨ ਸੀਸ ਚਾਟੀਵਿੰਡ ਤਕ ਲੜਿਆ। "ਜੱਟ ਸਰਾਇ ਮਹਿਤ ਸਿੰਘ ਤਯੋਂ ਹੀ ... ਲਰਯੋ ਕਬੰਧ ਤਾਂਹਿ ਕਾ ਭਾਰਾ"। ਜਥੇਦਾਰ ਰਾਮ ਸਿੰਘ ਵੀ ਬਿਨਾ ਸੀਸ ਲੜਿਆ। "ਲਰਯੋ ਕਬੰਧ ਰਾਮ ਸਿੰਘ ਕੇਰਾ" ਸਾਰੀ ਤੁਰਕ ਫ਼ੌਜ ਹੈਰਾਨ ਹੋ ਰਹੀ ਸੀ, ਸਿੰਘਾਂ ਦੇ ਧੜ ਸਿਰਾਂ ਤੋਂ ਬਿਨਾ ਲੜਦੇ ਦੇਖ ਤੁਰਕਾਂ ਦੀ ਫ਼ੌਜ ਨੇ ਭੈ-ਭੀਤ ਹੋ ਕੇ ਨੱਠਣਾ ਸ਼ੁਰੂ ਕਰ ਦਿੱਤਾ। ਬੀਸ ਹਜ਼ਾਰੀ ਜ਼ਬਰਦਸਤ ਖਾਂ ਨਾਲ ਭਾਈ ਬਲਵੰਤ ਸਿੰਘ ਨੇ ਅਤੇ ਇਸੇ ਤਰਾਂ ਕਈ ਹੋਰਨਾਂ ਨੇ ਵੀ ਦਵੰਦ ਯੁੱਧ ਕੀਤੇ। ਇਸ ਘਮਸਾਣ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫ਼ੌਜ ਦੇ ਹੌਸਲੇ ਟੁੱਟ ਗਏ ।ਇੰਨੇ ਨੂੰ ਪਿੰਡ ਚੱਬੇ ਕੋਲ (ਗਿਆਨੀ ਗਿਆਨ ਸਿੰਘ ਅਨੁਸਾਰ) ਮੀਰ ਜਾਨ ਖਾਂ ਨੇ ਬਾਬੇ ਨੌਧ ਸਿੰਘ ਗਿੱਲ ਨੂੰ ਵੰਗਾਰਿਆ ਤਾਂ ਨੌਧ ਸਿੰਘ ਗਿੱਲ ਘੋੜਾ ਲੈ ਕੇ ਮੀਰ ਜਾਨ ਖਾਂ ਦੇ ਮੂਹਰੇ ਹੋ ਗਿਆ। ਲੜਾਈ 'ਚ ਦੋਹਾਂ ਦੇ ਘੋੜੇ ਢਿਗ ਪਏ, ਫਿਰ ਤਲਵਾਰਾਂ ਵੀ ਟੁੱਟ ਗਈਆਂ, ਸੰਜੋਆਂ ਅਤੇ ਢਾਲਾਂ ਵੀ ਟੁੱਟ ਗਈਆਂ, ਅਖੀਰ ਦੋਹਾਂ ਨੇ ਕਟਾਰਾਂ ਪਕੜ ਲਈਆਂ ਅਤੇ ਦੋਹਾਂ ਨੇ ਇੱਕੋ ਵਾਰ ਹੀ ਕਟਾਰਾਂ ਨੂੰ ਇਕ ਦੂਜੇ ਦੇ ਪੇਟ 'ਚ ਧਸਾ ਦਿੱਤੀਆਂ। ਬਾਬਾ ਨੌਧ ਸਿੰਘ ਜੀ ਜਿੱਥੇ ਸ਼ਹੀਦੀ ਪਾ ਗਏ ਉਸ ਥਾਂ ਤਰਨ ਤਾਰਨ ਰੋਡ 'ਤੇ ਯਾਦਗਾਰੀ ਗੁਰਦੁਆਰਾ ਸਾਹਿਬ ਸੁਭਾਏਮਾਨ ਹੈ। ਇਸੇ ਤਰਾਂ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ 'ਚ ਬਾਬਾ ਦੀਪ ਸਿੰਘ ਜੀ ਦੇ ਨਾਮਵਰ ਸਾਥੀ ਸਿੰਘਾਂ ਜਥੇਦਾਰ ਰਾਮ ਸਿੰਘ, ਜਥੇਦਾਰ ਸਜਣ ਸਿੰਘ, ਜਥੇਦਾਰ ਬਹਾਦਰ ਸਿੰਘ, ਜਥੇਦਾਰ ਹੀਰਾ ਸਿੰਘ, ਭਾਈ ਨਿਹਾਲ ਸਿੰਘ, ਭਾਈ ਸੰਤ ਸਿੰਘ, ਭਾਈ ਕੌਰ ਸਿੰਘ, ਭਾਈ ਸੁੱਧਾ ਸਿੰਘ, ਭਾਈ ਬਸੰਤ ਸਿੰਘ, ਭਾਈ ਬੀਰ ਸਿੰਘ, ਭਾਈ ਮੰਨਾ ਸਿੰਘ, ਭਾਈ ਹੀਰਾ ਸਿੰਘ, ਭਾਈ ਗੰਡਾ ਸਿੰਘ, ਭਾਈ ਲਹਿਣਾ ਸਿੰਘ, ਭਾਈ ਗੁਪਾਲ ਸਿੰਘ, ਭਾਈ ਰਣ ਸਿੰਘ, ਭਾਈ ਭਾਗ ਸਿੰਘ, ਭਾਈ ਨੱਥਾ ਸਿੰਘ,ਭਾਈ ਬਾਲ ਸਿੰਘ,ਭਾਈ ਤਾਰਾ ਸਿੰਘ ਕੰਗ ਦੇ ਨਾਮ ਗਿਆਨੀ ਗਿਆਨ ਸਿੰਘ ਨੇ ਗਿਣਵਾਏ ਹਨ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਧਰਮ ਤੋਂ ਪ੍ਰੇਰਿਤ ਸਾਡੇ ਬਜ਼ੁਰਗਾਂ ਵੱਲੋਂ ਕੀਤੇ ਗਏ ਕਾਰਨਾਮੇ ਕੌਮਾਂ ਦੀ ਸਮੁੱਚੀ ਚੇਤਨਤਾ – ਸਿਮਰਿਤੀਆਂ ਦਾ ਹਿੱਸਾ ਹੋ ਕੇ ਆਉਣ ਵਾਲੀਆਂ ਪੀੜੀਆਂ ਲਈ ਪ੍ਰੇਰਨਾ ਸਰੋਤ ਹੋ ਨਿੱਬੜਦੀਆਂ ਹਨ। ਬਾਬਾ ਦੀਪ ਸਿੰਘ ਸ਼ਹੀਦ ਦਾ ਸ਼ਹੀਦੀ ਦਿਹਾੜਾ 15 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ।

*15 ਨਵੰਬਰ, 1757 ਸ਼ਹੀਦੀ ਦਿਵਸ 'ਤੇ ਵਿਸ਼ੇਸ਼*

# ਬਾਬਾ ਦੀਪ ਸਿੰਘ ਜੀ ਸ਼ਹੀਦ



ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ 'ਤੇ ਚਲਦਿਆਂ ਆਪਣੀ ਸਵੈ ਰੱਖਿਆ ਅਤੇ ਸਵੈ-ਮਾਣ ਵਾਲਾ ਜੀਵਨ ਜਿਉਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ-ਸਾਧਾਰਣ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ੍ਹ ਨਿਸਚੈ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸੱਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ-ਕ੍ਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨ੍ਹਾਂ ਨੇ ਬੇਗਰਜ਼ ਸੇਵਾ 'ਤੇ ਜ਼ੋਰ ਦਿੱਤਾ। ਸਮਾਜ ਨੂੰਜਾਤ ਪਾਤ ਦੇ ਬੰਧਨਾਂ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗ਼ਲ ਹਾਕਮਾਂ ਦੀ ਜਬਰੀ ਧਰਮੀ ਪ੍ਰੀਵਰਤਣ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵੀ ਬਰਾਬਰੀ ਲਈ ਖਾਲਸਾ ਪੰਥ ਸਾਜਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅਤਿਆਚਾਰ ਵਿਰੁੱਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁੱਥਲ ਵਿਚ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਛੱਡਣਾਂ ਪਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਹਿ ਕਰ ਲਿਆ। ਜੂਨ 9, 1916 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘ ਤੇ ਜ਼ੁਲਮ ਹੋਰ ਵੀ ਵੱਧ ਗਿਆ। ਪਰ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸਚੈ ਰੱਖਿਆ। ਦ੍ਰਿੜ੍ਹ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖਾਲਸਾ ਰਾਜ ਸਥਾਪਤ ਕਰ ਲਿਆ।

ਮਿਸਲ ਸ਼ਹੀਦਾਂ ਦੇ ਬਾਨੀ ਬਾਬਾਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਨਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ 1682 ਈ. ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਦੇ ਸਾਧਾਰਣ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਉਣੀ ਦੇ ਘਰ ਹੋਇਆ। ਆਪ ਜੀ ਦਾ ਨਾਉਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ



ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377


ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਗਏ ਸਨ। ਕੁਝ ਦਿਨ ਬਾਅਦ ਉਨ੍ਹਾਂ ਦੇ ਮਾਪੇ ਤਾਂ ਪਿੰਡ ਪਰਤ ਗਏ, ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਉਂ ਦੀਪ ਸਿੰਘ ਹੋ ਗਿਆ।

ਉਨ੍ਹਾਂ ਨੇ ਸ਼ਾਸਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ।



ਰਾਠੀਲਾ ਸਰੀਰ, ਮਜਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ ਲਿਖਾਰੀ ਅਤੇ ਕੀਰਤਨੀਏ ਬਣ ਗਏ ਸਨ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉਥੇ ਉਨ੍ਹਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਆਪਜੀ ਦਾ ਬੜਾ ਪ੍ਰਭਾਵ ਬਣ ਗਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ ਪਿਤਾ ਤੇਰਾ ਬਹਾਦਰ ਸਾਹਿਬ ਜੀ ਦੀ ਬਾਣੀ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਤਾਂ ਬਾਬਾ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੱਖਣ ਵਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ।

ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ 1738 ਵਿਚ ਜਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵਲ ਵੱਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲੱਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖ਼ੁਦ ਮੈਦਾਨ ਵਿਚ ਉੱਤਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨੀਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 11, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮੱਸੇ ਰੰਗੜ ਦਾ ਸਿਰ ਨੇਜ਼ੇ 'ਤੇ ਟੰਗ ਕੇ ਵਾਪਸੀ 'ਤੇ ਵੀ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ 1755-56 ਵਿਚ ਚੌਥੀ ਵਾਰ ਭਾਰਤ 'ਤੇ ਹਮਲਾ ਕੀਤਾ। ਉਸਦੇ ਸੈਨਿਕ ਸੋਨਾ ਚਾਂਦੀ ਤੇ ਹੋਰ ਕੀਮਤੀ ਸਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਹੀਂ 'ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ 'ਤੇ ਹਮਲਾ ਕਰ ਦਿੱਤਾ। ਸਾਰਾ ਸਮਾਨ ਲੁੱਟ ਲਿਆ ਤੇ ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਂ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ। ਉਸਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸਨੇ ਰਾਮਰੌਣੀ ਦੇ ਕਿਲ੍ਹੇ ਨੂੰ ਵੀ ਢਾਹ ਦਿੱਤਾ। ਇਸ ਬੇਪੱਤੀ ਦੀ ਖ਼ਬਰ ਬਾਬਾ ਜੀ ਨੂੰ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵਲ ਵੱਧ ਗਿਆ।ਰਸਤੇ ਵਿਚ ਜਦੋਂ ਤਰਨ ਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5,000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਮਰ ਮਿਟਣ ਤੇ ਸ਼ਹੀਦ ਹੋਣਲ ਲਈ ਤਿਆਰ ਹਨ ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ। ਜਹਾਨ ਖਾਂ ਨੇ ਵੀ 20,000 ਦੀ ਫੌਜ ਲੈ ਕੇ ਤਰਨਤਾਰਨ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੌਹਲਵਾਲ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ ਜਿਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਨ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਲੈ ਕੇ ਗੌਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫਗਾਨਾ ਵਿਚ ਲਹੂ ਡੋਲਵੀ ਜੰਗ ਹੋਈ। ਅਫਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮਸੀਮਾ 'ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ 'ਤੇ ਆ ਗਏ। ਸਿੰਘ ਏਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵੱਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਖਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਦ ਅਸਮਾਨ ਖਾਂ ਜੰਗ ਦੇ ਮੈਦਾਨ ਵਿਚਆ ਗਿਆ। ਬਾਬਾ ਜੀ ਦੀ ਉਸ ਨਾਲ ਆਮੋ-ਸਾਹਮਣੇ ਦੀ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ 'ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ 'ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟਿਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਖਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਨ੍ਹਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਰੱਖਣ ਲਏ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕੌਮ ਨੂੰ ਜ਼ੁਲਮ ਦੇ ਵਿਰੁੱਧ ਲੜਦੇ ਰਹਿਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਦੀ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿਥੇ ਉਨ੍ਹਾਂ ਨੂੰ ਆਪਣਾ ਸੀਸ ਭੇਂਟ ਕੀਤਾ ਗੁਰਦੁਆਰਾ ਹੈ। ਦੂਜਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸ਼ਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਸਨ।

ਅੰਤਿਕਾ : ਹੇ ਭਾਈ ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ, ਤਾਂ ਆਪਣਾ ਸਿਰ ਤਲੀ ਉਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ-ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ। ਪ੍ਰਭੂ - ਪ੍ਰੀਤ ਦੇ ਇਸ ਰਸਤੇ ਉਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾਹ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਊਮੈ ਛੱਡੀ ਜਾਵੇ। -ਅੰਗ 1412

# ਨਿਹੰਗ ਸਿੰਘਾਂ ਨੇ ਖਾਲਸਾਈ ਜਾਹੋ-ਜਲਾਲ ਨਾਲ ਮਹੱਲਾ ਕੱਢਿਆ







ਅੰਮ੍ਰਿਤਸਰ : ਬੰਦੀ ਛੋੜ ਦਿਵਸ (ਦੀਵਾਲੀ) ਨੂੰ ਸਮਰਪਿਤ ਸਮੂਹ ਨਿਹੰਗ ਸਿੰਘ ਦਲਾਂ ਵਲੋਂ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਅੱਜ ਬੁਰਜ ਬਾਬਾ ਫੂਲਾ ਸਿੰਘ ਅਕਾਲੀ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਿਆ ਗਿਆ। ਇਹ ਮਹੱਲਾ ਰੇਲਵੇ ਕਲੋਨੀ ਬੀ ਬਲਾਕ ਗਰਾਊਂਡ ਵਿਖੇ ਸਮਾਪਤ ਹੋਇਆ ਜਿੱਥੇ ਘੋੜਿਆਂ ਦੀ ਦੌੜ ਅਤੇ ਨਿਹੰਗ ਸਿੰਘ ਨੇ ਕਈ ਕਰਤੱਬ ਦਿਖਾਏ ਜੋ ਖਿੱਚ ਦਾ ਕੇਂਦਰ ਰਹੇ। ਇਸ ਤੋਂ ਪਹਿਲਾਂ ਗੁਰਦੁਆਰਾ ਮੱਲ ਅਖਾੜਾ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ। ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ। ਬਾਬਾ ਇੰਦਰ ਸਿੰਘ, ਦਿਲਜੀਤ ਸਿੰਘ ਬੇਦੀ ਤੇ ਹੋਰਨਾਂ ਨੇ ਬੁੱਢਾ ਦਲ ਦੇ ਇਤਿਹਾਸ ਸਬੰਧੀ ਜਾਣਕਾਰੀ ਸਾਂਝੀ ਕੀਤੀ। ਗੁਰਦੁਆਰਾ ਮੱਲ ਅਖਾੜਾ ਸਾਹਿਬ ਤੋਂ ਮਹੱਲਾ ਆਰੰਭ ਹੋਣ ਸਮੇਂ ਹਾਥੀਆਂ, ਬੈਂਡ ਵਾਜਿਆਂ ਨਾਲ ਸਲਾਮੀ ਦਿੱਤੀ ਗਈ।

ਬੰਦੀ ਛੋੜ ਦਿਵਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਸਮੇਤ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਤੇ ਪ੍ਰਤੀਨਿਧੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਨਿਹੰਗ ਬਾਬਾ ਹਰਜੀਤ ਸਿੰਘ ਬਟਾਲੇ ਵਾਲਿਆਂ ਦੇ ਰਾਗੀ ਜਥੇ ਨੇ ਕੀਰਤਨ ਕੀਤਾ।









## 16 ਨਵੰਬਰ 1915 ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਗ਼ਦਰ ਲਹਿਰ ਦਾ ਬਾਗ਼ੀ ਨਾਇਕ ਕਰਤਾਰ ਸਿੰਘ ਸਰਾਭਾ



ਗ਼ਦਰ ਲਹਿਰ ਆਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸ ਦਾ ਅਰੰਭ 25 ਜੂਨ, 1013 ਵਿਚ ਅਮਰੀਕਾ ਵਿਚ ਹੋਇਆ। ਜਿਸ ਵਿਚ ਹਿੰਦੀ ਮਿਹਨਤਕਸ਼, ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਅਜ਼ਾਦੀ ਦੀ ਲੜਾਈ ਵਿਚ ਜੇਲ੍ਹਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸਨੇ ਹਿੰਦੀਆਂ ਦੇ ਖ਼ੂਨ ਵਿਚ ਅਜ਼ਾਦੀ ਲਈ ਮਰ-ਮਿੱਟਣ ਵਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਉਂ ਇਤਿਹਾਸ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ।

ਸਰਾਭਾ ਦਾ ਜਨਮ ਲੁਧਿਆਣਾ ਪੱਛਮੀ ਦੇ ਪਿੰਡ ਸਰਾਭਾ, ਪੁਰਾਤਨ ਨਾਉਂ ਸਿਰਾਬ ਮਤਲਬ ਹਰੀ ਭਰੀ ਜਗ੍ਹਾ। ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ 24 ਮਈ, 1896 ਵਿਚ ਹੋਇਆ। ਛੋਟੀ ਉਮਰ ਵਿਚ ਹੀ ਉਸਦੇ ਮਾਪੇ ਅਕਾਲ ਚਲਾਣਾ ਕਰ ਗਏ ਸਨ। ਉਸ ਦਾ ਪਾਲਣ ਪੋਸ਼ਣ ਉਸਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁਢਲੀ ਵਿਦਿਆ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ। ਨੌਵੀਂ ਜਮਾਤ ਤੱਕ ਪੜ੍ਹਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5'-8" ਦਾ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹੱਸ ਮੁੱਖ, ਮਖੌਲੀਆ ਅਤੇ ਸ਼ਰਾਰਤੀ ਸੀ। ਉਸ ਵਿਚ ਇਕ ਆਗੂ ਵਾਲੇ ਸਭ ਗੁਣ ਸਨ। ਉਹ ਹਰ ਇਕ ਕੰਮ ਅੱਗੇ ਹੋ ਕੇ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨ ਪਿਆਰਾ ਸੀ। ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਕੋਲ ਰਹਿ ਕੇ ਰਵੇਨਸ਼ਾ ਯੂਨੀਵਰਸਿਟੀ ਕਟਕ ਉੜੀਸਾ ਤੋਂ ਪ੍ਰਾਪਤ 1912 ਵਿਚ ਕੀਤੀ। ਉਸਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਬੜਾ ਸ਼ੌਕ ਸੀ। ਬੰਗਾਲ ਉੜੀਸਾ ਦੀ ਅਜ਼ਾਦੀ ਲਹਿਰ ਨੇ ਉਸ ਨੂੰ ਬਹੁਤ ਪ੍ਰਭਾਵਤ ਕੀਤਾ।

ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸਨੇ ਵੇਖਿਆ ਕਿ ਆਵਾਜਾਈ ਮਹਿਕਮਾ 'ਚ ਭਾਰਤੀਆਂ ਦੀ ਬੜੀ ਸਖ਼ਤ ਪੁੱਛ-ਪੜਤਾਲ ਕਰ ਰਿਹਾ ਸੀ। ਇਕ ਸਾਥੀ ਕੋਲੋਂ ਉਸਨੂੰ ਮਾਲੂਮ ਹੋਇਆ ਕਿ ਦੁਨੀਆ ਦੇ ਦੇਸ਼ ਭਾਰਤ ਇਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਵੇਖਦੇ ਹਨ। ਇਸ ਵਤੀਰੇ ਦਾ ਸਰਾਭਾ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸਨੇ ਦੇਖਿਆ ਕਿ ਅਮਰੀਕਾ ਵਿਚ ਨਸਲਵਾਦ ਜ਼ੋਰਾਂ 'ਤੇ ਹੈ। ਉਸਨੂੰ ਭਾਰਤੀਆਂ ਨਾਲ ਵਿਤਕਰੇ ਅਤੇ ਦੁਰਦਸ਼ਾ ਦਾ ਪਤਾ ਲੱਗਾ। ਉਹ ਘੱਟ ਉਜਰਤ 'ਤੇ ਕੰਮ ਕਰਦੇ ਸਨ। ਕਈ ਥਾਈਂ ਰੁਜ਼ਗਾਰ ਵੀ ਖੁੱਸ ਜਾਂਦੇ ਸਨ। ਇਥੋਂ ਤੱਕ ਕਿ ਮਾਰ-ਕਟਾਈ ਵੀ ਹੋ ਜਾਂਦੀ ਸੀ। ਅਜ਼ਾਦ ਦੇਸ਼ ਵਿਚ ਵਿਚਰਦਿਆਂ ਉਸਨੂੰ ਭਾਰਤੀ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿਚ ਸਾਡੀ ਬੇਇੱਜ਼ਤੀ ਨਾ ਹੁੰਦੀ। ਸਰਾਭਾ ਨੇ ਕੈਲੀਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿਚ ਰਸਾਇਣ ਵਿਗਿਆਨ ਦੀ ਪੜ੍ਹਾਈ ਵਿਚ ਦਾਖਲਾ ਲਿਆ।

ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸਨੇ ਜੋਸ਼ ਵਿਚ ਕਿਹਾ ਕਿ ਮੇਰੀ ਜ਼ਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸ ਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿਚ ਇਥੇ ਰਹਿੰਦੇ ਵੀ ਦਿਲ ਵਿਚ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸਨੇ ਸਾਥੀਆਂ ਵਿਚ ਰਾਜਨੀਤਕ ਜਾਗ੍ਰਿਤੀ



ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377

ਦਾ ਕੰਮ ਆਰੰਭ ਦਿੱਤਾ। ਮਈ 1912 ਵਿਚ ਹੋਈ ਇਕੱਤਰਤਾ ਵਿਚ ਬੜੇ ਉਘੇ ਲੋਕ ਹਾਜ਼ਰ ਹੋਏ ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਨਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਅਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿਚ ਇਕ ਅਖ਼ਬਾਰ ਕੱਢਣ ਦੀ ਤਜਵੀਜ਼ ਦਾ ਮਤਾ ਪਾਸ ਹੋਇਆ। ਉਸ ਵੇਲੇ ਗ਼ਦਰ ਪਾਰਟੀ ਦਾ ਮੁੱਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲਾ ਹਰਦਿਆਲ ਨਾਲ ਬੜੇ ਨੇੜੇ ਹੋ ਕੇ ਗ਼ਦਰ ਲਈ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਨਾਲ ਉਹ ਪਾਰਟੀ ਵਿਚ ਜਲਦੀ ਹੀ ਹਰਮਨ ਪਿਆਰਾ ਹੋ ਗਿਆ। ਪਾਰਟੀ ਦੇ ਕੇਂਦਰੀ ਸਨਫਰਾਂਸਿਸਕੋ ਤੋਂ ਦੇਸ਼ ਦੀ ਅਜ਼ਾਦੀ ਦੀ ਲੜਾਈ ਦੇ ਪ੍ਰਚਾਰ ਹਿਤ 'ਗ਼ਦਰ' ਨਾਉਂ ਦਾ ਅਖ਼ਬਾਰ ਉਰਦੂ ਅਤੇ ਪੰਜਾਬੀ ਵਿਚ ਜਾਰੀ ਕੀਤਾ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜ਼ਿੰਮੇਵਾਰੀ ਸੰਭਾਲੀ। ਅਖਬਾਰ ਵਿਚ ਅੰਗਰੇਜ਼ਾਂ ਦੇ ਜ਼ੁਲਮ ਅਤੇ ਚਲਾਕੀਆਂ ਦਾ ਭੇਦ ਖੋਲ੍ਹਿਆ ਜਾਂਦਾ। ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨ ਦੀ ਵਿਉਂਤ, ਅਸਲਾ ਸੰਭਾਲਣ ਤੇ ਵਰਤਣ ਦੇ ਨਾਲ ਹੀ ਬੰਬ ਬਣਾਉਣ ਦੇ ਤਰੀਕੇ ਦੱਸੇ ਜਾਂਦੇ ਸਨ। ਅਖ਼ਬਾਰ ਡਾਕ ਰਾਹੀਂ ਜਿਥੇ ਕਿੱਤੇ ਵੀ ਭਾਰਤੀ ਵੱਸਦੇ ਸਨ, ਸੰਸਾਰ ਪੱਧਰ 'ਤੇ ਮੁਫ਼ਤ ਭੇਜਿਆ ਜਾਂਦਾ ਸੀ। ਅਖ਼ਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਾ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ ਨੂੰ ਅਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ।




ਅਖ਼ਬਾਰ ਜਲਦੀ ਹੀ ਇਤਨਾ ਮਸ਼ਹੂਰ ਹੋ ਗਿਆ ਕਿ ਗ਼ਦਰ ਦੇ ਨਾਹਰੇ ਲੱਗਣ ਲੱਗੇ। ਲੋਕਾਂ ਵਿਚ ਬੜਾ ਜੋਸ਼ ਤੇ ਉਤਸ਼ਾਹ ਆਇਆ। ਲੋਕਾਂ ਵਿਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇਸ਼ ਦੀ ਆਨ, ਸ਼ਾਨ ਵਾਸਤੇ ਤਨ, ਮਨ ਤੇ ਧੰਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ 'ਤੇ ਗ਼ਦਰ ਦਾ ਬਾਗੀ ਸਿਪਾਹੀ ਬਣਨ ਲਈ ਉਸਨੇ ਬੰਬ ਬਣਾਉਣਾ ਪਿਸਤੌਲ ਚਲਾਉਣ, ਜਹਾਜ਼ ਬਣਾਉਣਾ, ਮੁਰੰਮਤ ਕਰਨਾ ਅਤੇ ਉਡਾਣਾ ਇਕ ਜਹਾਜ਼ਾਂ ਦੀ ਕੰਪਨੀ ਨਿਊਯਾਰਕ ਤੋਂ ਸਿੱਖਿਆ। ਸਰਗਰਮ ਹੋਏ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿਚ ਗਾਉਣਾ ਸ਼ੁਰੂ ਕਰ ਦਿੱਤਾ। "ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਨਤੇ ਫੁਰਮਾਨ ਹੋ ਗਏ।' ਸਰਾਭਾ ਦੀਆਂ ਅਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗ਼ਦਰ ਪਾਰਟੀ ਨੇ ਇਕ ਵਿਸ਼ੇਸ਼ ਇਕੱਤਰਤਾ ਵਿਚ ਉਸ ਨੂੰ ਪ੍ਰਬੰਧਕੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸ ਨੇ ਬੜੀ ਮਿਹਨਤ ਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਅਮਰੀਕਾ ਤੇ ਕੈਨੇਡਾ ਵਿਚ ਭਾਰਤੀਆਂ ਨੂੰ ਸੰਗਠਤ ਕਰਨ ਦਾ ਕੰਮ ਕੀਤਾ। 1914 ਵਿਚ ਪਹਿਲੀ ਸੰਸਾਰ ਜੰਗ ਵਿਚ ਇੰਗਲੈਂਡ ਉਲਝ ਗਿਆ। ਗ਼ਦਰ ਪਾਰਟੀ ਲਈ ਭਾਰਤ ਨੂੰ ਅਜ਼ਾਦ ਕਰਵਾਉਣ ਦਾ ਸੁਨਹਿਰੀ ਮੌਕਾ ਸੀ। 'ਗ਼ਦਰ' ਅਖ਼ਬਾਰ ਨੇ ਆਪਣੇ 5 ਅਗਸਤ 1914 ਦੇਅੰਕ ਵਿਚ ਅੰਗਰੇਜ਼ੀ ਸ਼ਾਸਨ ਦੇ ਵਿਰੁੱਧ ਹਥਿਆਰਬੰਦ ਜੰਗ ਦਾ ਐਲਾਨ ਕਰ ਦਿੱਤਾ। ਅਖ਼ਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ ਸ਼ਹਿਰਾਂ, ਕਸਬਿਆਂ ਅਤੇ ਫੌਜੀ ਛਾਉਣੀਆਂ ਵਿਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਨੂੰ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲਕੱਤਾ ਪਹੁੰਚ ਗਏ। ਵੱਖ-ਵੱਖ ਰਸਤਿਆਂ ਰਾਹੀਂ ਸੈਂਕੜੇ ਗ਼ਦਰੀ ਭਾਰਤ ਪਹੁੰਚ ਗਏ। ਸਰਾਭਾ ਅਤੇ ਪਿੰਗਲੇ ਯੁੰਗਾਂਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਨ੍ਹਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਕੱਢਕੇ ਕ੍ਰਿਤੀ-ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20,000 ਹੋਰ ਗ਼ਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖੁਫ਼ੀਆ ਵਿਭਾਗ ਵਲੋਂ ਖ਼ਬਰਾਂ ਦੇ ਆਧਾਰ 'ਤੇ ਅਨੇਕਾਂ ਗ਼ਦਰੀਆਂ ਨੂੰ ਬੰਦਰਗਾਹਾਂ 'ਤੇ ਗ੍ਰਿਫ਼ਤਾਰ ਕਰ ਲਿਆ।

ਸਰਾਭਾ ਨੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨ ਲਈ ਅਖ਼ਬਾਰ, ਪਰਚੇ ਅਤੇ ਇਸ਼ਤਿਹਾਰ ਨੌਜਵਾਨਾਂ ਵਿਚ ਵੰਡੇ। ਜਦੋਂ ਦਸੰਬਰ 1914 ਵਿਚ ਭਾਈ ਪਰਮਾਨੰਦ ਭਾਰਤ ਪੁੱਜੇ, ਉਦੋਂ ਤੱਕ ਸਰਾਭਾ ਲੁਧਿਆਣਾ ਵਿਚ ਸਥਾਪਤ ਹੋ ਚੁੱਕਾ ਸੀ। ਉਸਦਾ ਇਲਾਕੇ ਵਿਚ ਪੂਰਾ ਪ੍ਰਭਾਵ ਸੀ। ਉਹ ਹਥਿਆਰ ਲੈਣ ਲਈ ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫੌਜੀ ਛਾਉਣੀਆਂ ਵਿਚ ਫੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿਚ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿਚ ਸਫ਼ਲ ਹੋ ਗਏ।

ਵਿਦਰੋਹ ਦੀ ਤਿਆਰੀ ਵਿਚ 25, ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗ਼ਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰੀ ਵਿਰੁੱਧ ਕਰਨਾ ਸੀ। ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ, 1915 ਨੂੰ ਹੋਈ ਇਕੱਤਰਤਾ ਵਿਚ ਫੈਸਲਾ ਕੀਤਾ ਕਿ 21 ਫਰਵਰੀ 1915 ਨੂੰ ਬਗਾਵਤ ਕੀਤੀ ਜਾਵੇ। ਜਿਸ ਵਿਚ ਫਿਰੋਜ਼ਪੁਰ ਅਤੇ ਮੀਆਂਮੀਰ ਛਾਉਣੀਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿਚ ਬਗ਼ਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਸਿੰਘ ਤੇ ਸ਼ੱਕ ਹੋ ਗਿਆ ਕਿ ਉਹ ਮੁਖ਼ਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਗ਼ਦਰ ਦੀ ਤਾਰੀਖ 19 ਫਰਵਰੀ 1915 ਕਰ ਦਿੱਤੀ।

ਪਰ ਫੇਰ ਵੀ ਕਿਰਪਾਲ ਸਿੰਘ ਨੇ ਇਹ ਭੇਦ ਵੀ ਅੰਗਰੇਜ਼ੀ ਸਰਕਾਰ ਨੂੰ ਦੇ ਦਿੱਤਾ। ਸਰਾਭਾ ਮਿਥੇ ਸਮੇਂ 'ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ। ਪਰ 19 ਫਰਵਰੀ, 1915 ਤੋਂ ਪਹਿਲਾਂ ਹੀ ਅਨੇਕਾਂ ਗ਼ਦਰੀ ਗ੍ਰਿਫ਼ਤਾਰ ਹੋ ਗਏ ਸਨ। ਫੌਜੀਆਂ ਕੋਲੋਂ ਹਥਿਆਰ ਵੀ ਸੁਟਵਾ ਲਏ ਸਨ। ਇਸ ਲਈ ਫੌਜ ਬਗਾਵਤ ਨਾ ਕਰ ਸਕੀ। ਜਿਹੜੇ ਗ਼ਦਰੀ ਬਚ ਗਏ ਸਨ, ਉਨ੍ਹਾਂ ਨੂੰ ਹਿੰਦੋਸਤਾਨ ਛੱਡ ਜਾਣਦਾ ਗ਼ਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫਗਾਨਿਤਸਾਨ ਵੱਲ ਚਲ ਪਏ। ਪਰ ਤਿੰਨੇ ਹੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ, 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿਚ ਵਿਲਸਨਪੁਰ ਵਿਖੇ ਘੋੜ ਸਵਾਰ ਫੌਜ -22 ਨੂੰ ਵਰਗਲਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਸੀ।

13 ਸਤੰਬਰ 1915 ਨੂੰ ਮੁਕੱਦਮਾ ਚਲਿਆ ਤਾਂ ਸਰਾਭਾ ਨੇ ਸਾਰੇ ਦੋਸ਼ਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸਦੀ ਦ੍ਰਿੜ ਵਿਦਵਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿਚ ਸਭ ਤੋਂ ਛੋਟਾ ਗ਼ਦਰੀ ਇਨੀ ਨਿਡਰਤਾ ਨਾਲ ਬਿਆਨ ਦਿੰਦਾ ਹੈ। ਸਰਾਭਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ 'ਤੇ ਮਾਣ ਹੈ।

ਸੈਂਟਰਲ ਜੇਲ੍ਹ ਲਾਹੌਰ ਵਿਚ ਬੈਠੀ ਵਿਸ਼ੇਸ਼ ਅਦਾਲਤ ਨੇ 63 ਗ਼ਦਰੀਆਂ ਵਿਰੁੱਧ ਫੈਸਲਾ ਸੁਣਾਇਆ। ਸਰਾਭਾ ਸਾਢੇ ਉਨ੍ਹੀਂ ਸਾਲ ਦਾ ਸਭ ਤੋਂ ਛੋਟਾ ਸੀ। ਸਰਾਭਾ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਗ਼ਦਰੀਆਂ ਵਲੋਂ ਕੇਸ ਦੀ ਪੈਰਵਈ ਕਰ ਰਹੇ ਵਕੀਲ ਰਘੂਵਰ ਸਹਾਏ ਨੇ ਉਨ੍ਹਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਰੱਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ 24 ਗ਼ਦਰੀਆਂ ਵਿਚੋਂ 17 ਦੀ ਫਾਂਸੀ ਦੀ ਸਜ਼ਾ ਤੋਂ ਸਜ਼ਾ-ਏ-ਕਾਲੇ ਪਾਣੀ ਕਰਾ ਦਿੱਤੀ। ਸਰਾਭਾ ਦੀ ਫਾਂਸੀ ਵੀ ਤੁੜਵਾਉਣ ਦੀ ਕੋਸ਼ਿਸ਼ ਕੀਤੀ। ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗ਼ਦਰੀਆਂ ਵਿਚੋਂ ਸਰਾਭਾ ਸਭ ਤੋਂ ਜ਼ਿਆਦਾ ਖਤਰਨਾਕ ਹੈ ਕਿ ਅਮਰੀਕਾ ਤੋਂ ਭਾਰਤ ਤੱਕ ਕੋਈ ਵੀ ਅਜਿਹੀ ਘਟਨਾ ਨਹੀਂ ਜਿਸ ਵਿਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਿਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉਨੀ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜ਼ਬਾ ਅੱਗੇ ਜਾ ਕੇ ਕ੍ਰਾਂਤੀਕਾਰਾਂ ਭਗਤ ਸਿੰਘ ਅਤੇ ਊਧਮ ਸਿੰਘ ਦੇ ਸੰਘਰਸ਼ ਦਾ ਮਾਰਗ ਦਰਸ਼ਨ ਬਣਿਆ। ਮੁਕੱਦਮੇ ਤੋਂ ਬਾਅਦ ਸਰਾਭਾ ਚੜ੍ਹਦੀ ਕਲਾ ਵਿਚ ਰਿਹਾ। ਉਸਦੀ ਕਵਿਤਾ ਦੇ ਬੋਲ ਹਨ :

ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ।
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ
ਦਿਲੀ ਵਤਨ ਦਾ ਇਸ਼ਕ ਜਗ੍ਹਾ ਜਾਣਾ।

ਅਖ਼ੀਰ 16 ਨਵੰਬਰ 1915 ਨੂੰ ਸਾਢੇ ਉਨ੍ਹੀਂ ਸਾਲ ਦੀ ਉਮਰ ਵਿਚ ਕਰਤਾਰ ਸਿੰਘ ਸਰਾਭਾ ਨੂੰ ਉਨ੍ਹਾਂ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਜਗਤ ਸਿੰਘ ਜ਼ਿਲ੍ਹਾ ਲਾਹੌਰ, ਸੁਰੈਣ ਸਿੰਘ-1 ਅਤੇ ਸੁਰੈਣ ਸਿੰਘ-2 ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਸ਼ਨੂੰ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ (ਮਹਾਂਰਾਸ਼ਟਰ) ਦੇ ਨਾਲ ਸੈਂਟਰਲ ਜੇਲ ਲਾਹੌਰ, ਵਿਚ ਫਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖਾਹਿਸ਼ ਸੀ ਕਿ ਮੇਰੇ ਨਾਮ ਨਾਲ 'ਬਾਗੀ' ਲਗਾਇਆ ਜਾਵੇ। ਬਾਗੀ ਸਰਾਭਾ ਨੇ ਜੇਲਰ ਨੂੰ ਆਖਿਆ ਕਿ ਜੇਲਰ ਸਾਬ੍ਹ ਯੇ ਮਤ ਸੋਚਨਾ ਕਿ ਬਾਗੀ ਕਰਤਾਰ ਸਿੰਘ ਮਰ ਜਾਏਗਾ, ਮੇਰੇ ਖ਼ੂਨ ਕੇ ਜਿਤਨੇ ਕਤਰੇਂ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਅਜ਼ਾਦੀ ਕੇ ਲੀਏ ਕਾਮ ਕਰੇਂਗੇ। ਸਰਾਭਾ ਦੀ ਯਾਦ ਵਿਚ ਉਸਦੇ ਪਿੰਡ ਵਿਖੇ ਦੋ ਏਕੜ ਜਗ੍ਹਾ ਵਿਚ ਉਸਦਾ ਬੁੱਤ, ਲਾਇਬ੍ਰੇਰੀ ਅਤੇ ਪਾਰਕ ਹੈ।

ਅੰਤਿਕ :

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ,
ਜਿਨ੍ਹਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

-ਕਰਤਾਰ ਸਿੰਘ ਸਰਾਭਾ



ੴ ਵਾਹਿਗੁਰੂ ਜੀ ਕੀ ਫ਼ਤਹ॥

## ਮੱਘਰ ਮਹੀਨੇ ਦੀ ਪਾਵਨ ਸੰਗਰਾਂਦ, ਬੁੱਧਵਾਰ ੧੬ ਨਵੰਬਰ, ੨੦੨੩

ਮੱਘਰ ੧੬ ਨਵੰਬਰ - ੧੫ ਦਿਸੰਬਰ, ੨੦੨੩

| ਪ੍ਰਕਾਸ਼ ਪੁਰਬ ਗੁਰੂ ਨਾਨਕ ਦੇਵ ਜੀ - 27 ਨਵੰਬਰ | |
|---|---|
| ਜੋਤੀ ਜੋਤਿ ਗੁਰੂ ਗੋਬਿੰਦ ਸਿੰਘ ਜੀ - 18 ਨਵੰਬਰ | ਸ਼ਹੀਦੀ ਬਾਬਾ ਗੁਰਬਖਸ਼ ਸਿੰਘ - 4 ਦਿਸੰਬਰ |
| ਜਨਮ ਭਾਈ ਵੀਰ ਸਿੰਘ -5 ਦਿਸੰਬਰ | ਸਥਾਪਨਾ ਸ਼੍ਰੋਮਣੀ ਅਕਾਲੀ ਦਲ - 14 ਦਿਸੰਬਰ |
| ਬਰਸੀ ਮਾਸਟਰ ਤਾਰਾ ਸਿੰਘ - 22 ਨਵੰਬਰ | ਗੁਰਿਆਈ ਗੁਰੂ ਗੋਬਿੰਦ ਸਿੰਘ ਜੀ - 15 ਦਿਸੰਬਰ |

ਅੱਜ ਸੰਗਰਾਂਦ ਤੇ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਪਾਵਨ ਹੁਕਮਨਾਮਾ

ਧਨਾਸਰੀ ਮਹਲਾ ੫ ॥ ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ ॥ ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਅ ਸਰੋਵਰ ਪਾਗਾ ॥੧॥ ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥ ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥ ਰਹਾਉ ॥ ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ ॥ ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ ॥੨॥੧੬॥੪੭॥

### ਤੁਖਾਰੀ ਮ: ੧

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥ ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥ ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥ ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥ ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ॥ ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥੧੩॥



### ਮਾਝ ਮ: ੫



ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥ ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥ ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥ ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥ ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥ ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥ ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

### ਪਾਤਸ਼ਾਹੀ ੧੦॥



ਬਾਰਿਜ ਫੂਲਿ ਰਹੇ ਸਰਿ ਪੁੰਜ ਸੁਗੰਧ ਸਨੇ ਸਰਿਤਾਨ ਘਟਾਈ॥ ਕੁੰਜਤ ਕੰਤ ਬਿਨਾ ਕੁਲਹੰਸ ਕਲੇਸ ਬਢੈ ਸੁਨਿ ਕੈ ਤਿਹ ਮਾਈ॥ ਬਾਸੁਰ ਰੈਨਿ ਨ ਚੈਨ ਕਹੂੰ ਛਿਨ ਮੰਘਰ ਮਾਸਿ ਅਯੋ ਨ ਕਨ੍ਹਾਈ॥ ਜਾਤ ਨਹੀ ਤਿਨ ਸੋ ਮਸਕਜੋ ਟਸਕਜੋ ਨ ਹੀਯੋ ਕਸਕਜੋ ਨ ਕਸਾਈ॥੯੨੨॥



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸੰਗਰਾਂਦ ਇਕ ਕੁਦਰਤੀ ਵਰਤਾਰਾ ਹੈ। ਸੂਰਜ ਜਦੋਂ ਇਕ ਰਾਸ਼ੀ ਚੋਂ ਦੂਸਰੀ ਵਿਚ ਪ੍ਰਵੇਸ਼ ਕਰਦਾ ਹੈ ਤਾਂ ਇਸ ਨੂੰ ਸੰਗਰਾਂਦ ਕਿਹਾ ਜਾਂਦਾ ਹੈ। ਇਸ ਲਈ ਸੰਗਰਾਂਦ ਦੀ ਤਰੀਕ ਮੁਕਰੱਰ ਨਹੀਂ ਕੀਤੀ ਜਾ ਸਕਦੀ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਸਹੀ ਸੰਗਰਾਦ ਵਾਲੇ ਦਿਨ ਹੀ ਬਾਰਾਂਮਾਹ ਦਾ ਪਾਠ ਕੀਤਾ ਜਾਂਦਾ ਹੈ। ਮਨਮੁਖਤਾਈ ਅਤੇ ਹੁੱਜਤ ਦਾ ਤਿਆਗ ਕਰ ਕੇ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਹੀ ਅਗਵਾਈ ਲਈਏ॥

www.santsipahi.org; santsipahi@gmail.com

ਜੇਹਾ ਚੀਰੀ ਲਿਖਿਆ ਤੇਰਾ ਹੁਕਮ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਹੁੰਦਲ ਪਰਿਵਾਰ ਨੂੰ ਭਾਰੀ ਸਦਮਾ ਸਤਿਕਾਰਯੋਗ ਸਰਦਾਰ ਹਰਿੰਦਰ ਸਿੰਘ ਹੁੰਦਲ ਨਹੀਂ ਰਹੇ

## ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਅਤੇ ਸਮੂਹ ਸਹਿਯੋਗੀ ਕਲੱਬਾਂ ਵਲੋਂ ਭਾਰੀ ਦੁੱਖ ਦਾ ਪ੍ਰਗਟਾਵਾ



**ਸਵ. ਸਰਦਾਰ ਹਰਿੰਦਰ ਸਿੰਘ ਹੁੰਦਲ**
**02.10.1960 - 11-12-2023**

ਟਰਲਕ/ਕੈਲੀਫੋਰਨੀਆ : ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਉਘੇ ਆਗੂ ਅਤੇ ਅਮਰੀਕਾ ’ਚ ਖੇਡਾਂ ਨੂੰ ਸਪੋਰਟ ਅਤੇ ਪ੍ਰਮੋਟ ਕਰਨ ਵਾਲੇ ਸ੍ਰ. ਹਰਿੰਦਰ ਸਿੰਘ ਹੁੰਦਲ ਮਿਤੀ 12 ਨਵੰਬਰ ਦਿਨ ਐਤਵਾਰ ਨੂੰ ਅਕਾਲ ਚਲਾਣਾ ਕਰ ਗਏ। ਸ੍ਰ. ਹਰਿੰਦਰ ਸਿੰਘ ਹੁੰਦਲ ਇਕ ਸੱਚੇ ਸੁੱਚੇ ਅਤੇ ਨੇਕ ਸੁਭਾਅ ਦੇ ਮਾਲਕ ਸਨ। ਉਨ੍ਹਾਂ ਨੇ ਸਾਰੀ ਜ਼ਿੰਦਗੀ ਪੰਜਾਬੀ ਸਭਿਆਚਾਰ, ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਲਈ ਕੰਮ ਕੀਤਾ। ਉਨ੍ਹਾਂ ਦੇ ਇਸ ਬੇਵਕਤ ਅਕਾਲ ਚਲਾਣੇ ’ਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਅਤੇ ਸਮੂਹ ਸਹਿਯੋਗੀ ਕਲੱਬਾਂ, ਖਿਡਾਰੀਆਂ, ਖੇਡ ਪ੍ਰਮੋਟਰਾਂ ਅਤੇ ਅਮਰੀਕਾ ਦੇ ਉਘੇ ਆਗੂਆਂ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਬਾਰੇ ‘ਸਾਡੇ ਲੋਕ’ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸ੍ਰ. ਸੁਰਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਉਨ੍ਹਾਂ ਦੀ ਇਸ ਬੇਵਕਤੀ ਮੌਤ ’ਤੇ ਸਾਨੂੰ ਭਾਰੀ ਅਫਸੋਸ ਹੈ ਅਤੇ ਅਸੀਂ ਇਸ ਦੁੱਖ ਦੀ ਘੜੀ ’ਚ ਪਰਿਵਾਰ ਦੇ ਨਾਲ ਖੜ੍ਹੇ ਹਾਂ। ਉਨ੍ਹਾਂ ਕਿਹਾ ਕਿ ਭਾਵੇਂ ਉਹ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਸਾਡੇ ਨਾਲ ਰਹਿਣਗੇ। ਵਾਹਿਗੁਰੂ ਜੀ ਦੇ ਚਰਨਾ ’ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਆਤਮਾ ਨੂੰ ਆਪਣੇ ਚਰਨਾ ’ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ ।

**ਉਨ੍ਹਾਂ ਦਾ ਅੰਤਿਮ ਸਸਕਾਰ 21 ਨਵੰਬਰ ਦਿਨ ਮੰਗਲਵਾਰ ਨੂੰ ਸਵੇਰੇ 10.00 ਹੋਵੇਗਾ।**

**Funeral**
TUESDAY, NOVEMBER 21, 2023 AT 10.00AM
TRULOCK FUNERAL HOME
425 N. SODERQUIST ROAD
TURLOCK, CA 95380
**FOLLOWED BY :**
ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਅਤੇ ਅੰਤਿਮ ਅਰਦਾਸ
AT 2:00 PM
TRULOCK GURDWARA SAHIB
1391 5TH ST, TRULOCK, CA 95380

# ਵਿਸ਼ਵ ਕੱਪ: ਨਿਊਜ਼ੀਲੈਂਡ ਨੂੰ ਹਰਾ ਕੇ ਭਾਰਤ ਫਾਈਨਲ ਵਿੱਚ ਪੁੱਜਿਆ

## ਸੈਂਕੜਿਆਂ ਦੇ ਬਾਦਸ਼ਾਹ ਬਣੇ ਕੋਹਲੀ, ਰੋਹਿਤ ਨੇ ਛੱਕਿਆਂ ਦਾ ਬਣਾਇਆ ਰੀਕਾਰਡ










ਮੁੰਬਈ : ਨਿਊਜ਼ੀਲੈਂਡ ਵਿਰੁੱਧ ਸੈਮੀਫ਼ਾਈਨਲ ’ਚ ਸ਼ਾਨਦਾਰ ਜਿੱਤ ਨਾਲ ਭਾਰਤ ਚੌਥੀ ਵਾਰੀ ਕ੍ਰਿਕੇਟ ਵਿਸ਼ਵ ਕੱਪ ਦੇ ਫ਼ਾਈਨਲ ’ਚ ਪੁੱਜ ਗਿਆ ਹੈ। ਭਾਰਤ ਨੇ 1983 ਅਤੇ 2011 ’ਚ ਵਿਸ਼ਵ ਕੱਪ ਜਿੱਤਿਆ ਸੀ ਜਦਕਿ 2003 ਦੇ ਫ਼ਾਈਨਲ ’ਚ ਉਹ ਹਾਰ ਗਿਆ ਸੀ। ਐਤਵਾਰ ਨੂੰ ਫ਼ਾਈਨਲ ’ਚ ਉਸ ਦਾ ਮੁਕਾਬਲਾ ਆਸਟ੍ਰੇਲੀਆ ਅਤੇ ਦੱਖਣੀ ਅਫ਼ਰੀਕਾ ਵਿਚਕਾਰ ਹੋਣ ਵਾਲੇ ਦੂਜੇ ਸੈਮੀਫ਼ਾਈਨਲ ਦੇ ਜੇਤੂ ਨਾਲ ਹੋਵੇਗਾ।

ਰੋਮਾਂਚਕ ਸੈਮੀਫ਼ਾਈਨਲ ’ਚ ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਊਜ਼ੀਲੈਂਡ ਨੂੰ 398 ਦੌੜਾਂ ਦਾ ਵਿਸ਼ਾਲ ਟੀਚਾ ਦਿਤਾ ਸੀ ਜਿਸ ਦੇ ਜਵਾਬ ’ਚ ਨਿਊਜ਼ੀਲੈਂਡ ਦੀ ਟੀਮ 327 ਦੌੜਾਂ ਹੀ ਬਣਾ ਸਕੀ। ਵਿਰਾਟ ਕੋਹਲੀ ਨੇ ਵਨਡੇ ਸੈਂਕੜਿਆਂ ਦਾ ਅਰਧ ਸੈਂਕੜਾ ਪੂਰਾ ਕਰ ਕੇ ਸਚਿਨ ਤੇਂਦੁਲਕਰ ਦਾ ਰੀਕਾਰਡ ਤੋੜਿਆ, ਉਥੇ ਹੀ ਸ਼੍ਰੇਅਸ ਅਈਅਰ ਨੇ ਲਗਾਤਾਰ ਦੂਜੇ ਮੈਚ ਵਿਚ ਸੈਂਕੜਾ ਜੜ ਕੇ ਭਾਰਤ ਨੇ ਨਿਊਜ਼ੀਲੈਂਡ ਵਿਰੁਧ ਵਿਸ਼ਵ ਕੱਪ ਸੈਮੀਫਾਈਨਲ ਵਿਚ ਚਾਰ ਵਿਕਟਾਂ ’ਤੇ 397 ਦੌੜਾਂ ਦਾ ਵੱਡਾ ਸਕੋਰ ਬਣਾਇਆ ਸੀ। ਹਾਲਾਂਕਿ ਮੈਚ ਦੀ ਜਿੱਤ ਦਾ ਸਿਹਰਾ ਮੁਹੰਮਦ ਸ਼ਮੀ ਦੇ ਨਾਂ ਜਾਂਦਾ ਹੈ ਜਿਨ੍ਹਾਂ ਨੇ ਨਿਊਜ਼ੀਲੈਂਡ ਦੀਆਂ ਪਹਿਲੀਆਂ ਚਾਰ ਅਤੇ ਕੁਲ 7 ਵਿਕਟਾਂ ਲੈ ਕੇ ‘ਪਲੇਅਰ ਆਫ਼ ਦ ਮੈਚ’ ਖ਼ਿਤਾਬ ਅਪਣੇ ਨਾਂ ਕੀਤਾ।

ਨਿਊਜ਼ੀਲੈਂਡ ਦੀ ਸ਼ੁਰੂਆਤ ਬੇਹੱਦ ਖ਼ਰਾਬ ਰਹੀ ਜਿਸ ਦੇ ਦੋਵੇਂ ਓਪਨਰ, ਡੇਵਨ ਕੋਨਵੇ ਅਤੇ ਰਚਿਨ ਰਵਿੰਦਰਾ ਕੋਈ ਕਮਾਲ ਨਹੀਂ ਵਿਖਾ ਸਕੇ ਅਤੇ 13-13 ਦੇ ਸਕੋਰ ’ਤੇ ਆਊਟ ਹੋ ਗਏ। ਇਸ ਤੋਂ ਬਾਅਦ ਕਪਤਾਨ ਕੇਨ ਵਿਲੀਅਮਸਨ ਅਤੇ ਡਰਾਇਲ ਮਿਸ਼ੇਲ ਨੇ ਪਾਰੀ ਨੂੰ ਸੰਭਾਲਿਆ ਅਤੇ ਇਕ ਸਮੇਂ ਅਪਣੀ ਟੀਮ ਦੀ ਮੁਕਾਬਲੇ ’ਚ ਵਾਪਸੀ ਕਰਵਾ ਲਈ ਸੀ, ਪਰ ਮੁਹੰਮਦ ਸ਼ਮੀ ਦੀ ਲਾਜਵਾਬ ਗੇਂਦਬਾਜ਼ੀ ਦੇ ਅੱਗੇ ਦੋਵੇਂ ਨਹੀਂ ਟਿਕ ਸਕੇ। ਕੇਨ 69 ਗੇਂਦਾਂ ਬਣਾ ਕੇ ਆਊਟ ਹੋਏ ਜਦੋਂ ਟੀਮ ਦਾ ਸਕੋਰ 32.2 ਓਵਰਾਂ ’ਚ 220 ਦੌੜਾਂ ਸੀ। ਇਸ ਤੋਂ ਬਾਅਦ ਟੌਮ ਲੇਥਮ ਵੀ ਸਿਫ਼ਰ ਦੇ ਸਕੋਰ ’ਤੇ ਸ਼ਮੀ ਦੀ ਗੇਂਦਾਂ ’ਤੇ ਐਲ.ਬੀ.ਡਬਲਿਊ. ਦਾ ਸ਼ਿਕਾਰ ਹੋ ਗਏ, ਜਿਸ ਤੋਂ ਬਾਅਦ ਨਿਊਜ਼ੀਲੈਂਡ ਵਾਪਸੀ ਨਹੀਂ ਕਰ ਸਕਿਆ।

ਡਾਰਿਲ ਮਿਸ਼ੇਲ ਨੇ ਸਭ ਤੋਂ ਵੱਧ 134 ਦੌੜਾਂ ਬਣਾਈਆਂ। ਉਨ੍ਹਾਂ ਤੋਂ ਇਲਾਵਾ ਸਿਰਫ਼ ਗਲੇਨ ਫ਼ਿਲਿਪ ਭਾਰਤੀ ਗੇਂਦਬਾਜ਼ੀ ਨੂੰ ਕੁਝ ਚੁਨੌਤੀ ਦੇ ਸਕੇ ਜਿਨ੍ਹਾਂ ਨੇ 41 ਦੌੜਾਂ ਬਣਾਈਆਂ। ਪੂਰੀ ਟੀਮ 48.5 ਓਵਰਾਂ ’ਚ 327 ਦੇ ਸਕੋਰ ’ਤੇ ਆਊਟ ਹੋ ਗਈ। ਭਾਰਤ ਵਲੋਂ ਮੁਹੰਮਦ ਸ਼ਮੀ ਤੋਂ ਇਲਾਵਾ ਜਸਪ੍ਰੀਤ ਬੁਮਰਾ, ਮੁਹੰਮਦ ਸਿਰਾਜ ਅਤੇ ਕੁਲਦੀਪ ਯਾਦਵ ਨੇ 1-1 ਵਿਕੇਟ ਲਈ। ਮੁਹੰਮਦ ਸ਼ਮੀ ਨੇ ਇਕ ਦਿਨਾ ਵਿਸ਼ਵ ਕੱਪ ਮੈਚਾਂ ’ਚ ਸਭ ਤੋਂ ਤੇਜ਼ 50 ਵਿਕੇਟਾਂ ਲੈਣ ਦਾ ਰੀਕਾਰਡ ਵੀ ਬਣਾਇਆ। ਇਸ ਤੋਂ ਇਲਾਵਾ ਸ਼ਮੀ ਨੇ ਵਿਸ਼ਵ ਕੱਪ ’ਚ ਸਭ ਤੋਂ ਵੱਧ, 4, ਵਾਰ ਪੰਜ ਜਾਂ ਵੱਧ ਵਿਕੇਟਾਂ ਲੈਣ ਦਾ ਰੀਕਾਰਡ ਵੀ ਬਣਾਇਆ। ਉਹ ਕਿਸੇ ਇਕ ਵਿਸ਼ਵ ਕੱਪ ’ਚ ਤਿੰਨ ਵਾਰੀ ਪੰਜ ਵਿਕਟਾਂ ਲੈਣ ਵਾਲੇ ਪਹਿਲੇ ਗੇਂਦਬਾਜ਼ ਵੀ ਬਣ ਗਏ।

ਕੋਹਲੀ ਨੇ 117 ਗੇਂਦਾਂ ’ਤੇ 113 ਦੌੜਾਂ ਬਣਾਈਆਂ, ਜਦਕਿ ਅਈਅਰ ਨੇ 70 ਗੇਂਦਾਂ ’ਤੇ 105 ਦੌੜਾਂ ਬਣਾਈਆਂ। ਦੋਹਾਂ ਨੇ 128 ਗੇਂਦਾਂ ’ਚ 163 ਦੌੜਾਂ ਜੋੜੀਆਂ। ਇਸ ਤੋਂ ਪਹਿਲਾਂ ਕਪਤਾਨ ਰੋਹਿਤ ਸ਼ਰਮਾ ਨੇ 29 ਗੇਂਦਾਂ ’ਚ 47 ਦੌੜਾਂ ਦੀ ਤੂਫਾਨੀ ਪਾਰੀ ਖੇਡ ਕੇ ਭਾਰਤ ਨੂੰ ਤੇਜ਼ ਸ਼ੁਰੂਆਤ ਦਿਵਾਈ, ਜਦਕਿ ਅੱਧ ਵਿਚਾਲੇ ਰਿਟਾਇਰਡ ਹਰਟ ਹੋਏ ਸ਼ੁਭਮਨ ਗਿੱਲ ਨੇ ਆਖਰੀ ਓਵਰ ’ਚ ਵਾਪਸੀ ਕਰਦੇ ਹੋਏ ਕੁਲ 66 ਗੇਂਦਾਂ ’ਚ 80 ਦੌੜਾਂ ਦੀ ਅਜੇਤੂ ਪਾਰੀ ਖੇਡੀ। ਕੇ.ਐੱਲ. ਰਾਹੁਲ 20 ਗੇਂਦਾਂ ’ਤੇ 39 ਦੌੜਾਂ ਬਣਾ ਕੇ ਅਜੇਤੂ ਰਹੇ। ਕਪਤਾਨ ਰੋਹਿਤ ਨੇ ਇਸ ਦੌਰਾਨ ਵਿਸ਼ਵ ਕੱਪ ਦੇ ਇਤਿਹਾਸ ’ਚ ਸਭ ਤੋਂ ਵੱਧ ਛੱਕੇ ਜੜਨ ਦਾ ਰੀਕਾਰਡ ਵੀ ਅਪਣੇ ਨਾਂ ਕੀਤਾ ਅਤੇ ਕ੍ਰਿਸ ਗੇਲ ਦੇ 49 ਛੱਕੇ ਮਾਰਨ ਦੇ ਰੀਕਾਰਡ ਨੂੰ ਤੋੜ ਦਿਤਾ।

ਨਿਊਜ਼ੀਲੈਂਡ ਲਈ ਟਿਮ ਸਾਊਥੀ ਸਭ ਤੋਂ ਮਹਿੰਗੇ ਪਰ ਸਭ ਤੋਂ ਸਫਲ ਗੇਂਦਬਾਜ਼ ਰਹੇ। ਉਸ ਨੇ 100 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ। 106 ਗੇਂਦਾਂ ’ਚ ਅਪਣਾ ਸੈਂਕੜਾ ਪੂਰਾ ਕਰ ਕੇ ਕੋਹਲੀ ਨੇ ਵਨਡੇ ਕ੍ਰਿਕਟ ’ਚ ਸਚਿਨ ਤੇਂਦੁਲਕਰ ਦਾ ਸਭ ਤੋਂ ਵੱਧ ਸੈਂਕੜਿਆਂ ਦਾ ਰੀਕਾਰਡ ਤੋੜ ਦਿਤਾ। ਉਹ ਵਨਡੇ ’ਚ ਸੈਂਕੜਿਆਂ ਦਾ ਅੱਧਾ ਸੈਂਕੜਾ ਪੂਰਾ ਕਰਨ ਵਾਲੇ ਪਹਿਲੇ ਬੱਲੇਬਾਜ਼ ਬਣ ਗਏ ਹਨ। ਇਸ ਪਾਰੀ ਦੌਰਾਨ, ਉਨ੍ਹਾਂ ਨੇ ਤੇਂਦੁਲਕਰ ਦੇ ਇਕ ਵਿਸ਼ਵ ਕੱਪ (2003 ’ਚ 673 ਦੌੜਾਂ) ’ਚ ਸਭ ਤੋਂ ਵੱਧ ਦੌੜਾਂ ਬਣਾਉਣ ਦਾ ਰੀਕਾਰਡ ਵੀ ਅਪਣੇ ਨਾਂ ਕਰ ਲਿਆ।

ਨਿਊਜ਼ੀਲੈਂਡ ਨੇ ਸ਼ੁਰੂਆਤ ’ਚ ਕੋਹਲੀ ਵਿਰੁਧ LBW ਲਈ DRS ਲਿਆ ਸੀ। ਇਸ ਤੋਂ ਇਲਾਵਾ ਕੀਵੀ ਗੇਂਦਬਾਜ਼ ਉਸ ਨੂੰ ਕਿਸੇ ਸਮੇਂ ਵੀ ਪਰੇਸ਼ਾਨ ਨਹੀਂ ਕਰ ਸਕੇ। ਕੋਹਲੀ ਨੇ ਆਸਾਨੀ ਨਾਲ ਅਪਣੀਆਂ ਦੌੜਾਂ ਬਣਾਈਆਂ ਅਤੇ ਸਾਊਥੀ ਦੀ ਗੇਂਦਬਾਜ਼ੀ ’ਤੇ ਡੀਪ ਸਕਵੇਅਰ ਲੈੱਗ ’ਤੇ ਕੈਚ ਹੋਣ ਤੋਂ ਪਹਿਲਾਂ ਅਪਣੀ ਪਾਰੀ ’ਚ 9 ਚੌਕੇ ਅਤੇ ਦੋ ਛੱਕੇ ਲਗਾਏ।

ਪਿਛਲੇ ਮੈਚ ’ਚ ਸੈਂਕੜਾ ਲਗਾਉਣ ਵਾਲੇ ਅਈਅਰ ਨੇ ਅਪਣੀ ਇਸ ਲੈਅ ਨੂੰ ਬਰਕਰਾਰ ਰਖਿਆ ਅਤੇ ਅਪਣੇ ਘਰੇਲੂ ਮੈਦਾਨ ਵਾਨਖੇੜੇ ’ਤੇ ਛੱਕੇ ਲਗਾ ਕੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਸਾਊਦੀ ’ਤੇ ਛੱਕਾ ਮਾਰਨ ਤੋਂ ਬਾਅਦ ਉਸ ਨੇ ਅਗਲੀ ਗੇਂਦ ’ਤੇ ਇਕ ਦੌੜ ਲੈ ਕੇ 67 ਗੇਂਦਾਂ ’ਤੇ ਅਪਣਾ ਸੈਂਕੜਾ ਪੂਰਾ ਕੀਤਾ। ਵਿਸ਼ਵ ਕੱਪ ਦੇ ਨਾਕਆਊਟ ਪੜਾਅ ’ਚ ਇਹ ਸਭ ਤੋਂ ਤੇਜ਼ ਸੈਂਕੜਾ ਹੈ।

# ਤੀਰਅੰਦਾਜ਼ੀ: ਧੀਰਜ ਨੇ ਪੈਰਿਸ ਓਲੰਪਿਕ ਦਾ ਕੋਟਾ ਹਾਸਲ ਕੀਤਾ

ਬੈਂਕਾਕ: ਤੀਰਅੰਦਾਜ਼ ਧੀਰਜ ਬੋਮਾਦੇਵਰਾ ਨੇ ਅੱਜ ਇੱਥੇ ਏਸ਼ਿਆਈ ਮਹਾਂਦੀਪੀ ਕੁਆਲੀਫਿਕੇਸ਼ਨ ਟੂਰਨਾਮੈਂਟ ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ ਭਾਰਤ ਦਾ ਤੀਰਅੰਦਾਜ਼ੀ ਵਿੱਚ ਪਹਿਲਾ ਪੈਰਿਸ ਓਲੰਪਿਕ ਕੋਟਾ ਹਾਸਲ ਕਰ ਲਿਆ ਹੈ। ਭਾਰਤ ਦਾ ਸੀਨੀਅਰ ਤੀਰਅੰਦਾਜ਼ ਤਰੁਣਦੀਪ ਰਾਏ ਅੱਠਵੇਂ ਸਥਾਨ ’ਤੇ ਰਿਹਾ। ਬੋਮਾਦੇਵਰਾ ਇਹ ਤਗ਼ਮਾ ਜਿੱਤਣ ਵਾਲਾ ਇਕਲੌਤਾ ਭਾਰਤੀ ਸੀ। ਇਸ 22 ਸਾਲਾ ਤੀਰਅੰਦਾਜ਼ ਨੇ ਨਿਰਾਸ਼ ਨਹੀਂ ਕੀਤਾ ਅਤੇ ਇਸ ਨੇ ਸਿੱਧੇ ਦੋ ਸੈੱਟ ਜਿੱਤ ਕੇ ਫਾਈਨਲ ਵਿੱਚ ਥਾਂ ਬਣਾਈ। ਏਸ਼ਿਆਈ ਮਹਾਂਦੀਪੀ ਕੁਆਲੀਫਿਕੇਸ਼ਨ ਟੂਰਨਾਮੈਂਟ ਦੇ ਵਿਅਕਤੀਗਤ ਫਾਈਨਲ ਵਿੱਚ ਪੁੱਜਣ ਵਾਲੇ ਦੋ ਦੇਸ਼ਾਂ ਨੂੰ ਪੈਰਿਸ ਓਲੰਪਿਕ ਮਿਲੇਗਾ। ਹਾਲਾਂਕਿ, ਧੀਰਜ ਸੋਨ ਤਗ਼ਮਾ ਜਿੱਤਣ ਵਿੱਚ ਅਸਫਲ ਰਿਹਾ। ਉਹ ਚੀਨੀ ਤਾਇਪੈ ਦੇ ਖਿਡਾਰੀ ਜ਼ਿਹ-ਸਿਆਂਗ ਲਿਨ ਤੋਂ 5-6 (29-28, 27-29, 28-28, 30-28, 25-26) (9-10) ਨਾਲ ਹਾਰ ਗਿਆ। ਧੀਰਜ ਨੇ ਕੁਆਰਟਰ ਫਾਈਨਲ ਵਿੱਚ ਇਰਾਨ ਦੇ ਸਦੇਗ਼ ਅਸ਼ਰਫੀ ਬਾਵਿਲੀ ਨੂੰ 6-0 (28-27, 28-25, 28-27) ਨਾਲ ਸ਼ਿਕਸਤ ਦਿੱਤੀ ਸੀ। ਭਾਰਤ ਮਹਿਲਾਵਾਂ ਦੇ ਵਿਅਕਤੀਗਤ ਵਰਗ ਵਿੱਚ ਕੋਟਾ ਹਾਸਲ ਨਹੀਂ ਕਰ ਸਕਿਆ। ਤੀਰਅੰਦਾਜ਼ ਅੰਕਿਤਾ ਭਗਤ ਕੁਆਰਟਰਜ਼ ਵਿੱਚ ਹਾਰ ਗਈ।




## Metrimonial



Parminder Singh Josan S/O Manjit Singh, October 12, 1994, Education Business Accounting -Humber College Toronto, Currently in Kansas- Business in Trucking. josan family his parents living Jalandhar front of my house plus two pass DAV college Jalandhar then Accounting Management Toronto Humble College now living with us in Kansas @trucking business choice any Sikh family

# ਦੀਵਾਲੀ ਉਪਰ ਰਾਜਾ ਸਵੀਟਸ 'ਚ ਮਠਿਆਈਆਂ ਦੀ ਬਰਸਾਤ

## ਦੀਵਾਲੀ ਖੁਸ਼ੀਆਂ ਮਨਾਉਣ ਦਾ ਦਿਨ : ਗਿਆਨੀ ਰਵਿੰਦਰ ਸਿੰਘ







ਯੂਨੀਅਨ ਸਿਟੀ ਕੈਲੀਫੋਰਨੀਆ ਬੇ-ਏਰੀਆ ਦੇ ਵੱਖ-ਵੱਖ ਰੈਸਟੋਰੈਂਟਾਂ, ਜਿਊਲਰ, ਸਟੋਰਾਂ ਉਪਰ ਸਾਰਾ ਦਿਨ ਚਹਿਲ ਪਹਿਲ ਰਹੀ। ਲੋਕ ਸਵੇਰ ਤੋਂ ਹੀ ਮਠਿਆਈਆਂ ਦੀਆਂ ਧੜਾਧੜ ਸਜੀਆਂ ਦੁਕਾਨਾਂ ਉਪਰ ਤਰ੍ਹਾਂ ਤਰ੍ਹਾਂ ਦੀਆਂ ਵੱਖ-ਵੱਖ ਮਠਿਆਈਆਂ ਖਰੀਦਦੇ ਰਹੇ। ਲੋਕ ਸਮੇਤ ਪਰਿਵਾਰਾਂ ਦੇ ਇਸ ਜਗਮਗਾਉਂਦੇ ਤਿਉਹਾਰ ਉਪਰ ਜਿੱਥੇ ਮਠਿਆਈਆਂ ਵੰਡਦੇ, ਖਾਂਦੇ ਤੇ ਖਰੀਦਦੇ ਹਨ, ਰੰਗ ਬਰੰਗੇ ਸੂਟ ਪਾਈ ਮੁਟਿਆਰਾਂ ਆਪਣੇ ਪਤੀਆਂ ਨਾਲ ਸੋਨੇ ਦੇ ਤੋਹਫੇ ਦੇ ਕੇ ਦੀਵਾਲੀ ਦੀਆਂ ਖੁਸ਼ੀਆਂ ਮਨਾ ਰਹੀਆਂ ਸਨ। ਜਿਊਲਰਾਂ ਦੇ ਮਾਲਕਾਂ ਨੇ ਜਿੱਥੇ ਇਹ ਲਿਖਿਆ ਹੋਇਆ ਸੀ ਕਿ ਸਭ ਤੋਂ ਸਸਤਾ ਸੋਨਾ ਖਰੀਦੋ, ਉਥੇ ਉਹਨਾਂ ਨੇ ਸੱਚਮੁੱਚ ਸੋਨਾ ਵੀ ਸੇਲ ਉਪਰ ਲਗਾਈ ਰੱਖਿਆ ਸੀ, ਉਥੇ ਗਾਹਕਾਂ ਦਾ ਹਾਲ ਦੇਖ ਕੇ ਲੱਗਦਾ ਸੀ ਕਿ ਲੋਕ ਸਾਰਾ ਸੋਨਾ ਅੱਜ ਹੀ ਖਰੀਦ ਲੈਣਗੇ। ਇੱਥੇ ਦੀ ਦੀਵਾਲੀ ਸੱਚਮੁੱਚ ਹੀ ਚਹਿਲ-ਪਹਿਲ ਦੀ ਦੀਵਾਲੀ ਸੀ। ਉਪਰੰਤ ਜਦੋਂ ਮਠਿਆਈਆਂ ਦੇ ਰੈਸਟੋਰੈਂਟ ਰਾਜਾ ਸਵੀਟਸ ਉਪਰ ਗਏ ਤਾਂ ਉਥੇ ਮਾਲਕ ਆਪ ਤਾਜ਼ੀਆਂ ਮਠਿਆਈਆਂ ਗਾਹਕਾਂ ਨੂੰ ਦੇ ਕੇ ਆਨੰਦ ਮਾਣ ਰਹੇ ਸਨ। ਸੁਆਦਿਸ਼ਟ ਮਠਿਆਈਆਂ ਲੋਕ ਜਿੱਥੇ ਪੈਕ ਕਰਵਾ ਰਹੇ ਸਨ, ਉਥੇ ਨਾਲ ਖਾਧੀਆਂ ਵੀ ਜਾ ਰਹੀਆਂ ਸਨ। ਰਾਜਾ ਸਵੀਟ ਵਾਲੇ ਸੱਚਮੁੱਚ ਇਕ ਮਿਹਨਤੀ ਅਤੇ ਆਲਾ ਦਰਜੇ ਦੇ ਸੈਫ ਹਨ, ਲੋਕ ਲਾਈਨਾਂ ਵਿਚ ਲੱਗ ਕੇ ਮਠਿਆਈਆਂ ਖਰੀਦ ਰਹੇ ਸਨ। ਮਠਿਆਈਆਂ ਦੇ ਵੱਡੇ-ਵੱਡੇ ਥਾਲ ਤਰ੍ਹਾਂ ਤਰ੍ਹਾਂ ਦੀਆਂ ਮਠਿਆਈਆਂ ਨਾਲ ਭਰੇ ਸਨ। ਲੋਕ ਇਕ ਦੂਜੇ ਨੂੰ ਮਿਲ ਕੇ ਵਧਾਈਆਂ ਦਿੰਦੇ ਅਤੇ ਮਠਿਆਈਆਂ ਖਰੀਦਦੇ ਸਨ। 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਸਨੀਵੇਲ ਤੋਂ ਸਪੈਸ਼ਲ ਮਠਿਆਈਆਂ ਖਰੀਦਣ ਆਏ ਸ਼੍ਰੀ ਪੰਕਜ ਨੇ ਕਿਹਾ ਕਿ ਮਠਿਆਈਆਂ, ਖਾਣਿਆਂ ਅਤੇ ਪਾਰਟੀਆਂ ਲਈ ਰਾਜਾ ਸਵੀਟਸ ਦਾ ਕੋਈ ਸਾਨੀ ਨਹੀਂ ਕੀਮਤ ਕੁਆਲਟੀ ਤੇ ਸਰਵਿਸ 'ਚ ਰਾਜਾ ਸਵੀਟਸ ਸੱਚਮੁੱਚ ਰਾਜਾ ਹੀ ਹੈ।

ਰਾਜਸਥਾਨ ਤੋਂ ਆਏ ਸ਼੍ਰੀ ਰਾਮ ਦੇਵ ਨੇ ਕਿਹਾ "ਅਰੇ ਜੇ ਤੋ 100% ਭਾਰਤੀ ਟੇਸਟ ਹੈ। ਰਾਜਾ ਸਵੀਟਸ ਸੇ ਅੱਛੀ ਮਠਿਆਈ ਤੋ ਆਜ ਕੱਲ ਇੰਡੀਆ ਮੇ ਵੀ ਨਹੀਂ ਮਿਲਤੀ ਵੱਖ ਵੱਖ ਖਰੀਦਾਰਾਂ ਨੇ ਆਪਣਾ ਸ਼ਤ ਪ੍ਰਤੀਸ਼ਤ ਭਰੋਸਾ ਰਾਜਾ ਸਵੀਟਸ ਨੂੰ ਦਿੱਤਾ, ਗਿਆਨੀ ਰਵਿੰਦਰ ਸਿੰਘ ਅਤੇ ਹੋਰ ਖਿੜ੍ਹੇ ਹੋਏ ਚਿਹਰਿਆਂ ਨਾਲ ਮਠਿਆਈ ਵੇਚਣ ਦਾ ਆਨੰਦ ਮਾਣ ਰਹੇ ਸਨ। ਰਾਜਾ ਸਵੀਟਸ ਸਜਿਆ ਧੱਜਿਆ ਮਠਿਆਈਆਂ ਦਾ ਭੰਡਾਰ ਖਾਣਿਆਂ ਦਾ ਖਜ਼ਾਨਾ ਸੱਚਮੁੱਚ ਹੀ ਬਹਿਸ਼ਤ ਵਿਚ ਬੈਠ ਕੇ ਖਾਣ ਵਾਲੀ ਗੱਲ ਸੀ। ਉਨ੍ਹਾਂ ਨੇ ਦੱਸਿਆ ਕਿ ਦੀਵਾਲੀ ਜਿੱਥੇ ਰੌਸ਼ਨੀਆਂ ਦਾ ਤਿਉਹਾਰ ਹੈ, ਉਥੇ ਇਕ ਦੂਜੇ ਪ੍ਰਤੀ ਪ੍ਰੇਮ ਪਿਆਰ ਦੀ ਭਾਵਨਾ ਦਾ ਤਿਉਹਾਰ ਹੈ। ਅੱਜ ਦੇ ਦਿਨ ਬੱਸ ਪਿਆਰ ਸਤਿਕਾਰ ਪ੍ਰੇਮ ਭਾਵਨਾ ਹੀ ਉਤਪੰਨ ਹੁੰਦੀ ਹੈ। ਉਸ ਨੇ ਸਾਰਿਆਂ ਨੂੰ ਦੀਵਾਲੀ ਦੀਆਂ ਸ਼ੁਭ ਕਾਮਨਾਵਾਂ ਭੇਟ ਕੀਤੀਆਂ।

















# ਰੋਪੜ 'ਚ ਇਕ ਵਕੀਲ ਵੱਲੋਂ ਆਪਣੀ ਮਾਂ ਦੀ ਕੁੱਟਮਾਰ ਕਰਨਾ ਮੰਦਭਾਗਾ ਵਰਤਾਰਾ



*ਖ਼ੂਨ ਦੇ ਰਿਸ਼ਤਿਆਂ ਨੂੰ ਤਾਰ-ਤਾਰ ਕਰਦੀ ਇਹ ਘਟਨਾ ਦੀ ਜਿੰਨੀ ਨਿੰਦਾ ਕੀਤੀ ਜਾਵੇ ਘੱਟ ਹੈ। ਅੰਕੁਰ ਵਰਮਾ ਨੇ ਨਹੀਂ ਸੋਚਿਆ ਹੋਣਾ ਕਿ ਉਸ ਦੀ ਮਾਂ ਨੇ ਉਸ ਨੂੰ ਕਿਵੇਂ ਪਾਲਿਆ ਹੋਣਾ ਤੇ ਕਿਵੇਂ ਪੈਰਾਂ 'ਤੇ ਖੜ੍ਹਨ ਦੇ ਯੋਗ ਬਣਾਇਆ ਹੋਣਾ? ਉਹ ਵਕੀਲ ਹੈ ਜਿਸ ਦੁਆਰਾ ਲੋਕਾਂ ਦੇ ਘਰਾਂ 'ਚ ਸੁਧਾਰ ਲਈ ਅਦਾਲਤ ਵਿਚ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਉਕਤ ਕਾਰਨਾਮੇ ਨੂੰ ਦੇਖ ਕੇ ਤਾਂ ਸ਼ੱਕ ਪੈਂਦਾ ਹੈ ਕਿ ਇਹ ਐਡਵੋਕੇਟ ਦੂਸਰਿਆਂ ਨੂੰ ਕੀ ਇਨਸਾਫ਼ ਦਿਵਾਉਂਦਾ ਹੋਵੇਗਾ ਜਿਸ ਦੀ ਆਪਣੀ ਸਮਝ ਨਿਗੂਣੀ ਜਿਹੀ ਹੈ।*

**-ਸਿਮਰਜੀਤ ਸਿੰਮੀ**

'ਮਾਂ' ਇਕ ਅਜਿਹਾ ਸ਼ਬਦ ਹੈ ਜਿਸ ਦੇ ਸਾਹਮਣੇ ਸਾਰੀ ਦੁਨੀਆ ਫਿੱਕੀ ਪੈ ਜਾਂਦੀ ਹੈ। ਜਿਸ ਦੀ ਮਾਂ ਜਿਊਂਦੀ ਹੋਵੇ, ਉਸ ਨੂੰ ਰੱਬ ਤੋਂ ਦੁਆਵਾਂ ਮੰਗਣ ਦੀ ਜ਼ਰੂਰਤ ਨਹੀਂ ਪੈਂਦੀ ਕਿਉਂਕਿ ਉਹ ਹਰ ਸਾਹ ਨਾਲ ਆਪਣੀ ਔਲਾਦ ਲਈ ਖ਼ੈਰਾਂ ਮੰਗਦੀ ਹੈ। ਮਾਂ ਦਾ ਰੁਤਬਾ ਤਾਂ ਪਰਮਾਤਮਾ ਤੋਂ ਵੀ ਉੱਪਰ ਹੈ। ਇਸੇ ਲਈ ਤਾਂ ਕਹਿੰਦੇ ਹਨ ਕਿ ਜਿੱਥੇ ਕਿਤੇ ਰੱਬ ਖ਼ੁਦ ਨਹੀਂ ਜਾ ਸਕਦਾ ਸੀ, ਉਸ ਥਾਂ 'ਤੇ ਉਸ ਨੇ ਮਾਂ ਨੂੰ ਭੇਜਿਆ। ਮਾਂ ਬਣਨ ਤੋਂ ਬਾਅਦ ਹੀ ਹਰ ਔਰਤ ਆਪਣੇ-ਆਪ ਨੂੰ ਸੰਪੂਰਨ ਸਮਝਣ ਲੱਗਦੀ ਹੈ। ਉਹ ਸਭ ਤੋਂ ਵੱਧ ਆਪਣੇ ਬੱਚੇ ਨੂੰ ਜਾਣਦੀ ਹੈ। ਇਸ ਲਈ ਤਾਂ ਕਹਾਵਤ ਮਸ਼ਹੂਰ ਹੈ ਕਿ 'ਗੂੰਗੇ ਦੀਆਂ ਰਮਜ਼ਾਂ ਗੂੰਗੇ ਦੀ ਮਾਂ ਹੀ ਸਮਝੇ'। ਭਾਵ ਮਾਂ ਨੂੰ ਕੁਝ ਵੀ ਕਹਿ ਕੇ ਬਿਆਨ ਨਹੀਂ ਕਰਨਾ ਪੈਂਦਾ, ਉਹ ਬਿਨਾਂ ਬੋਲਿਆਂ ਹੀ ਬੱਚਿਆਂ ਦੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝ ਲੈਂਦੀ ਹੈ। ਉਹ ਤਾਂ ਐਨੀ ਵੱਡੀ ਡਾਕਟਰ ਹੁੰਦੀ ਹੈ ਕਿ ਬੱਚੇ ਦੇ ਸਰੀਰ ਨੂੰ ਛੂਹ ਕੇ ਦੱਸ ਦਿੰਦੀ ਹੈ ਕਿ ਉਸ ਨੂੰ ਬੁਖ਼ਾਰ ਹੈ। ਕੋਹਾਂ ਦੂਰ ਤੋਂ ਆਏ ਆਪਣੇ ਬੱਚਿਆਂ ਦੀਆਂ ਫੋਨ ਕਾਲਾਂ ਤੋਂ ਬੱਚੇ ਦੀ ਆਵਾਜ਼ ਤੋਂ ਉਸ ਦੀ ਤਬੀਅਤ ਠੀਕ ਨਾ ਹੋਣ ਦਾ ਅੰਦਾਜ਼ਾ ਲਗਾ ਲੈਂਦੀ ਹੈ।

ਛੋਟੇ ਬੱਚੇ ਦੇ ਖੇਡਦਿਆਂ ਡਿੱਗ ਜਾਣ ਉਪਰੰਤ ਵੱਜੀ ਸੱਟ ਉਸ ਦੁਆਰਾ ਫੂਕ ਮਾਰ ਕੇ ਹੀ ਠੀਕ ਕਰ ਦੇਣ ਵਾਲੀ ਮੱਲ੍ਹਮ ਅੱਜ ਤੱਕ ਕਿਸੇ ਵੈਦ ਤੋਂ ਨਹੀਂ ਬਣੀ। ਉਹ ਆਪਣੇ ਬੱਚਿਆਂ ਦੀਆਂ ਖ਼ੁਸ਼ੀਆਂ ਲਈ ਆਪਣੇ ਹਰ ਸ਼ੌਕ ਨੂੰ ਕੁਰਬਾਨ ਕਰ ਦਿੰਦੀ ਹੈ, ਹਰ ਦੁੱਖ ਸਹਿੰਦੀ ਹੈ ਪਰ ਕਦੇ ਵੀ ਸ਼ਿਕਾਇਤ ਨਹੀਂ ਕਰਦੀ। ਮਾਂ ਦੀ ਐਸੀ ਮਹਾਨਤਾ ਨੂੰ ਪ੍ਰੋ. ਮੋਹਨ ਸਿੰਘ ਨੇ ਇਨ੍ਹਾਂ ਸ਼ਬਦਾਂ ਵਿਚ ਵਰਣਨ ਕੀਤਾ ਹੈ : "ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਵੇ। ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ। ਬਾਕੀ ਕੁੱਲ ਦੁਨੀਆ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ। ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ।" ਮਾਂ ਤਾਂ ਸੱਚਮੁੱਚ ਧਰਤੀ ਵਾਂਗ ਵਿਸ਼ਾਲ ਹੈ। ਮਾਂ ਦੀ ਅਸਲੀ ਅਹਿਮੀਅਤ ਤਾਂ ਉਹੀ ਸਮਝ ਸਕਦਾ ਹੈ ਜਿਸ ਦੀ 'ਮਾਂ' ਨਹੀਂ। ਪਰ ਕੁਝ ਦਿਨ ਪਹਿਲਾਂ ਮਨ ਨੂੰ ਬੇਹੱਦ ਪਰੇਸ਼ਾਨ ਕਰਨ ਵਾਲੀ ਘਟਨਾ ਵਾਪਰੀ। ਉਹ ਘਟਨਾ ਸੀ ਰੋਪੜ ਦੇ ਐਡਵੋਕੇਟ ਅੰਕੁਰ ਵਰਮਾ ਅਤੇ ਉਸ ਦੇ ਪਰਿਵਾਰ ਵੱਲੋਂ ਆਪਣੀ ਬਜ਼ੁਰਗ ਮਾਤਾ ਨਾਲ ਕੀਤਾ ਗਿਆ ਅਣਮਨੁੱਖੀ ਕਾਰਾ। ਉਸ ਕਾਰੇ ਕਾਰਨ ਸਾਰੀ ਮਨੁੱਖਤਾ ਦਾ ਸਿਰ ਸ਼ਰਮ ਨਾਲ ਝੁਕ ਗਿਆ। ਉਹ ਸਿਰਫ਼ ਨਾਂ ਦੇ ਹੀ ਮਨੁੱਖ ਹਨ। ਉਨ੍ਹਾਂ ਦੇ ਇਸ ਘਿਨੌਣੇ ਵਤੀਰੇ ਨੇ ਪੂਰੀ ਮਨੁੱਖਤਾ 'ਤੇ ਕਲੰਕ ਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ। ਵੀਡੀਓ ਨੂੰ ਅੰਤ ਤੱਕ ਵੇਖਿਆ ਹੀ ਨਹੀਂ ਜਾਂਦਾ। ਉਸ ਘਟਨਾ ਦਾ ਵੀਡੀਓ ਵੇਖ ਕੇ ਮਨ ਦੁਖੀ ਹੁੰਦਿਆਂ ਅੱਖਾਂ ਵੀ ਭਰ ਆਈਆਂ। ਪਤਾ ਨਹੀਂ ਉਕਤ ਲੋਕਾਂ ਨੇ ਕਿਵੇਂ ਅਜਿਹਾ ਕੀਤਾ ਹੋਣਾ? ਪਤਾ ਨਹੀਂ ਕਿਹੋ ਜਿਹੀ ਅੰਤਰ ਆਤਮਾ ਦੇ ਧਾਰਨੀ ਹੋਣਗੇ ਇਹ ਲੋਕ? ਸਾਰਾ ਪਰਿਵਾਰ ਹੀ ਪੜ੍ਹਿਆ-ਲਿਖਿਆ ਹੈ ਪਰ ਸਮਝ ਨਹੀਂ ਆਉਂਦੀ ਕਿ ਉਨ੍ਹਾਂ ਨੇ ਕਿਹੋ ਜਿਹੀ ਪੜ੍ਹਾਈ ਕੀਤੀ ਹੋਈ ਹੈ? ਜਿਸ ਮਾਂ ਦੇ ਆਦਰ-ਸਤਿਕਾਰ ਵਿਚ ਕਿੰਨਾ ਕੁਝ ਲਿਖਿਆ ਹੋਇਆ ਹੈ, ਜਿਸ ਦਾ ਦੇਣਾ ਦਿੱਤਾ ਹੀ ਨਹੀਂ ਜਾ ਸਕਦਾ ਉਸ ਉੱਤੇ ਇੰਨਾ ਤਸ਼ੱਦਦ ਸਮਝ ਤੋਂ ਬਾਹਰ ਹੈ? ਸਾਰੇ ਹੀ ਕਮਾਊ ਹਨ। ਪੈਸੇ-ਧੇਲੇ ਦਾ ਕੋਈ ਅੰਤ ਨਹੀਂ। ਪਤਾ ਨਹੀਂ ਇਹ ਹੋਰ ਕਿੰਨਾ ਧਨ ਇਕੱਠਾ ਕਰਨਾ ਚਾਹੁੰਦੇ ਹਨ? ਉਹ ਮਾਂ ਵੀ ਉਨ੍ਹਾਂ 'ਤੇ ਆਸ਼ਰਿਤ ਨਹੀਂ ਸਗੋਂ ਰਿਟਾਇਰਡ ਲੈਕਚਰਾਰ ਹੈ। ਪੈਨਸ਼ਨ ਵੀ ਲੈਂਦੀ ਹੈ। ਸਾਰੀ ਉਮਰ ਆਤਮ-ਨਿਰਭਰ ਹੋਣ ਦੇ ਬਾਵਜੂਦ ਪਤਾ ਨਹੀਂ ਕਿਹੜੀ ਗੱਲ ਉਸ ਨਾਲ ਕੀਤੇ ਅਜਿਹੇ ਵਤੀਰੇ ਦਾ ਕਾਰਨ ਬਣੀ ਜਿਸ ਬਾਰੇ ਕਈ ਕਿਆਸ ਲਗਾਏ ਜਾ ਰਹੇ ਹਨ।

ਕੁਝ ਵੀ ਹੋਵੇ, ਅਜਿਹਾ ਵਰਤਾਰਾ ਤਾਂ ਦੁਸ਼ਮਣ ਦੀ ਮਾਂ ਨਾਲ ਕਰਨ ਬਾਰੇ ਵੀ ਨਹੀਂ ਸੋਚਿਆ ਜਾ ਸਕਦਾ ਤੇ ਉਨ੍ਹਾਂ ਨੇ ਆਪਣੀ ਮਾਂ ਨਾਲ ਹੀ ਅਜਿਹਾ ਕਾਰਾ ਕਰ ਦਿੱਤਾ। ਪਹਿਲੇ ਪਾਤਸ਼ਾਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ ਕਿ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ। ਗੁਰੂ ਸਾਹਿਬ ਦਾ ਅਜਿਹਾ ਸੁਨੇਹਾ ਦੇਣ ਵਾਲੀ ਧਰਤੀ 'ਤੇ ਜਨਮ ਲੈਣ ਵਾਲਿਆਂ ਦੁਆਰਾ ਅਜਿਹਾ ਕਾਰਾ ਕਰਨ ਵਾਲਿਆਂ 'ਤੇ ਲੱਖ ਲਾਹਨਤ ਹੈ। ਉਨ੍ਹਾਂ ਨਾ ਮਾਂ ਹੋਣ ਦਾ ਲਿਹਾਜ਼ ਕੀਤਾ, ਨਾ ਉਮਰ ਦਾ ਤੇ ਨਾ ਹੀ ਉਸ ਵਿਚਾਰੀ ਦੇ ਅਹੁਦੇ ਦਾ ਲਿਹਾਜ਼ ਕੀਤਾ। ਸੱਚੀਓਂ, ਮਨੁੱਖਤਾ ਦੀ ਸੇਵਾ ਕਰਨ ਵਾਲੇ ਮਸੀਹਾ ਗੁਰਪ੍ਰੀਤ ਸਿੰਘ ਜੀ ਮਿੰਟੂ ਨੂੰ ਮਨ ਸਿਜਦਾ ਕਰਦਾ ਹੈ ਜਿਨ੍ਹਾਂ ਨੇ ਉਸ ਪੀੜਤ ਮਾਂ ਦੀ ਸਾਰ ਲਈ। ਜੇ ਉਨ੍ਹਾਂ ਨੂੰ ਵੀ ਪਤਾ ਨਾ ਲੱਗਦਾ ਤਾਂ ਪਤਾ ਨਹੀਂ ਵਿਚਾਰੀ ਦਾ ਕੀ ਹਸ਼ਰ ਹੁੰਦਾ? ਖ਼ੂਨ ਦੇ ਰਿਸ਼ਤਿਆਂ ਨੂੰ ਤਾਰ-ਤਾਰ ਕਰਦੀ ਇਹ ਘਟਨਾ ਦੀ ਜਿੰਨੀ ਨਿੰਦਾ ਕੀਤੀ ਜਾਵੇ ਘੱਟ ਹੈ। ਅੰਕੁਰ ਵਰਮਾ ਨੇ ਨਹੀਂ ਸੋਚਿਆ ਹੋਣਾ ਕਿ ਉਸ ਦੀ ਮਾਂ ਨੇ ਉਸ ਨੂੰ ਕਿਵੇਂ ਪਾਲਿਆ ਹੋਣਾ ਤੇ ਕਿਵੇਂ ਪੈਰਾਂ 'ਤੇ ਖੜ੍ਹਨ ਦੇ ਯੋਗ ਬਣਾਇਆ ਹੋਣਾ? ਉਹ ਵਕੀਲ ਹੈ ਜਿਸ ਦੁਆਰਾ ਲੋਕਾਂ ਦੇ ਘਰਾਂ 'ਚ ਸੁਧਾਰ ਲਈ ਅਦਾਲਤ ਵਿਚ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਉਕਤ ਕਾਰਨਾਮੇ ਨੂੰ ਦੇਖ ਕੇ ਤਾਂ ਸ਼ੱਕ ਪੈਂਦਾ ਹੈ ਕਿ ਇਹ ਐਡਵੋਕੇਟ ਦੂਸਰਿਆਂ ਨੂੰ ਕੀ ਇਨਸਾਫ਼ ਦਿਵਾਉਂਦਾ ਹੋਵੇਗਾ ਜਿਸ ਦੀ ਆਪਣੀ ਸਮਝ ਨਿਗੂਣੀ ਜਿਹੀ ਹੈ। ਆਪਣੇ ਮਾਪਿਆਂ ਨਾਲ ਕੀਤੀਆਂ ਚਲਾਕੀਆਂ ਨਾਲ ਤੁਹਾਡਾ ਭਲਾ ਕਿਵੇਂ ਹੋ ਸਕਦਾ ਹੈ? ਜਾਂ ਚੈਨ ਦੀ ਨੀਂਦ ਕਿਵੇਂ ਆ ਸਕਦੀ ਹੈ? ਮਨ ਦੀ ਸ਼ਾਂਤੀ ਲਈ ਹੀ ਬੰਦਾ ਸਾਰੀ ਉਮਰ ਹੱਥ-ਪੈਰ ਮਾਰਦਾ ਰਹਿੰਦਾ ਪਰ ਆਪਣੇ ਮਾਪਿਆਂ ਨਾਲ ਅਜਿਹਾ ਵਿਵਹਾਰ ਕਰ ਕੇ ਤਾਂ ਕਦੇ ਵੀ ਚੈਨ ਨਹੀਂ ਆ ਸਕਦਾ। ਕਹਿੰਦੇ ਨੇ ਕਿ ਇਕ ਵਾਰ ਤੁਰ ਜਾਣ ਤਾਂ ਮਾਵਾਂ ਲੱਭਦੀਆਂ ਨਹੀਂ। ਮਾਵਾਂ ਤਾਂ ਠੰਢੀਆਂ ਛਾਵਾਂ ਹੁੰਦੀਆਂ ਨੇ। ਬੱਚੇ ਦਾ ਸਭ ਤੋਂ ਪਹਿਲਾ ਰਿਸ਼ਤਾ ਮਾਂ ਨਾਲ ਹੀ ਹੁੰਦਾ ਹੈ। ਇਸ ਰਿਸ਼ਤੇ ਦਾ ਕੋਈ ਮੁੱਲ ਨਹੀਂ। ਇਹ ਪਿਆਰ ਕਿਸੇ ਹੋਰ ਰਿਸ਼ਤੇ ਤੋਂ ਮਿਲ ਹੀ ਨਹੀਂ ਸਕਦਾ। ਮਾਂ ਦੀ ਮਮਤਾ ਕਦੇ ਵੀ ਬੁੱਢੀ ਨਹੀਂ ਹੁੰਦੀ। ਮਾਵਾਂ ਕਦੇ ਕੁਮਾਵਾਂ ਨਹੀਂ ਪੁੱਤ ਕਈ ਵਾਰ ਕਪੁੱਤ ਜ਼ਰੂਰ ਬਣ ਜਾਂਦੇ ਹਨ। ਇਨ੍ਹਾਂ ਦੁਆਰਾ ਬੱਚੇ ਨੂੰ ਜਨਮ ਦੇਣ ਦੀ ਅਸਹਿ ਪੀੜਾ ਨੂੰ ਝੱਲਣਾ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਪਰਿਵਾਰ ਦੇ ਵੀ ਬੱਚੇ ਹਨ। ਉਹ ਵੀ ਵੱਡਿਆਂ ਨੂੰ ਵੇਖ ਕੇ ਉਹੀ ਸਿੱਖੇ ਹੋਏ ਹਨ। ਸਾਡਾ ਕੀਤਾ ਕਰਮ ਚੱਕਰ ਘੁੰਮ ਕੇ ਸਾਡੇ ਤੱਕ ਜ਼ਰੂਰ ਆਉਂਦਾ ਹੈ।

ਗ਼ਲਤੀ ਤੇ ਗੁਨਾਹ ਵਿਚ ਬਹੁਤ ਫ਼ਰਕ ਹੁੰਦਾ ਹੈ। ਗ਼ਲਤੀਆਂ ਮਾਫ਼ ਹੁੰਦੀਆਂ ਹਨ ਪਰ ਗੁਨਾਹ ਕਦੇ ਵੀ ਮਾਫ਼ੀਯੋਗ ਨਹੀਂ ਹੁੰਦੇ। ਚੌਥੇ ਪਾਤਸ਼ਾਹ ਧੰਨ ਗੁਰੂ ਰਾਮਦਾਸ ਦਾਸ ਜੀ ਨੇ ਗੁਰਬਾਣੀ ਵਿਚ ਸਮਝਾਇਆ ਹੈ : ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥ ਭਾਵ ਇਹ ਕਿ ਜਨਮ ਦੇਣ ਅਤੇ ਪਾਲਣ - ਪੋਸ਼ਣ ਕਰਨ ਵਾਲੇ ਮਾਪਿਆਂ ਨਾਲ ਝਗੜੇ ਕਰਨਾ ਹੀ ਵੱਡਾ ਪਾਪ ਹੈ। ਜੇ ਅਸੀਂ ਪੜ੍ਹਾਈ ਜੋ ਕਿ ਸਾਡੀ ਜ਼ਿੰਦਗੀ ਨੂੰ ਸੁਖਾਲਾ ਕਰਦੀ ਹੈ ਅਤੇ ਜੀਵਨ-ਜਾਚ ਵੀ ਸਿਖਾਉਂਦੀ ਹੈ, ਤੋਂ ਇਹ ਵੀ ਨਹੀਂ ਸਿੱਖਿਆ ਕਿ ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ। ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ। ਤੁਹਾਡੇ ਦੁਆਰਾ ਕੀਤੇ ਅਜਿਹੇ ਕਰਮ ਤੁਹਾਨੂੰ ਟਿਕਣ ਨਹੀਂ ਦੇਣਗੇ। ਉਨ੍ਹਾਂ ਦੀ ਤੁਹਾਡੇ ਮਨ ਵਿਚ ਪਈ ਤਰਥੱਲੀ ਹੀ ਤੁਹਾਨੂੰ ਪਰੇਸ਼ਾਨ ਕਰਦੀ ਰਹੇਗੀ। ਅਜਿਹੀ ਸਥਿਤੀ ਵਿਚ ਤੁਹਾਡਾ ਕੋਈ ਵੀ ਸਾਂਝੀਦਾਰ ਨਹੀਂ ਹੋਵੇਗਾ। ਤੁਸੀਂ ਬੇਚੈਨ ਹੀ ਰਹੋਗੇ। ਸੋ, ਅਜਿਹਾ ਕਰਨ ਤੋਂ ਹਮੇਸ਼ਾ ਗੁਰੇਜ਼ ਕਰੋ। ਅੰਤ ਵਿਚ ਮੈਂ ਇਸ ਬਾਰੇ ਇਹੀ ਕਹਾਂਗੀ ਕਿ ਕਿਸੇ ਮਾਂ ਦੇ ਅੰਕੁਰ ਵਰਗਾ ਪੁੱਤਰ ਪੈਦਾ ਨਾ ਹੋਵੇ ਤੇ ਨਾ ਹੀ ਕਿਸੇ ਮਾਂ ਦੀ ਅਜਿਹੀ ਦੁਰਦਸ਼ਾ ਹੋਵੇ ਕਿਉਂਕਿ ਮਾਵਾਂ ਆਪਣੇ ਬੱਚਿਆਂ ਨੂੰ ਦੁੱਧ ਨਾਲ ਪਾਲਦੀਆਂ ਹਨ ਤੇ ਅੰਤ ਵੇਲੇ ਪਾਣੀ ਨੂੰ ਵੀ ਤਰਸਦੀਆਂ ਹਨ।

# ਦੇਰੀ ਨਾਲ ਮਿਲਿਆ ਨਿਆਂ ਹੁੰਦਾ ਹੈ ਅਨਿਆਂ

**-ਪ੍ਰੋ. ਪਰਮਜੀਤ ਸਿੰਘ ਨਿੱਕੇ**

ਅੱਜ ਕਾਨੂੰਨੀ ਸੇਵਾਵਾਂ ਦਿਵਸ ਦੇਸ਼ ਭਰ ਵਿਚ ਮਨਾਇਆ ਜਾ ਰਿਹਾ ਹੈ। ਗਿਆਰਾਂ ਅਕਤੂਬਰ 1987 ਨੂੰ 'ਕਾਨੂੰਨੀ ਸੇਵਾਵਾਂ ਅਥਾਰਟੀ ਐਕਟ' ਬਣਾਇਆ ਗਿਆ ਸੀ ਜੋ 9 ਨਵੰਬਰ 1995 ਨੂੰ ਪ੍ਰਭਾਵ ਵਿਚ ਆ ਗਿਆ ਸੀ। ਇਸ ਐਕਟ ਅਧੀਨ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਥਾਪਨਾ 5 ਦਸੰਬਰ 1995 ਨੂੰ ਕਰ ਦਿੱਤੀ ਗਈ ਸੀ ਜਿਸ ਦਾ ਮੁੱਖ ਉਦੇਸ਼ ਤੇਜ਼ ਅਤੇ ਸਸਤਾ ਨਿਆਂ ਪ੍ਰਦਾਨ ਕਰਵਾਉਣਾ ਸੀ।

ਇਸ ਦੇ ਨਾਲ ਹੀ ਗ਼ਰੀਬ ਤੇ ਲੋੜਵੰਦ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਵਾਉਣਾ ਤੇ ਆਪਸੀ ਸਹਿਮਤੀ ਨਾਲ ਕੇਸਾਂ ਨੂੰ ਹੱਲ ਕਰਨਾ ਵੀ ਵੱਡੇ ਉਦੇਸ਼ ਰੱਖੇ ਗਏ ਸਨ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਹਰ ਸਾਲ ਵੱਡੇ ਯਤਨ ਕੀਤੇ ਜਾਂਦੇ ਹਨ ਤੇ ਅੱਜ ਦਾ ਦਿਨ ਇਨ੍ਹਾਂ ਉਦੇਸ਼ਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਤੇ ਅਦਾਲਤਾਂ 'ਚ ਚੱਲ ਰਹੇ ਕੇਸਾਂ 'ਚੋਂ ਵੱਧ ਤੋਂ ਵੱਧ ਕੇਸਾਂ ਨੂੰ ਆਪਸੀ ਸਹਿਮਤੀ ਨਾਲ ਹੱਲ ਕਰਨ ਲਈ ਲੋਕਾਂ ਨੂੰ ਪੇ ?ਰਿਤ ਕਰਨ ਦਾ ਦਿਨ ਹੈ।

ਭਾਰਤ ਦੀ ਨਿਆਂ ਪ੍ਰਣਾਲੀ ਦਾ ਹਾਲ ਇਹ ਹੈ ਕਿ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਵੱਲੋਂ ਰਾਜ ਸਭਾ ਵਿਚ ਦਿਤੀ ਗਈ ਜਾਣਕਾਰੀ ਅਨੁਸਾਰ ਸੰਨ 2022 ਵਿਚ ਅਦਾਲਤਾਂ ਵਿਚ 4.70 ਕਰੋੜ ਕੇਸ ਸੁਣਵਾਈ ਅਧੀਨ ਸਨ। ਜੁਲਾਈ 2023 ਵਿਚ ਦੇਸ਼ 'ਚ 4,41 ਕਰੋੜ ਤੋਂ ਵੱਧ ਮਾਮਲੇ ਜ਼ਿਲ੍ਹਾ ਪੱਧਰੀ ਜਾਂ ਹੇਠਲੀਆਂ ਅਦਾਲਤਾਂ 'ਚ ਚੱਲ ਰਹੇ ਸਨ ਅਤੇ 60,62,953 ਮਾਮਲੇ ਹਾਈ ਕੋਰਟਾਂ 'ਚ ਅਤੇ 69,766 ਕੁ ਕੇਸ ਸੁਪਰੀਮ ਕੋਰਟ ਵਿਚ ਲੰਬਿਤ ਸਨ। ਹਾਈ ਕੋਰਟਾਂ ਦੀ ਸੂਚੀ ਵਿਚ ਇਲਾਹਾਬਾਦ ਹਾਈ ਕੋਰਟ 10.56 ਲੱਖ ਮਾਮਲਿਆਂ ਨਾਲ ਸਭ ਤੋਂ ਅੱਗੇ ਹੈ ਜਦਕਿ 4.5 ਲੱਖ ਤੋਂ ਵੱਧ ਕੇਸਾਂ ਨਾਲ ਪੰਜਾਬ ਤੇ ਹਰਿਆਣਾ ਹਾਈ ਕੋਰਟ ਪੰਜਵੇਂ ਨੰਬਰ 'ਤੇ ਆਉਂਦਾ ਹੈ।

ਰਾਜਸਥਾਨ ਹਾਈ ਕੋਰਟ ਕੋਲ 6,66,814 ਅਤੇ ਮਹਾਰਾਸ਼ਟਰ ਹਾਈ ਕੋਰਟ ਕੋਲ 5.88 ਲੱਖ ਕੇਸ ਬਕਾਇਆ ਪਏ ਹਨ। ਦਿਲਚਸਪ ਗੱਲ ਇਹ ਹੈ ਕਿ ਮੇਘਾਲਿਆ, ਤ੍ਰਿਪੁਰਾ ਅਤੇ ਮਨੀਪੁਰ ਸੂਬਿਆਂ ਦੀਆਂ ਹਾਈ ਕੋਰਟਾਂ ਵਿਚ ਚੱਲ ਰਹੇ ਕੇਸਾਂ ਦੀ ਗਿਣਤੀ ਪ੍ਰਤੀ ਰਾਜ 5 ਹਜ਼ਾਰ ਕੇਸਾਂ ਤੋਂ ਵੀ ਘੱਟ ਹੈ। ਇਹ ਵੀ ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪੱਧਰੀ ਤੇ ਹੇਠਲੀਆਂ ਅਦਾਲਤਾਂ ਵਿਚ ਚੱਲ ਰਹੇ 4.41 ਕਰੋੜ ਮਾਮਲਿਆਂ 'ਚੋਂ 2.5 ਕਰੋੜ ਤੋਂ ਵੱਧ ਮਾਮਲੇ ਅਪਰਾਧਕ ਭਾਵ ਕ੍ਰਿਮੀਨਲ ਕੇਸ ਹਨ ਤੇ




ਉੱਤਰ ਪ੍ਰਦੇਸ਼ ਦੀਆਂ ਜ਼ਿਲ੍ਹਾ ਜਾਂ ਹੇਠਲੀਆਂ ਅਦਾਲਤਾਂ ਵਿਚ ਚਲ ਰਹੇ ਅਜਿਹੇ ਮਾਮਲਿਆਂ ਦੀ ਗਿਣਤੀ 80 ਲੱਖ ਤੋਂ ਵੀ ਵੱਧ ਹੈ। ਸਭ ਤੋਂ ਹੈਰਾਨੀਜਨਕ ਤੇ ਦਿਲਚਸਪ ਤੱਥ ਇਹ ਵੀ ਹੈ ਕਿ ਸਾਡੇ ਮੁਲਕ ਦਾ ਸਭ ਤੋਂ ਪੁਰਾਣਾ ਚੱਲਿਆ ਆ ਰਿਹਾ ਲੰਬਿਤ ਕੇਸ ਕਲਕੱਤਾ ਹਾਈ ਕੋਰਟ ਵਿਚ ਸੰਨ 1951 ਤੋਂ ਚੱਲ ਰਿਹਾ ਸੀ ਜਿਸ ਨੂੰ ਸੰਨ 2022 ਵਿਚ ਲਗਪਗ 71 ਸਾਲ ਬਾਅਦ ਫ਼ੈਸਲਾ ਸੁਣਾ ਕੇ ਹੱਲ ਕਰ ਦਿੱਤਾ ਗਿਆ ਸੀ।

ਕਲਕੱਤਾ ਹਾਈ ਕੋਰਟ ਵਿਚ ਅਜੇ ਵੀ ਦੋ ਅਜਿਹੇ ਕੇਸ ਲੰਬਿਤ ਹਨ ਜੋ ਸੰਨ 1952 ਵਿਚ ਦਾਇਰ ਕੀਤੇ ਗਏ ਸਨ। ਇਸੇ ਤਰ੍ਹਾਂ ਰਾਜਸਥਾਨ ਹਾਈ ਕੋਰਟ 'ਚ ਵੀ ਇਕ ਕੇਸ ਹੈ ਜੋ ਸੰਨ 1956 ਤੋਂ ਚੱਲ ਰਿਹਾ ਹੈ ਤੇ ਅਜਿਹੇ ਕੇਸ ਇਲਾਹਬਾਦ ਤੇ ਜੰਮੂ-ਕਸ਼ਮੀਰ ਹਾਈ ਕੋਰਟ ਵਿਚ ਵੀ ਚੱਲ ਰਹੇ ਹਨ ਜੋ ਸੰਨ 1976 'ਚ ਸ਼ੁਰੂ ਹੋਏ ਸਨ ਤੇ ਅੱਜ ਤੱਕ ਚੱਲ ਰਹੇ ਹਨ। ਇਕ ਦਿਲਚਸਪ ਤੱਥ ਇਹ ਵੀ ਹੈ ਕਿ ਭਾਰਤੀ ਸੁਪਰੀਮ ਕੋਰਟ ਦੇ 13 ਜੱਜਾਂ ਨੇ ਕੇਸ਼ਵਾਨੰਦ ਭਾਰਤੀ ਅਤੇ ਕੇਰਲਾ ਸਰਕਾਰ ਦਰਮਿਆਨ ਚੱਲੇ ਇਕ ਕੇਸ ਦੀ ਸੁਣਵਾਈ 68 ਦਿਨਾਂ ਤੱਕ ਕੀਤੀ ਸੀ ਕਿ ਜੋ ਸੁਪਰੀਮ ਕੋਰਟ ਦੀ ਸਭ ਤੋਂ ਲੰਬੀ ਸੁਣਵਾਈ ਮੰਨੀ ਜਾਂਦੀ ਹੈ। ਇਸ ਕੇਸ ਵਿਚ ਸੁਪਰੀਮ ਕੋਰਟ ਨੇ 800 ਪੰਨਿਆਂ ਦਾ ਫ਼ੈਸਲਾ ਸੁਣਾਇਆ ਸੀ।

ਭਾਰਤੀ ਸੰਵਿਧਾਨ ਦੀ ਧਾਰਾ 39-ਏ ਅਧੀਨ ਇਹ ਕਿਹਾ ਗਿਆ ਹੈ ਕਿ ਸਭ ਲੋਕਾਂ ਨੂੰ ਨਿਆਂ ਪ੍ਰਾਪਤੀ ਲਈ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ ਤੇ ਵੱਖ-ਵੱਖ ਯੋਜਨਾਵਾਂ ਅਧੀਨ ਲੋੜਵੰਦਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਵੀ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਆਰਥਿਕ ਤੰਗੀ ਕਰਕੇ ਜਾਂ ਇਸ ਤਰ੍ਹਾਂ ਦੇ ਕਿਸੇ ਹੋਰ ਕਾਰਨ ਕਰਕੇ ਕੋਈ ਵੀ ਨਾਗਰਿਕ ਕਿਧਰੇ ਇਨਸਾਫ਼ ਹਾਸਲ ਕਰਨ ਦੀ ਚਾਰਾਜੋਈ ਕਰਨ ਤੋਂ ਵਾਂਝਾ ਨਾ ਰਹਿ ਜਾਵੇ।

ਇਸੇ ਤਰ੍ਹਾਂ ਧਾਰਾ 14 ਅਤੇ 22 (1) ਵੀ ਹਰੇਕ ਨਾਗਰਿਕ ਨੂੰ ਸੰਵਿਧਾਨਕ ਹੱਕ ਦਿੰਦਿਆਂ ਹੋਇਆਂ ਸਰਕਾਰ ਨੂੰ ਪਾਬੰਦ ਕਰਦੀਆਂ ਹਨ ਕਿ ਨਿਆਂ ਪ੍ਰਾਪਤੀ ਲਈ ਹਰੇਕ ਲੋੜਵੰਦ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣ ਤੇ ਕਾਨੂੰਨ ਸਾਹਮਣੇ ਕੋਈ ਵੀ ਵਿਅਕਤੀ ਵੱਡੇ ਜਾਂ ਛੋਟੇ ਵਜੋਂ ਪੇਸ਼ ਨਾ ਕੀਤਾ ਜਾਵੇ। ਅੱਜ ਵਾਕਿਆ ਹੀ ਇਸ ਗੱਲ ਦੀ ਲੋੜ ਹੈ ਕਿ ਲੋਕ ਜਾਗਰੂਕ ਹੋਣ ਤੇ ਗ਼ੈਰ-ਅਪਰਾਧਕ ਕੇਸਾਂ 'ਚ ਆਪਸੀ ਸਹਿਮਤੀ ਬਣਾ ਲੈਣ ਤੇ ਅਦਾਲਤਾਂ 'ਚ ਚੱਲ ਰਹੇ ਆਪਣੇ ਮਾਮਲੇ ਵਾਪਸ ਲੈ ਕੇ ਜਾਂ ਹੱਲ ਕਰਵਾ ਕੇ ਅਦਾਲਤਾਂ ਦਾ ਬੋਝ ਹਲਕਾ ਕਰਨ ਤਾਂ ਕਿ ਹੋਰ ਲੋੜਵੰਦਾਂ ਨੂੰ ਜਲਦੀ ਇਨਸਾਫ਼ ਮਿਲ ਸਕੇ ਵਰਨਾ ਇਹ ਗੱਲ ਤਾਂ ਸੌ ਫ਼ੀਸਦੀ ਸਹੀ ਹੈ ਕਿ ਦੇਰੀ ਨਾਲ ਮਿਲਿਆ ਨਿਆਂ ਅਸਲ 'ਚ ਅਨਿਆਂ ਦੇ ਬਰਾਬਰ ਹੀ ਹੁੰਦਾ ਹੈ।

# ਦਵਾ ਬਰਾਮਦਾਂ ਲਈ ਲਾਇਸੈਂਸ ਪ੍ਰਣਾਲੀ ਦੀ ਲੋੜ

ਟੀ ਕੇ ਅਰੁਣ

ਸਮਕਾਲੀ ਆਰਥਿਕ ਨੀਤੀ ਨਿਰਮਾਣ ਖੇਤਰ ਵਿਚ ਲਾਇਸੈਂਸ ਪ੍ਰਣਾਲੀ ਨੂੰ ਬੁਰੀ ਨਜ਼ਰ ਨਾਲ ਦੇਖਿਆ ਜਾਂਦਾ ਹੈ ਪਰ ਸਰਕਾਰ ਨੂੰ ਦਵਾਈਆਂ ਦੀਆਂ ਬਰਾਮਦਾਂ ਲਈ ਲਾਜ਼ਮੀ ਤੌਰ 'ਤੇ ਲਾਇਸੈਂਸਿੰਗ ਸ਼ੁਰੂ ਕਰਨੀ ਪੈਣੀ ਹੈ ਭਾਵੇਂ ਇਸ ਬਦਲੇ ਖੁੱਲ੍ਹੀ ਮੰਡੀ ਦੇ ਆਪੂੰ ਬਣੇ ਅਲੰਬਰਦਾਰ ਇਸ ਕਦਮ ਦੀ ਨੁਕਤਾਚੀਨੀ ਹੀ ਕਰਨ। ਫਾਰਮੇਸੀ ਦੀ ਦੁਨੀਆ ਵਿਚ ਭਾਰਤ ਦੀ ਸਾਖ਼ ਮੁੱਲਵਾਨ ਹੈ ਜਿਸ ਨੂੰ ਦਵਾਈਆਂ ਸਪਲਾਈ ਕਰਨ ਵਾਲੀਆਂ ਮੰਡੀ ਦੀਆਂ ਤਾਕਤਾਂ ਨੂੰ ਖੁੱਲ੍ਹੀ ਛੂਟ ਦੇ ਕੇ ਖਰਾਬ ਨਹੀਂ ਕਰਨ ਦਿੱਤੀ ਜਾ ਸਕਦੀ।

ਲੰਘੀ 28 ਜੁਲਾਈ ਨੂੰ ਬਲੂਮਬਰਗ ਦੀ ਰਿਪੋਰਟ ਆਈ ਸੀ ਕਿ 'ਕੋਲਡ ਆਊਟ' ਦੇ ਨਾਂ ਦੀ ਖੰਘ ਦੀ ਪੀਣ ਵਾਲੀ ਦਵਾ (ਕਫ਼ ਸਿਰਪ) ਜੋ ਚੇਨੱਈ ਆਧਾਰਿਤ ਕੰਪਨੀ ਵਲੋਂ ਬਣਾ ਕੇ ਇਰਾਕ ਨੂੰ ਬਰਾਮਦ ਕੀਤੀ ਗਈ ਸੀ, ਵਿਚ ਪ੍ਰਵਾਨਤ ਹੱਦ ਨਾਲੋਂ 21 ਗੁਣਾ ਜਿ ?ਆਦਾ ਇਥਾਇਲ ਗਲਾਇਕੋਲ ਦੇ ਅੰਸ਼ ਮਿਲੇ ਹਨ। ਇਸ ਦੀ ਪਰਖ ਵਿਸ਼ਵ ਸਿਹਤ ਅਦਾਰੇ (ਡਬਲਿਊਐੱਚਓ) ਦੀ ਪ੍ਰਵਾਨਗੀ ਨਾਲ ਇਕ ਅਮਰੀਕੀ ਲੈਬ 'ਚੋਂ ਕਰਵਾਈ ਗਈ ਸੀ। ਪਿਛਲੇ ਸਾਲ ਭਾਰਤ ਵਿਚ ਬਣਾਈ ਖੰਘ ਦੀ ਦਵਾਈ ਨਾਲ ਗਾਂਬੀਆ ਅਤੇ ਉਜ਼ਬੇਕਿਸਤਾਨ ਵਿਚ ਬਹੁਤ ਸਾਰੇ ਬੱਚਿਆਂ ਦੀਆਂ ਮੌਤਾਂ ਹੋਈਆਂ ਸਨ। ਇਸ ਸਾਲ ਅਪਰੈਲ ਮਹੀਨੇ ਬਲੂਮਬਰਗ ਦੀ ਰਿਪੋਰਟ ਸੀ ਕਿ ਡਬਲਿਊਐੱਚਓ ਨੂੰ ਮਾਰਸ਼ਲ ਆਈਲੈਂਡ ਅਤੇ ਮਾਇਕ੍ਰੋਨੇਸ਼ੀਆ ਵਿਚ ਕਫ ਸਿਰਪ ਗਾਇਫੇਂਸਿਨ ਟੀਜੀ ਵਿਚ ਗ਼ੈਰ-ਮਾਦਿਆਂ ਦੇ ਅੰਸ਼ ਮਿਲੇ ਸਨ। ਇਹ ਕਫ ਸਿਰਪ ਵੀ ਭਾਰਤੀ ਫਾਰਮਾ ਕੰਪਨੀ ਕਯੂਪੀ ਫਾਰਮਾਕੈਮ ਨੇ ਬਣਾਇਆ ਸੀ। ਇਸ ਦਵਾਈ ਵਿਚ ਪ੍ਰਵਾਨਤ ਹੱਦ ਨਾਲੋਂ ਜ਼ਿਆਦਾ ਡਾਇਥਲੀਨ ਗਲਾਇਕੋਲ ਅਤੇ ਐਥਾਇਲੀਨ ਗਲਾਇਕੋਲ ਦੇ ਅੰਸ਼ ਨਿੱਕਲੇ ਜੋ ਰਿਪੋਰਟ ਮੁਤਾਬਕ, ਮਨੁੱਖੀ ਵਰਤੋਂ ਲਈ ਨੁਕਸਾਨਦਾਇਕ ਹਨ।

ਬਲੂਮਬਰਗ ਦੀ ਹੀ ਇਕ ਹੋਰ ਰਿਪੋਰਟ (ਪਹਿਲੀ ਅਗਸਤ) ਵਿਚ ਕਿਹਾ ਗਿਆ ਹੈ ਕਿ ਇਕ ਭਾਰਤੀ ਦਵਾ ਕੰਪਨੀ ਨੇ ਇਕ ਨਾਨ-ਪ੍ਰਾਫਿਟ (ਗ਼ੈਰ-ਲਾਭਕਾਰੀ) ਸੰਸਥਾ ਨੂੰ ਗਰਭਪਾਤ ਦੀਆਂ ਗ਼ੈਰ-ਮਿਆਰੀ ਗੋਲੀਆਂ ਵੇਚੀਆਂ ਸਨ ਜੋ ਦੁਨੀਆ ਭਰ ਵਿਚ ਵੰਡੀਆਂ ਗਈਆਂ। ਭਾਰਤੀ ਫਾਰਮਾ ਬਰਾਮਦਕਾਰਾਂ ਦੀ ਤਰਫੋਂ ਇਸ ਕਿਸਮ ਦੀਆਂ ਊਣਤਾਈਆਂ ਦੀਆਂ ਇਹੋ ਜਿਹੀਆਂ ਖ਼ਬਰਾਂ ਚੇਤਿਆਂ ਵਿਚ ਆਉਂਦੀਆਂ ਹਨ ਜਿਨ੍ਹਾਂ ਕਰ ਕੇ ਹੀ ਗਾਂਬੀਆ, ਇੰਡੋਨੇਸ਼ੀਆ ਤੇ ਉਜ਼ਬੇਕਿਸਤਾਨ ਵਿਚ ਮੌਤਾਂ ਹੋਈਆਂ ਸਨ ਅਤੇ ਦੁਨੀਆ ਦੇ ਕਈ ਹੋਰ ਦੇਸ਼ਾਂ ਵਿਚ ਖਪਤਕਾਰਾਂ ਦੀਆਂ ਅੱਖਾਂ ਨੂੰ ਨੁਕਸਾਨ ਪਹੁੰਚਿਆ ਸੀ।

ਭਾਰਤ ਆਪਣੀ ਫਾਰਮਾ ਸਨਅਤ ਦੀ ਸਾਖ ਨੂੰ ਦਾਗ ਲੱਗਣ ਦੀ ਆਗਿਆ ਨਹੀਂ ਦੇ ਸਕਦਾ। ਭਾਰਤੀ ਫਾਰਮਾ ਖੇਤਰ ਨੂੰ 'ਏਡਸ' ਦੀਆਂ ਸਸਤੀਆਂ ਦਵਾਈਆਂ ਤਿਆਰ ਕਰ ਕੇ ਅਫਰੀਕੀ ਮਹਾਦੀਪ ਵਿਚ ਲੱਖਾਂ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਯਾਦ ਰੱਖਿਆ ਜਾਣਾ ਚਾਹੀਦਾ ਸੀ। ਬਹੁਕੌਮੀ ਕੰਪਨੀਆਂ ਦੇ ਮੁਕਾਬਲੇ ਭਾਰਤੀ ਦਵਾਈਆਂ ਦੀ ਕੀਮਤ ਇੰਨੀ ਘੱਟ ਸੀ ਕਿ ਇਸ ਕਰ ਕੇ ਜਨਤਕ ਰੋਸ ਫੈਲ ਗਿਆ ਸੀ ਜਿਸ ਦੇ ਸਿੱਟੇ ਵਜੋਂ ਸਾਰੀਆਂ ਦਵਾ ਕੰਪਨੀਆਂ ਨੂੰ ਆਪਣੀਆਂ ਕੀਮਤਾਂ ਘਟਾਉਣੀਆਂ ਪਈਆਂ ਸਨ ਅਤੇ ਅਫਰੀਕਾ ਦੇ ਲੋਕਾਂ ਅਤੇ ਕੌਮੀ ਸਿਹਤ ਪ੍ਰਣਾਲੀਆਂ ਇਨ੍ਹਾਂ ਦਾ ਲਾਭ ਲੈਣ ਦੇ ਯੋਗ ਹੋ ਸਕੇ ਸਨ।

ਆਲਮੀ ਦਵਾ ਮੰਡੀ ਦਾ ਕਾਰੋਬਾਰ ਖਰਬਾਂ ਡਾਲਰਾਂ ਵਿਚ ਹੈ। ਸੱਜਰੇ ਅੰਕੜਿਆਂ ਮੁਤਾਬਕ ਭਾਰਤ ਦੀਆਂ ਦਵਾ ਬਰਾਮਦਾਂ ਸਾਲਾਨਾ ਕਰੀਬ 25 ਅਰਬ ਡਾਲਰ ਹਨ। ਭਾਰਤ ਦੀ ਸਮੱਰਥਾ ਇਸ ਤੋਂ ਕਿਤੇ ਜ਼ਿਆਦਾ ਹੋ ਸਕਦੀ ਹੈ। ਭਾਰਤ ਨੂੰ ਦਵਾਈਆਂ ਦੇ ਉਤਪਾਦਨ ਦੀ ਪ੍ਰਕਿਰਿਆ ਅਤੇ ਉਤਪਾਦ ਮੁਤੱਲਕ ਸਖ਼ਤ ਕੁਆਲਿਟੀ ਕੰਟਰੋਲ ਲਾਗੂ ਕਰਨ ਦੀ ਲੋੜ ਹੈ। ਇਸ ਵਿਚ ਇਕ ਦਿੱਕਤ ਇਹ ਹੈ ਕਿ ਹਰ ਸੂਬੇ ਅੰਦਰ ਕੁਆਲਿਟੀ ਕੰਟਰੋਲ ਮਿਆਰ ਵੱਖੋ-ਵੱਖਰੇ ਹਨ। ਇਸ ਨੂੰ ਬਦਲਣ ਦੀ ਲੋੜ ਹੈ। ਕੁਆਲਿਟੀ ਕੰਟਰੋਲ ਮਿਆਰ ਇਕ ਸਮਾਨ ਹੋਣੇ ਚਾਹੀਦੇ ਹਨ ਅਤੇ ਮਿਆਰੀ ਪ੍ਰੋਟੋਕਾਲ ਸਭਨਾਂ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਲਾਗੂ ਹੋਣੇ ਜ਼ਰੂਰੀ ਹਨ।

ਭਾਰਤ ਵਿਚ ਕਰੀਬ 3000 ਫਾਰਮਾ ਕੰਪਨੀਆਂ ਅਤੇ 10000 ਨਿਰਮਾਣ ਪਲਾਂਟ ਹਨ ਜਿਨ੍ਹਾਂ ਨੇ ਸਾਲ 2021 ਵਿਚ 3.36 ਲੱਖ ਕਰੋੜ ਰੁਪਏ ਦੇ ਮੁੱਲ ਦੀਆਂ ਦਵਾਈਆਂ ਦਾ ਉਤਪਾਦਨ ਕੀਤਾ ਸੀ। ਇਸ ਮਾਲੀਏ 'ਚੋਂ 75 ਫ਼ੀਸਦ ਹਿੱਸਾ ਚੋਟੀ ਦੀਆਂ 50 ਕੰਪਨੀਆਂ ਦਾ ਹੀ ਹੈ। ਇਸ ਦਾ ਮਤਲਬ ਇਹ ਹੈ ਕਿ ਬਾਕੀ ਦੀਆਂ ਕੰਪਨੀਆਂ ਦੀ ਔਸਤ ਵਿਕਰੀ ਸਿਰਫ 85 ਕਰੋੜ ਰੁਪਏ ਹੈ।

ਭਾਰਤੀ ਡਰੱਗ ਕੁਆਲਿਟੀ ਕੰਟਰੋਲ ਪ੍ਰਬੰਧ ਕੋਲ ਅਜਿਹੀ ਸਮੱਰਥਾ ਨਹੀਂ ਕਿ ਸਾਰੇ 10 ਹਜ਼ਾਰ ਨਿਰਮਾਣ ਪਲਾਂਟਾਂ 'ਤੇ ਸਖ਼ਤੀ ਨਾਲ ਨਿਗਰਾਨੀ ਰੱਖੀ ਜਾ ਸਕੇ ਅਤੇ ਕਾਨੂੰਨ ਲਾਗੂ ਕਰਵਾ ਸਕੇ। ਇਨ੍ਹਾਂ ਸਾਰਿਆਂ ਨੂੰ ਬਰਾਮਦਕਾਰ ਬਣਨ ਅਤੇ ਆਪਣੀ ਨਿਵੇਕਲੀ ਸ਼ਕਤੀ ਦੀ ਬਿਨਾਅ 'ਤੇ ਮੰਡੀਆਂ ਦੀ ਤਲਾਸ਼ ਕਰਨ ਦੀ ਖੁੱਲ੍ਹ ਵੀ ਨਹੀਂ ਦਿੱਤੀ ਜਾ ਸਕਦੀ।

ਭਾਰਤ ਨੂੰ ਦਵਾ ਬਰਾਮਦਾਂ ਲਈ ਲਾਇਸੈਂਸ ਦੇਣ ਦਾ ਪ੍ਰਬੰਧ ਕਾਇਮ ਕਰਨ ਦੀ ਲੋੜ ਹੈ। ਘੱਟੋ-ਘੱਟ 1000 ਕਰੋੜ ਰੁਪਏ ਦੇ ਕਾਰੋਬਾਰ ਵਾਲੀਆਂ ਕੰਪਨੀਆਂ ਨੂੰ ਹੀ ਲਾਇਸੈਂਸ ਲਈ ਅਰਜ਼ੀ ਦੇਣ ਦੀ ਆਗਿਆ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਹਿਤ ਆਪਣੇ ਬ੍ਰਾਂਡ ਦੇ ਨਾਂ ਦੀ ਰਾਖੀ ਅਤੇ ਹੋਰ ਜ਼ਿਆਦਾ ਮੰਡੀਆਂ ਤਲਾਸ਼ ਕਰਨ ਨਾਲ ਜੁੜਿਆ ਹੋਵੇਗਾ। ਜੇ ਉਨ੍ਹਾਂ ਦੇ ਕਿਸੇ ਪ੍ਰਾਜੈਕਟ ਨੇ ਫਟਾਫਟ ਕਮਾਈ ਕਰ ਕੇ ਕਿਸੇ




ਤ੍ਰਾਸਦੀ ਤੇ ਸਕੈਂਡਲ ਨੂੰ ਜਨਮ ਦਿੱਤਾ ਹੈ ਤਾਂ ਉਹ ਆਪਣਾ ਕੋਈ ਅਪਰੇਸ਼ਨ ਇਕ ਥਾਂ ਬੰਦ ਕਰ ਕੇ ਕਿਤੇ ਹੋਰ ਚਲਾਉਣ ਬਾਰੇ ਸੋਚ ਵੀ ਨਹੀਂ ਸਕਦੀਆਂ।

ਬਰਾਮਦ ਲਈ ਦਵਾਈਆਂ ਦੀ ਹਰ ਖੇਪ ਦੀ ਗੁਣਵੱਤਾ ਦੀ ਨਿਰਖ ਪਰਖ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਦੇ ਨਮੂਨਿਆਂ ਦੀ ਭਾਰਤ ਦੇ ਆਪਣੇ ਵਲੋਂ ਅਤੇ ਡਬਲਿਊਐੱਚਓ ਵਲੋਂ ਪ੍ਰਵਾਨਤ ਮਿਆਰੀ ਕੇਂਦਰਾਂ 'ਤੇ ਜਾਂਚ ਕਰਨੀ ਚਾਹੀਦੀ ਹੈ। ਕੀ ਇਸ ਦਾ ਮਤਲਬ ਇਹ ਹੋਵੇਗਾ ਕਿ ਭਾਰਤ ਛੋਟੀਆਂ ਤੇ ਬਹੁਤ ਛੋਟੀਆਂ ਕੰਪਨੀਆਂ ਦਾ ਫਾਰਮਾ ਖੇਤਰ ਵਿਚ ਦਾਖ਼ਲਾ ਬੰਦ ਕਰ ਦੇਵੇਗਾ? ਬਿਲਕੁਲ ਵੀ ਨਹੀਂ। ਉਹ ਛੋਟੇ ਪੈਮਾਨੇ 'ਤੇ ਦਵਾਈਆਂ ਬਣਾ ਕੇ ਘਰੋਗੀ ਮੰਡੀ ਵਿਚ ਵੇਚ ਸਕਦੀਆਂ ਹਨ, ਵੱਡੇ ਬਰਾਮਦਕਾਰਾਂ ਨੂੰ ਵੇਚ ਸਕਦੀਆਂ ਹਨ ਜੋ ਕੁਆਲਿਟੀ ਕੰਟਰੋਲ ਕਾਇਮ ਕਰਨਗੇ ਤੇ ਫਿਰ ਇਕ ਪੱਧਰ 'ਤੇ ਪਹੁੰਚ ਕੇ ਬਰਾਮਦਾਂ ਵੀ ਸ਼ੁਰੂ ਕਰ ਸਕਦੀਆਂ ਹਨ।

'ਸਭ ਚਲਦਾ ਹੈ' ਵਾਲੇ ਰਵੱਈਏ ਨਾਲ ਭਾਰਤ ਦੇ ਫਾਰਮਾ ਖੇਤਰ ਦੀ ਸਾਖ ਖਰਾਬ ਹੋ ਰਹੀ ਹੈ ਅਤੇ ਇਸ ਦੀਆਂ ਸੰਭਾਵਨਾਵਾਂ ਖ਼ਤਮ ਹੋ ਰਹੀਆਂ ਹਨ। ਇਹ ਗਲਵੱਢ ਮੁਕਾਬਲੇ ਦੀ ਮੰਡੀ ਹੈ ਅਤੇ ਇਸ ਮਾਮਲੇ ਵਿਚ ਭਾਰਤ ਦੀ ਸਾਖ ਖਰਾਬ ਕਰਨ ਵਿਚ ਬਹੁਤ ਸਾਰੇ ਦੇਸ਼ਾਂ ਅਤੇ ਉਨ੍ਹਾਂ ਦੀਆਂ ਕੰਪਨੀਆਂ ਦੇ ਹਿੱਤ ਜੁੜੇ ਹੋਏ ਹਨ। ਨੀਤੀਘਾੜਿ ?ਆਂ ਨੂੰ ਇਹ ਗੱਲ ਪ੍ਰਵਾਨ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਕਿ ਭਰੋਸੇਮੰਦ ਮਿਆਰੀ ਉਤਪਾਦਕਾਂ ਅਤੇ ਉਤਪਾਦਾਂ ਨੂੰ ਹੀ ਬਰਾਮਦਾਂ ਦੀ ਖੁੱਲ੍ਹ ਦਿੱਤੀ ਜਾਵੇਗੀ। ਦਵਾਈਆਂ ਦੀਆਂ ਬਰਾਮਦਾਂ ਲਈ ਸਖ਼ਤ ਕੁਆਲਿਟੀ ਕੰਟਰੋਲ ਲਾਗੂ ਕਰ ਕੇ ਅਸੀਂ ਜੋ ਕੁਝ ਗੁਆਵਾਂਗੇ, ਉਹ ਖੁੱਲ੍ਹੀ ਮੰਡੀ ਦੇ ਮੂਲਵਾਦ ਦਾ ਮਾਮੂਲੀ ਜਿਹਾ ਹਿੱਸਾ ਹੋਵੇਗਾ ਪਰ ਇਸ ਨਾਲ ਜੋ ਕੁਝ ਸਾਨੂੰ ਮਿਲ ਸਕਦਾ ਹੈ, ਉਹ ਇਕ ਖਰਬ ਡਾਲਰ ਦੀ ਫਾਰਮਾ ਮੰਡੀ ਦਾ ਵੱਡਾ ਹਿੱਸਾ ਹੈ।

# ਹੱਸੋ ਅਤੇ ਤਣਾਅ ਦੂਰ ਭਜਾਓ



ਇਸ ਤਣਾਅ ਭਰੇ ਯੁੱਗ ਵਿਚ ਹੱਸਣਾ ਇਕ ਅਨਮੋਲ ਕਲਾ ਹੈ। ਜੋ ਇਨਸਾਨ ਇਸ ਕਲਾ ਨੂੰ ਸਿੱਖ ਲੈਂਦਾ ਹੈ, ਉਹ ਜੀਵਨ ਦੀ ਅੱਧੀ ਜੰਗ ਤਾਂ ਉਂਝ ਹੀ ਜਿੱਤ ਲੈਂਦਾ ਹੈ। ਉਂਝ ਤਾਂ ਜ਼ਿਆਦਾਤਰ ਲੋਕਾਂ ਦਾ ਇਹੀ ਕਹਿਣਾ ਹੈ ਕਿ ਹਮੇਸ਼ਾ ਖ਼ੁਸ਼ ਰਹਿਣਾ ਸੌਖਾ ਨਹੀਂ ਹੈ ਪਰ ਕੋਸ਼ਿਸ਼ ਕਰਨਾ ਤਾਂ ਜ਼ਰੂਰੀ ਹੈ। ਕੁਝ ਸੁਝਾਵਾਂ 'ਤੇ ਅਮਲ ਕਰੋ ਤਾਂ ਖ਼ੁਸ਼ ਰਹਿ ਕੇ ਸਿਹਤਮੰਦ ਰਹਿ ਸਕਦੇ ਹੋ।

ਆਪਣਾ ਰਵੱਈਆ ਸਕਾਰਾਤਮਕ ਰੱਖੋ। ਜੇਕਰ ਅਸੀਂ ਹਮੇਸ਼ਾ ਚੰਗਾ ਸੋਚਾਂਗੇ ਤਾਂ ਸਭ ਚੰਗਾ ਹੀ ਹੋਵੇਗਾ। ਦੂਜਿਆਂ ਦੀਆਂ ਕਮੀਆਂ ਨੂੰ ਚਰਚਾ ਦਾ ਵਿਸ਼ਾ ਨਾ ਬਣਾਓ। ਉਨ੍ਹਾਂ ਦੀਆਂ ਚੰਗਿਆਈਆਂ ਲੱਭੋ ਅਤੇ ਉਨ੍ਹਾਂ ਨੂੰ ਜੀਵਨ ਵਿਚ ਲਾਗੂ ਕਰੋ। ਦੂਜਿਆਂ ਬਾਰੇ ਸਭ ਚੰਗਾ ਸੋਚੋ, ਬੁਰਾ ਨਾ ਸੋਚੋ। ਇਸ ਤਰ੍ਹਾਂ ਕਰਨ 'ਤੇ ਜੀਵਨ ਵਿਚ ਸਭ ਚੰਗਾ ਹੀ ਹੋਵੇਗਾ।

ਸਮੱਸਿਆਵਾਂ ਤਾਂ ਸਭ ਦੇ ਜੀਵਨ ਵਿਚ ਆਉਂਦੀਆਂ ਹਨ ਪਰ ਜੇਕਰ ਅਸੀਂ ਇਨ੍ਹਾਂ ਨੂੰ ਸਭ ਤੋਂ ਵੱਡਾ ਮੁੱਦਾ ਸਮਝਾਂਗੇ ਤਾਂ ਕਦੀ ਵੀ ਸਮੱਸਿਆਵਾਂ ਦਾ ਹੱਲ ਨਹੀਂ ਹੋਵੇਗਾ। ਸਮੱਸਿਆਵਾਂ ਨੂੰ ਲੈ ਕੇ ਚਿੰਤਤ ਰਹੋਗੇ ਤਾਂ ਹੱਲ ਕਰਨ ਦਾ ਰਸਤਾ ਨਹੀਂ ਮਿਲੇਗਾ। ਜਦੋਂ ਕਦੀ ਸਮੱਸਿਆਵਾਂ ਆਉਣ ਤਾਂ ਪਹਿਲਾਂ ਉਸ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰੋ। ਹੱਲ ਨਹੀਂ ਲੱਭਦਾ ਤਾਂ ਉਸ ਨੂੰ ਭੁੱਲਣ ਦੀ ਕੋਸ਼ਿਸ਼ ਕਰੋ ਫਿਰ ਠੰਢੇ ਦਿਮਾਗ਼ ਅਤੇ ਸ਼ਾਂਤ ਮਨ ਨਾਲ ਉਸ ਸਮੱਸਿਆ ਦੇ ਹੱਲ ਨੂੰ ਲੱਭਣ ਦੀ ਕੋਸ਼ਿਸ਼ ਕਰੋ। ਸਫਲਤਾ ਜ਼ਰੂਰ ਮਿਲੇਗੀ।

ਆਪਣੇ ਅੰਦਰ ਸਾਕਾਰਾਤਮਕ ਬਦਲਾਅ ਲਿਆਉਣ ਲਈ ਚੰਗੇ ਸਾਹਿਤ ਨੂੰ ਆਪਣਾ ਦੋਸਤ ਬਣਾਓ। ਖਾਲੀ ਦਿਮਾਗ਼ ਸ਼ੈਤਾਨ ਦਾ ਘਰ ਹੁੰਦਾ ਹੈ, ਇਹ ਕਹਾਵਤ ਤਾਂ ਤੁਸੀਂ ਸੁਣੀ ਹੀ ਹੋਵੇਗੀ। ਖਾਲੀ ਸਮੇਂ 'ਚ ਪੁਸਤਕਾਂ ਪੜ੍ਹੋ ਅਤੇ ਆਪਣਾ ਆਤਮ-ਵਿਸ਼ਵਾਸ ਵਧਾਓ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਚਾਰੇ ਪਾਸੇ ਦਾ ਵਾਤਾਵਰਨ ਸਿਹਤਮੰਦ ਲੱਗੇਗਾ ਕਿਉਂਕਿ ਤੁਹਾਡੀ ਸੋਚ ਸਕਾਰਾਤਮਕ ਹੋ ਚੁੱਕੀ ਹੋਵੇਗੀ।

ਇਕ ਹੀ ਤਰ੍ਹਾਂ ਦੀ ਜੀਵਨਸ਼ੈਲੀ ਕਦੀ-ਕਦੀ ਜੀਵਨ ਵਿਚ ਬੋਰੀਅਤ ਭਰ ਦਿੰਦੀ ਹੈ। ਇਸ ਅਕਾਊ ਵਾਤਾਵਰਨ ਤੋਂ ਖ਼ੁਦ ਨੂੰ ਵੱਖਰਾ ਨਹੀਂ ਕਰੋਗੇ ਤਾਂ ਅਸੀਂ ਹੋਰ ਤਣਾਅਗ੍ਰਸਤ ਹੋ ਜਾਵੋਗੇ, ਇਸ ਲਈ ਜੀਵਨ ਵਿਚ ਬਦਲਾਅ ਲਿਉਣਾ ਜ਼ਰੂਰੀ ਹੈ। ਕਦੀ ਬੱਚਿਆਂ ਦੇ ਨਾਲ ਪਿਕਨਿਕ ਲਈ ਜਾ ਕੇ, ਕਦੀ ਮਾਲ, ਫ਼ਿਲਮ ਦੇਖਣ ਜਾਂ ਵਿੰਡੋ ਸ਼ਾਪਿੰਗ ਕਰਕੇ ਸਮਾਂ ਬਿਤਾਓ। ਬੱਚਿਆਂ ਦੇ ਨਾਲ ਖੇਡਣ ਨਾਲ ਵੀ ਤਣਾਅ ਘੱਟ ਹੁੰਦਾ ਹੈ। ਸਿਹਤਮੰਦ ਵਿਚਾਰ-ਚਰਚਾ ਕਰੋ, ਬੱਚਿਆਂ ਦੇ ਨਾਲ ਮਿਲ ਕੇ ਗਾਰਡਨਿੰਗ ਕਰੋ, ਕੁਕਿੰਗ ਕਰੋ। ਮਿੱਤਰਾਂ ਅਤੇ ਸੰਬੰਧੀਆਂ ਨਾਲ ਮਿਲਣ ਦਾ ਸਮਾਂ ਕੱਢੋ, ਉਨ੍ਹਾਂ ਆਪਣੇ ਘਰ 'ਤੇ ਡਿਨਰ ਜਾਂ ਲੰਚ ਲਈ ਸੱਦਾ ਦਿਓ। ਇਹ ਸਭ ਬਦਲਾਅ ਤੁਹਾਡੇ ਜੀਵਨ ਨੂੰ ਖ਼ੁਸ਼ੀਆਂ ਨਾਲ ਭਰ ਦੇਣਗੇ ਅਤੇ ਵਾਤਾਵਰਨ ਵੀ ਸਿਹਤਮੰਦ ਰਹੇਗਾ।

ਸਫਲਤਾ ਅਤੇ ਅਸਫਲਤਾ ਦੋਵੇਂ ਹੀ ਜੀਵਨ ਦੇ ਦੋ ਪਹਿਲੂ ਹਨ। ਜਦੋਂ ਕਦੀ ਅਸਫਲ ਹੋਵੋ ਤਾਂ ਦੁਖੀ ਨਾ ਹੋਵੋ। ਜ਼ਿਆਦਾ ਮਿਹਨਤ ਕਰ ਕੇ ਦੁਬਾਰਾ ਆਪਣੀ ਮੰਜ਼ਿਲ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰੋ। ਸਫਲਤਾ ਜ਼ਰੂਰ ਮਿਲੇਗੀ।

ਹੱਸਣਾ ਸਰੀਰਕ ਅਤੇ ਮਾਨਸਿਕ ਸਿਹਤ ਲਈ ਚੰਗੀ ਦਵਾਈ ਹੈ। ਹੱਸਣ ਨਾਲ ਫੇਫੜਿਆਂ ਨੂੰ ਭਰਪੂਰ ਆਕਸੀਜਨ ਮਿਲਦੀ ਹੈ। ਚਿਹਰੇ ਦੀਆਂ ਮਾਸਪੇਸ਼ੀਆਂ ਦੀ ਕਸਰਤ ਕੁਦਰਤੀ ਰੂਪ ਨਾਲ ਹੁੰਦੀ ਹੈ, ਸਰੀਰ ਸਿਹਤਮੰਦ ਰਹਿੰਦਾ ਹੈ, ਮਾਨਸਿਕ ਤਣਾਅ ਦੂਰ ਹੁੰਦਾ ਹੈ, ਇਸ ਲਈ ਖੁੱਲ੍ਹ ਕੇ ਹੱਸੋ ਅਤੇ ਸਿਹਤਮੰਦ ਰਹੋ।

ਪਿਆਰ ਅਤੇ ਖ਼ੁਸ਼ੀਆਂ ਵੰਡਣ ਨਾਲ ਵਧਦੀਆਂ ਹਨ। ਸਭ ਨਾਲ ਪਿਆਰ ਨਾਲ ਗੱਲ ਕਰੋ, ਨਾਰਾਜ਼ਗੀ ਬਹੁਤ ਸਮੇਂ ਤੱਕ ਕੋਲ ਨਾ ਰਹਿਣ ਦਿਓ। ਫਿਰ ਦੇਖੋ, ਜ਼ਿੰਦਗੀ ਕਿੰਨੀ ਖ਼ੂਬਸੂਰਤ ਹੈ ਅਤੇ ਖ਼ੁਸ਼ੀਆਂ ਨਾਲ ਭਰੀ ਹੈ। ਅੱਜ ਤੋਂ ਖ਼ੁਸ਼ ਰਹੋ ਅਤੇ ਆਪਣੀ ਸਿਹਤ ਦੀ ਦੇਖਭਾਲ ਕਰੋ।




# ਵਿਆਹਾਂ ਨੂੰ ਦੌਲਤ ਦੀ ਤੱਕੜੀ ਵਿੱਚ ਨਾ ਤੋਲੀਏ

ਪਿਛਲੇ ਦਿਨੀਂ ਵੱਡੀਆਂ ਹਸਤੀਆਂ ਦਾ ਹਾਈ-ਪ੍ਰੋਫਾਇਲ ਵਿਆਹ ਕਈ ਦਿਨਾਂ ਤੱਕ ਮੀਡੀਆ ਦੀਆਂ ਸੁਰਖੀਆਂ ਬਣਿਆ ਰਿਹਾ। ਰਾਜ ਸਭਾ ਮੈਂਬਰ ਰਾਘਵ ਚੱਢਾ ਤੇ ਫਿਲਮੀ ਅਦਾਕਾਰਾ ਪਰੀਨੀਤੀ ਚੋਪੜਾ, ਆਪਣੇ ਆਪਣੇ ਖੇਤਰਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਹਨ। ਭਾਵੇਂ ਵਿਆਹ-ਸ਼ਾਦੀ ਹਰ ਇੱਕ ਦਾ ਨਿੱਜੀ ਮਸਲਾ ਹੈ, ਪਰ ਜਦੋਂ ਕੋਈ ਸਮਾਜ ਵਿੱਚ ਵਿਚਰਨ ਵਾਲੀ ਵੱਡੀ ਹਸਤੀ ਸਮਾਜਿਕ ਬੰਧਨ ਵਿੱਚ ਬੱਝਦੀ ਹੈ ਤਾਂ ਸਾਰੇ ਸਮਾਜ ਦਾ ਧਿਆਨ ਖਿੱਚਦੀ ਹੈ। ਜਿਸ ਤਰ੍ਹਾਂ ਇਹ ਸ਼ਾਨੋ-ਸ਼ੌਕਤ ਵਾਲਾ ਮਹਿੰਗਾ ਵਿਆਹ ਸਮਾਗਮ ਮਹਿੰਗੇ ਹੋਟਲਾਂ ਵਿੱਚ ਕਈ ਦਿਨਾਂ ਤੱਕ ਚੱਲਦਾ ਰਿਹਾ ਤੇ ਲੱਖਾਂ ਰੁਪਏ ਇਸ ’ਤੇ ਵਹਾਏ ਗਏ। ਇਹ ਸਮਾਜ ਲਈ ਕੋਈ ਚੰਗਾ ਸੰਦੇਸ਼ ਨਹੀਂ ਕਿਹਾ ਜਾ ਸਕਦਾ। ਸਮਾਜ ਦੇ ਸਰਕਰਦਾ ਤੇ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਹੀ ਸਮਾਜ ਨੂੰ ਨਵੀਂ ਦਿਸ਼ਾ ਦੇਣ ਲਈ ਨਵੀਆਂ ਪੈੜਾਂ ਸਿਰਜ ਕੇ ਕੋਈ ਸਾਰਥਿਕ ਸੰਦੇਸ਼ ਦੇਣਾ ਹੁੰਦਾ ਹੈ। ਇਸ ਗੱਲ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਧੂਮ-ਧਾਮ ਵਾਲਾ ਮਹਿੰਗਾ ਵਿਆਹ ਅਜਿਹੀ ਕੋਈ ਪਹਿਲੀ ਘਟਨਾ ਨਹੀਂ ਹੈ। ਸਿਆਸੀ ਨੇਤਾਵਾਂ, ਫਿਲਮੀ ਕਲਾਕਾਰਾਂ, ਵੱਡੇ ਉਦਯੋਗਪਤੀਆਂ ਤੇ ਹੋਰ ਦੌਲਤਮੰਦ ਹਸਤੀਆਂ ਦੇ ਵਿਆਹ ਸਮਾਗਮ ਪਹਿਲਾਂ ਵੀ ਇਸ ਤਰ੍ਹਾਂ ਹੀ ਹੁੰਦੇ ਰਹੇ ਹਨ।

ਬਹੁਤ ਸਾਲ ਪਹਿਲਾਂ ਬਿਹਾਰ ਦੇ ਨੇਤਾ ਲਾਲੂ ਪ੍ਰਸਾਦ ਯਾਦਵ ਦੀ ਪੁੱਤਰੀ ਦੇ ਵਿਆਹ ਸਮੇਂ ਵੱਡੀਆਂ ਹਸਤੀਆਂ ਨੂੰ ਵਿਆਹ ਦੇ ਕਾਰਡ ਦੇ ਨਾਲ ਹੀ ਹਵਾਈ ਜਹਾਜ਼ ਦੀਆਂ ਟਿਕਟਾਂ ਵੀ ਭੇਜੀਆਂ ਗਈਆਂ ਸਨ। ਬਹੁਤ ਮਹਿੰਗੇ ਵਿਆਹਾਂ ਵਿੱਚ ਉੱਘੇ ਉਦਯੋਗਪਤੀ ਮੁਕੇਸ਼ ਅੰਬਾਨੀ ਦੀ ਪੁੱਤਰੀ ਈਸ਼ਾ ਅੰਬਾਨੀ ਦੇ 2018 ਵਿੱਚ ਅਨੰਦ ਪਿਰਾਮਲ ਨਾਲ ਹੋਏ ਵਿਆਹ ਦੀ ਸਜ-ਧਜ ਤੇ ਖਰਚੇ ਨੇ ਵੀ ਲੋਕਾਂ ਨੂੰ ਦੰਦਾਂ ਹੇਠ ਜੀਭ ਲੈਣ ਲਈ ਮਜਬੂਰ ਕਰ ਦਿੱਤਾ ਸੀ। ਇਸ ਵਿਆਹ ’ਤੇ 720 ਕਰੋੜ ਰੁਪਏ ਖਰਚੇ ਗਏ। ਇਸ ਵਿਆਹ ਦੇ ਸਮਾਗਮ ਤੇ ਜਸ਼ਨ ਉਦੈਪੁਰ, ਇਟਲੀ ਤੇ ਮੁੰਬਈ ਵਿੱਚ ਸੰਪੰਨ ਹੋਏ। ਬਹੁਤ ਸਾਰੇ ਉੱਘੇ ਮਹਿਮਾਨਾਂ ਦੇ ਨਾਲ ਅਮਰੀਕਾ ਤੋਂ ਹਿਲੇਰੀ ਕਲਿੰਟਨ ਵੀ ਇਸ ਵਿਆਹ ਵਿੱਚ ਸ਼ਾਮਲ ਹੋਈ।

ਇਸ ਤਰ੍ਹਾਂ ਹੀ ਕਰਨਾਟਕ ਦੇ ਸਾਬਕਾ ਮੰਤਰੀ ਜਨਾਰਦਨ ਰੈਡੀ ਦੀ ਪੁੱਤਰੀ ਬ੍ਰਾਹਮਨੀ ਰੈਡੀ ਦੀ ਸ਼ਾਦੀ ’ਤੇ ਵੀ 500 ਕਰੋੜ ਰੁਪਏ ਤੋਂ ਵੱਧ ਪੈਸਾ ਰੋੜ੍ਹਿਆ ਗਿਆ। ਵੱਡੀਆਂ ਹਸਤੀਆਂ ਸਮੇਤ ਇਸ ਵਿਆਹ ਵਿੱਚ 50 ਹਜ਼ਾਰ ਤੋਂ ਵੱਧ ਮਹਿਮਾਨ ਸ਼ਾਮਲ ਹੋਏ। ਮਹਿਮਾਨਾਂ ਦੀ ਸੁਰੱਖਿਆ ਲਈ ਤਿੰਨ ਹਜ਼ਾਰ ਸੁਰੱਖਿਆ ਕਰਮੀ ਤਾਇਨਾਤ ਕੀਤੇ ਗਏ। 15 ਹੈਲੀਕਾਪਟਰ ਤੇ ਦੋ ਹਜ਼ਾਰ ਟੈਕਸੀਆਂ ਦਾ ਪ੍ਰਬੰਧ ਕੀਤਾ ਗਿਆ। ਬੰਗਲੌਰ ਦੇ ਤਿੰਨ ਤਾਰਾ ਤੇ ਪੰਜ ਤਾਰਾ ਹੋਟਲਾਂ ਦੇ 1500 ਕਮਰਿਆਂ ਵਿੱਚ ਮਹਿਮਾਨਾਂ ਨੂੰ ਠਹਿਰਾਇਆ ਗਿਆ। ਵਿਆਂਦੜ ਕੁੜੀ ਨੇ ਜਿਹੜੀ ਸਾੜ੍ਹੀ ਪਹਿਨੀ, ਉਸ ’ਤੇ 17 ਕਰੋੜ ਰੁਪਏ ਖ਼ਰਚਾ ਕੀਤਾ ਗਿਆ। ਇਸ ਤਰ੍ਹਾਂ ਦੇ ਅਨੇਕਾਂ ਮਹਿੰਗੇ ਵਿਆਹਾਂ ਦੀ ਚਰਚਾ ਕੀਤੀ ਜਾ ਸਕਦੀ ਹੈ, ਜਿੱਥੇ ਪੈਸਾ ਪਾਣੀ ਵਾਂਗ ਵਹਾਇਆ ਗਿਆ। ਬਿਨਾਂ ਸ਼ੱਕ ਅਜਿਹੇ ਧਨਾਢ ਵਿਅਕਤੀਆਂ ਦਾ ਦਾਇਰਾ ਬਹੁਤ ਵੱਡਾ ਹੁੰਦਾ ਹੈ ਤੇ ਧਨ ਦੇ ਵੀ ਅਸੀਮਤ ਭੰਡਾਰ ਹੁੰਦੇ ਹਨ। ਉਹ ਸਮਾਜ ਵਿੱਚ ਆਪਣੀ ਪ੍ਰਤਿਸ਼ਠਾ ਤੇ ਵੱਡਾ ਰੁਤਬਾ ਦਿਖਾਉਣ ਲਈ ਏਨੀ ਦੌਲਤ ਖ਼ਰਚ ਕੇ ਸਮਾਜ ਵਿੱਚ ਆਪਣੇ ਨਾਂ ਦਾ ਡੰਕਾ ਵਜਾਉਣਾ ਚਾਹੁੰਦੇ ਹਨ। ਪਰ ਇਸ ਵਿਖਾਵੇ ਤੇ ਅਖੌਤੀ ਸ਼ਾਨੋ ਸ਼ੌਕਤ ਨਾਲ ਸਮਾਜ ਵਿੱਚ ਗ਼ਲਤ ਪਿਰਤਾਂ ਪੈ ਜਾਂਦੀਆਂ ਹਨ। ਜਿਸ ਕੋਲ ਸਾਧਨ ਹਨ, ਉਸ ਨੂੰ ਤਾਂ ਪੈਸਾ ਖ਼ਰਚਣ ਦੀ ਕੋਈ ਪਰੇਸ਼ਾਨੀ ਨਹੀਂ ਹੁੰਦੀ, ਪਰ ਗ਼ਰੀਬ ਤੇ ਮੱਧ ਵਰਗੀ ਬੰਦਾ ਫਸਿਆ ਮਹਿਸੂਸ ਕਰਦਾ ਹੈ। ਜਿਸ ਵਿਅਕਤੀ ਕੋਲ ਸੀਮਤ ਸਾਧਨ ਹਨ, ਉਸ ਦੇ ਮਨ ਵਿੱਚ ਵੀ ਅਜਿਹੀ ਸ਼ਾਨੋ ਸ਼ੌਕਤ ਨਾਲ ਵਿਆਹ-ਸ਼ਾਦੀ ਕਰਨ ਦੀ ਇੱਛਾ ਉਸ ਦੇ ਮਨ ਨੂੰ ਬੇਚੈਨ ਕਰ ਦਿੰਦੀ ਹੈ। ਅਕਸਰ ਲੋਕ ਵੀ ਇਹ ਕਹਿਣ ਲੱਗ ਜਾਂਦੇ ਹਨ ਕਿ ਅੱਜਕੱਲ੍ਹ ਤਾਂ ਜੀ ਵਿਆਹ ਇਸ ਤਰ੍ਹਾਂ ਹੀ ਹੁੰਦੇ ਹਨ। ਵੱਡੇ ਸਮਾਜਿਕ ਰੁਤਬੇ ਦੀ ਝੂਠੀ ਸ਼ਾਨੋ ਸ਼ੌਕਤ ਦਾ ਸ਼ਿਕਾਰ ਹੋਇਆ ਮਨੁੱਖ ਜਾਂ ਤਾਂ ਕਰਜ਼ਾ ਚੁੱਕਦਾ ਹੈ ਜਾਂ ਜ਼ਮੀਨ ਦਾ ਕੋਈ ਟੁਕੜਾ ਵੇਚਣ ਲਈ ਤਿਆਰ ਹੋ ਜਾਂਦਾ ਹੈ ਤਾਂ ਕਿ ਸਮਾਜ ਵਿੱਚ ਉਸ ਦੀ ਬੱਲੇ ਬੱਲੇ ਹੋ ਜਾਵੇ। ਇਸ ਸਮਾਜਿਕ ਰੁਝਾਨ ਨੇ ਬਹੁਤ ਲੋਕਾਂ ਦੀ ਆਰਥਿਕ ਸਥਿਤੀ ਨੂੰ ਡਾਵਾਂਡੋਲ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ।

ਅਸਲ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਮਹਿੰਗੇ ਵਿਆਹ ਕਰਨ ਦੀ ਪ੍ਰਵਿਰਤੀ ਨੇ ਸਮਾਜ ਨੂੰ ਜਕੜਿਆ ਹੋਇਆ ਹੈ। ਬਹੁਤ ਲੋਕ ਇਸ ਤੋਂ ਦੁਖੀ ਵੀ ਹਨ, ਪਰ ਸਮਾਜਿਕ ਨੱਕ-ਨਮੂਜ ਰੱਖਣ ਲਈ ਆਪਣੇ ਵਿਤੋਂ ਵੱਧ ਖ਼ਰਚਾ ਕਰਨ ਲਈ ਮਜਬੂਰ ਹੋ ਜਾਂਦੇ ਹਨ। ਪੰਜਾਬ ਵਿੱਚ ਤਾਂ ਹੁਣ ਵਿਆਹ-ਸ਼ਾਦੀਆਂ ’ਤੇ ਬੇਤਹਾਸ਼ਾ ਪੈਸਾ ਰੋੜ੍ਹਨ ਦਾ ਰੁਝਾਨ ਪੈਦਾ ਹੋ ਚੁੱਕਾ ਹੈ। ਪਹਿਲਾਂ-ਪਹਿਲ ਵਿਦੇਸ਼ਾਂ ਵਿੱਚ ਵਸੇ ਲੋਕਾਂ ਨੇ ਪੰਜਾਬ ਵਿੱਚ ਆ ਕੇ ਮਹਿੰਗੇ ਹੋਟਲਾਂ ਤੇ ਪੈਲੇਸਾਂ ਵਿੱਚ ਸ਼ਾਨੋ ਸ਼ੌਕਤ ਵਾਲੇ ਵਿਆਹਾਂ ਦਾ ਮੁੱਢ ਬੰਨ੍ਹ ?ਆ ਸੀ। ਅੱਜ ਸਥਿਤੀ ਇਹ ਹੈ ਕਿ ਹੁਣ ਖ਼ਰਚ ਦਾ ਕੋਈ ਹੱਦ-ਬੰਨਾ ਹੀ ਨਹੀਂ ਰਿਹਾ। ਵਿਆਹਾਂ ਦੇ ਸਮਾਗਮ ਕਈ ਦਿਨਾਂ ਤੱਕ ਚੱਲਣ ਲੱਗ ਪਏ ਹਨ। ਰਿੰਗ-ਸੈਰੇਮਨੀ, ਹਲਦੀ-ਸੈਰੇਮਨੀ, ਮਹਿੰਦੀ ਸੈਰੇਮਨੀ, ਬੈਂਗਲ ਸੈਰੇਮਨੀ, ਪਾਠ-ਪੂਜਾ ਦੇ ਸਮਾਗਮ, ਵਿਆਹ-ਸਮਾਗਮ, ਵਿਆਹ ਤੋਂ ਬਾਅਦ ਵੱਡੇ ਹੋਟਲਾਂ ਵਿੱਚ ਪਾਰਟੀਆਂ ਦਾ ਸਿਲਸਿਲਾ। ਇਸ ਗੱਲ ਤੋਂ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਖ਼ਰਚੇ ਦੀ ਸਥਿਤੀ ਕੀ ਹੁੰਦੀ ਹੋਵੇਗੀ।

ਅੱਜ ਦੀ ਤਰੀਕ ਵਿੱਚ ਕੁੜੀ ਦੇ ਵਿਆਹ ਲਈ ਘੱਟ ਤੋਂ ਘੱਟ 25 ਲੱਖ ਤੋਂ ਸ਼ੁਰੂ ਹੋ ਕੇ 50 ਲੱਖ ਤੇ ਕਰੋੜ ਤੱਕ ਆਮ ਵਿਆਹ ਹੋ

**ਗੁਰਬਿੰਦਰ ਸਿੰਘ ਮਾਣਕ**

ਰਹੇ ਹਨ। ਸਮਾਜ ਦਾ ਇੱਕ ਅਜਿਹਾ ਵਰਗ ਵੀ ਹੈ, ਜਿਨ੍ਹਾਂ ਕੋਲ ਦੌਲਤ ਦੇ ਅੰਬਾਰ ਹਨ ਤੇ ਆਪਣੀ ਸਮਾਜਿਕ ਪ੍ਰਤਿਸ਼ਠਾ ਬਣਾਉਣ ਲਈ ਇਹ ਲੋਕ ਵਿਆਹ-ਸ਼ਾਦੀਆਂ ’ਤੇ ਕਿੰਨਾ ਕੁ ਧਨ ਵਹਾਉਂਦੇ ਹਨ, ਇਹ ਵੀ ਅੰਦਾਜ਼ਾ ਲਾਉਣਾ ਔਖਾ ਹੈ। ਪੈਲੇਸਾਂ ਵਿੱਚ ਹੁੰਦੇ ਅਜੋਕੇ ਵਿਆਹਾਂ ਵਿੱਚ ਹੁਣ ਮਹਿਮਾਨਾਂ ਦੀ ਗਿਣਤੀ ਵੀ ਹਜ਼ਾਰਾਂ ਵਿੱਚ ਹੁੰਦੀ ਹੈ। ਇਸ ਤੋਂ ਬਿਨਾਂ ਕਈ ਵਾਰ ਕੁੜੀ ਵਾਲਿਆਂ ਨੂੰ ਮਜਬੂਰੀ ਵੱਸ ਦਾਜ ਵੀ ਦੇਣਾ ਪੈਂਦਾ ਹੈ। ਇਸ ਨਾਲ ਖ਼ਰਚੇ ਦੀ ਕੋਈ ਸੀਮਾ ਨਹੀਂ ਰਹਿੰਦੀ।

ਅਸਲ ਵਿੱਚ ਅਜੋਕੇ ਵਿਆਹ ਇੱਕ ਸਮਾਜਿਕ ਬੁਰਾਈ ਦਾ ਰੂਪ ਧਾਰਨ ਕਰਦੇ ਜਾ ਰਹੇ ਹਨ। ਮਾਪੇ ਪਹਿਲਾਂ ਧੀਆਂ ਨੂੰ ਪੜ੍ਹਾਉਂਦੇ ਹਨ। ਫਿਰ ਵਿਆਹ ’ਤੇ ਲੱਖਾਂ ਰੁਪਏ ਖ਼ਰਚ ਦੇ ਹਨ। ਕਈ ਵਾਰ ਮੁੰਡੇ ਵਾਲਿਆਂ ਦੀਆਂ ਮੰਗਾਂ ਮੰਨਣ ਲਈ ਵੀ ਤਿਆਰ ਹੋ ਜਾਂਦੇ ਹਨ ਤਾਂ ਕਿ ਉਨ੍ਹਾਂ ਦੀ ਧੀ ਸਹੁਰੇ ਘਰ ਖੁਸ਼ ਰਹੇ। ਅਸਲ ਵਿੱਚ ਵਿਆਹ ਤਾਂ ਸ਼ੁਰੂਆਤ ਹੈ, ਕੁੜੀ ਵਾਲੇ ਤਾਂ ਸਦਾ ਹੀ ਧੀਆਂ ਨੂੰ ਕੁਝ ਨਾ ਕੁਝ ਦੇ ਕੇ ਖੁਸ਼ ਹੁੰਦੇ ਹਨ, ਪਰ ਕਈ ਵਾਰ ਮੁੰਡੇ ਵਾਲਿਆਂ ਦੀ ਲਾਲਸਾ ਏਨੀ ਵਧ ਜਾਂਦੀ ਹੈ ਕਿ ਧੀਆਂ ਦੇ ਮਾਪੇ ਵੀ ਲਾਚਾਰ ਹੋ ਜਾਂਦੇ ਹਨ। ਕਈ ਵਾਰ ਲਾਲਚ ਏਨਾ ਵਧ ਜਾਂਦਾ ਹੈ ਕਿ ਰਿਸ਼ਤਿਆਂ ਵਿੱਚ ਤਰੇੜ ਪੈ ਜਾਂਦੀ ਹੈ।

ਵਿਆਹ-ਸ਼ਾਦੀ ਦੇ ਸਦੀਵੀ ਬੰਧਨ ਨੂੰ ਧਨ-ਦੌਲਤ ਦੀ ਤੱਕੜੀ ਵਿੱਚ ਤੋਲਣ ਦੀ ਥਾਂ ਜੇ ਸਮਾਜ ਸਾਦੇ ਵਿਆਹਾਂ ਦੇ ਰਾਹ ਤੁਰ ਪਏ ਤਾਂ ਇਸ ਰਿਸ਼ਤੇ ਦੀ ਗਰਿਮਾ ਨੂੰ ਬਚਾਇਆ ਜਾ ਸਕਦਾ ਹੈ। ਜਦੋਂ ਕਿਸੇ ਰਿਸ਼ਤੇ ਨੂੰ ਪੈਸੇ ਤੇ ਵਸਤੂਆਂ ਦੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਉਸ ਰਿਸ਼ਤੇ ਵਿੱਚ ਪਿਆਰ, ਮੁਹੱਬਤ ਤੇ ਸਾਂਝ ਪੈਦਾ ਨਹੀਂ ਹੋ ਸਕਦੀ। ਬਹੁਤੇ ਗਿਲੇ-ਸ਼ਿਕਵੇ, ਨਿਹੋਰੇ, ਮਿਹਣੇ ਪੈਸੇ ਤੇ ਵਸਤੂਆਂ ਨਾਲ ਹੀ ਜੁੜੇ ਹੁੰਦੇ ਹਨ। ਜੇ ਮੁੰਡਾ-ਕੁੜੀ ਪੜ੍ਹੇ-ਲਿਖੇ ਤੇ ਆਪਣੇ ਪੈਰਾਂ ’ਤੇ ਖੜ੍ਹੇ ਹਨ ਤਾਂ ਉਹ ਆਪਣੇ ਜੀਵਨ ਦੀ ਗੱਡੀ ਨੂੰ ਤੋਰਨ ਲਈ ਬਥੇਰਾ ਧਨ ਕਮਾ ਲੈਣਗੇ। ਮਹਿੰਗੇ ਵਿਆਹਾਂ ਨੇ ਧੀਆਂ ਵਾਲਿਆਂ ਦਾ ਸਾਹ ਸੂਤਿਆ ਹੋਇਆ ਹੈ।

ਮਾਪੇ ਕੀ ਕਰਨ, ਸਮਾਜ ਵਿੱਚ ਜਿਹੜੀਆਂ ਲੀਹਾਂ ਪੈ ਚੁੱਕੀਆਂ ਹਨ, ਹਰ ਕੋਈ ਉਸ ਰਾਹ ਹੀ ਤੁਰਨ ਲਈ ਮਜਬੂਰ ਹੈ। ਇਸ ਸਮੇਂ ਸਭ ਤੋਂ ਵੱਡੀ ਲੋੜ ਹੈ ਕਿ ਨੌਜਵਾਨ ਸਭਾਵਾਂ, ਸਮਾਜਿਕ ਜਥੇਬੰਦੀਆਂ ਤੇ ਸਮਾਜ ਦੇ ਜਾਗਰੂਕ ਬਸ਼ਿੰਦੇ ਸਮਾਜ ਨੂੰ ਸਾਦਗੀ ਨਾਲ ਵਿਆਹ-ਸ਼ਾਦੀ ਕਰਨ ਦੀ ਲਹਿਰ ਸ਼ੁਰੂ ਕਰਨ। ਜਿਹੜੇ ਜੋੜੇ ਸਾਦੇ ਵਿਆਹ ਕਰਾ ਕਿ ਸਮਾਜ ਨੂੰ ਰੌਸ਼ਨੀ ਦੀ ਕਿਰਨ ਦੇਣ ਦੀ ਪਹਿਲ-ਕਦਮੀ ਕਰਦੇ ਹਨ, ਉਨ੍ਹਾਂ ਨੂੰ ਸਨਮਾਨ ਦੇ ਕੇ ਨਿਵਾਜਿਆ ਜਾਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਹੋਰ ਨੌਜਵਾਨ ਵੀ ਸਾਦਗੀ ਦਾ ਰਾਹ ਅਪਣਾ ਸਕਣ। ਝੂਠੀ ਸ਼ੁਹਰਤ ਨੂੰ ਤਿਆਗ ਕੇ ਬਾਰਸੂਖ ਲੋਕਾਂ ਨੂੰ ਵੀ ਸਾਦਗੀ ਦੇ ਰਾਹ ਤੁਰ ਕੇ ਨਵੀਆਂ ਪੈੜਾਂ ਪਾਉਣ ਦੀ ਲੋੜ ਹੈ। ਮਨੁੱਖੀ ਜੀਵਨ ਵਿੱਚ ਧਨ-ਦੌਲਤ ਤੇ ਵਸਤੂਆਂ ਦੀ ਬਹੁਲਤਾ ਦਾ ਪਾਸਾਰਾ ਏਨਾ ਵਧ ਚੁੱਕਾ ਹੈ ਕਿ ਇਸ ਦਾ ਕੋਈ ਹੱਦ-ਬੰਨਾ ਹੀ ਨਹੀਂ ਰਿਹਾ। ਰਿਸ਼ਤੇ-ਨਾਤੇ, ਸਾਕ-ਸਕੀਰੀਆਂ ਪੈਸਿਆਂ ਨਾਲ ਹੀ ਤੋਲੇ ਜਾ ਰਹੇ ਹਨ। ਸ਼ਾਇਦ ਇਸੇ ਕਾਰਨ ਰਿਸ਼ਤੇ ਦਿਨੋ-ਦਿਨ ਕਮਜ਼ੋਰ ਹੁੰਦੇ ਜਾ ਰਹੇ ਹਨ। ਆਪਸੀ ਲੜਾਈ-ਝਗੜੇ ਤੇ ਤਲਾਕ ਵਧ ਰਹੇ ਹਨ। ਭਾਵੇਂ ਹਰ ਮਾਪੇ ਨੂੰ ਆਪਣੀ ਧੀ ਪਿਆਰੀ ਹੁੰਦੀ ਹੈ, ਪਰ ਜੇ ਸਾਦਗੀ ਨਾਲ ਵਿਆਹ ਕਰਨ ਦੀ ਰੀਤ ਸ਼ੁਰੂ ਹੋ ਜਾਵੇ ਤਾਂ ਕਿਸੇ ਮਾਂ-ਬਾਪ ਨੂੰ ਵੀ ਕੋਈ ਧੀ ਕਦੇ ਬੋਝ ਨਾ ਜਾਪੇ। ਮਾਪਿਆਂ ਨੂੰ ਧੀ ਦੇ ਵਿਆਹ ਦੀ ਹਰ ਸਮੇਂ ਇਸ ਕਾਰਨ ਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਵਿਆਹ ਵਿੱਚ ਕੋਈ ਕਮੀ ਨਾ ਰਹਿ ਜਾਵੇ। ਧੀਆਂ ਤਾਂ ਹੁਣ ਅੰਬਰਾਂ ਤੱਕ ਉਡਾਰੀਆਂ ਭਰ ਕੇ ਲੋਕਾਂ ਦਾ ਮਨ ਮੋਹ ਰਹੀਆਂ ਹਨ ਤੇ ਨਾਮਣੇ ਖੱਟ ਰਹੀਆਂ ਹਨ। ਸਾਦੇ ਵਿਆਹਾਂ ਦੀ ਪਿਰਤ ਨਾਲ ਮਾਪੇ ਧੀਆਂ ਦੇ ਵਿਆਹ ਦੀ ਚਿੰਤਾ ਤੋਂ ਮੁਕਤ ਹੋ ਸਕਦੇ ਹਨ ਤੇ ਧੀਆਂ ਦੀ ਸਿੱਖਿਆ ਵੱਲ ਹੋਰ ਗੰਭੀਰਤਾ ਨਾਲ ਧਿਆਨ ਦੇ ਸਕਦੇ ਹਨ।



*ਵਿਆਹ-ਸ਼ਾਦੀ ਦੇ ਸਦੀਵੀ ਬੰਧਨ ਨੂੰ ਧਨ-ਦੌਲਤ ਦੀ ਤੱਕੜੀ ਵਿੱਚ ਤੋਲਣ ਦੀ ਥਾਂ ਜੇ ਸਮਾਜ ਸਾਦੇ ਵਿਆਹਾਂ ਦੇ ਰਾਹ ਤੁਰ ਪਏ ਤਾਂ ਇਸ ਰਿਸ਼ਤੇ ਦੀ ਗਰਿਮਾ ਨੂੰ ਬਚਾਇਆ ਜਾ ਸਕਦਾ ਹੈ। ਜਦੋਂ ਕਿਸੇ ਰਿਸ਼ਤੇ ਨੂੰ ਪੈਸੇ ਤੇ ਵਸਤੂਆਂ ਦੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਉਸ ਰਿਸ਼ਤੇ ਵਿੱਚ ਪਿਆਰ, ਮੁਹੱਬਤ ਤੇ ਸਾਂਝ ਪੈਦਾ ਨਹੀਂ ਹੋ ਸਕਦੀ। ਬਹੁਤੇ ਗਿਲੇ-ਸ਼ਿਕਵੇ, ਨਿਹੋਰੇ, ਮਿਹਣੇ ਪੈਸੇ ਤੇ ਵਸਤੂਆਂ ਨਾਲ ਹੀ ਜੁੜੇ ਹੁੰਦੇ ਹਨ। ਜੇ ਮੁੰਡਾ-ਕੁੜੀ ਪੜ੍ਹੇ-ਲਿਖੇ ਤੇ ਆਪਣੇ ਪੈਰਾਂ ’ਤੇ ਖੜ੍ਹੇ ਹਨ ਤਾਂ ਉਹ ਆਪਣੇ ਜੀਵਨ ਦੀ ਗੱਡੀ ਨੂੰ ਤੋਰਨ ਲਈ ਬਥੇਰਾ ਧਨ ਕਮਾ ਲੈਣਗੇ।*





# ਕੈਟ, ਜੀਮੈਟ, ਸੀਐਲਏਟੀ ਆਦਿ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਆਮ ਗਲਤੀਆਂ ਤੋਂ ਬਚਣਾ ਚਾਹੀਦਾ ਹੈ

ਤੁਹਾਡੀ ਵਿਸ਼ਾ-ਵਸਤੂ ਦੀ ਸਮਝ ਦਾ ਮੁਲਾਂਕਣ ਕਰਨ ਦਾ ਇੱਕ ਸ਼ਾਨਦਾਰ ਤਰੀਕਾ ਨਕਲੀ ਟੈਸਟਾਂ ਦੁਆਰਾ ਹੈ। ਜ਼ਿਆਦਾਤਰ ਉੱਚ ਸਕੋਰਰ ਵੱਧ ਤੋਂ ਵੱਧ ਮੌਕ ਟੈਸਟ ਦਿੰਦੇ ਹਨ। ਅੱਜ ਦੇ ਅਕਾਦਮਿਕ ਮਾਹੌਲ ਵਿੱਚ ਪ੍ਰਤੀਯੋਗੀ ਪ੍ਰੀਖਿਆਵਾਂ ਨੂੰ ਪੂਰਾ ਕਰਨਾ ਇੱਕ ਚੁਣੌਤੀਪੂਰਨ ਕੰਮ ਹੈ। ਪ੍ਰਤੀਯੋਗੀ ਟੈਸਟਾਂ ਲਈ ਬਿਨੈਕਾਰਾਂ ਦੀ ਗਿਣਤੀ, ਜਿਵੇਂ ਕਿ ਕੈਟ, ਜੀਮੈਟ, ਸੀਐਲਏਟੀ ਆਦਿ, ਹਰ ਸਾਲ ਲਗਾਤਾਰ ਵੱਧ ਰਹੀ ਹੈ, ਮੁਕਾਬਲੇ ਦੇ ਪੱਧਰ ਨੂੰ ਨਾਟਕੀ ਢੰਗ ਨਾਲ ਵਧਾ ਰਿਹਾ ਹੈ। ਪ੍ਰਤੀਯੋਗੀ ਟੈਸਟਾਂ ਲਈ ਬਿਨੈਕਾਰਾਂ ਦੀ ਗਿਣਤੀ, ਜਿਵੇਂ ਕਿ ਕੈਟ, ਜੀਮੈਟ, ਸੀਐਲਏਟੀ , ਆਦਿ ਹਰ ਸਾਲ ਲਗਾਤਾਰ ਵੱਧ ਰਹੀ ਹੈ, ਮੁਕਾਬਲੇ ਦੇ ਪੱਧਰ ਨੂੰ ਨਾਟਕੀ ਢੰਗ ਨਾਲ ਵਧਾ ਰਿਹਾ ਹੈ। ਹਾਲਾਂਕਿ, ਇਹ ਬਿਨਾਂ ਸ਼ੱਕ ਸਹੀ ਕਿਸਮ ਦੀ ਤਿਆਰੀ ਰਣਨੀਤੀ ਅਤੇ ਮਾਰਗਦਰਸ਼ਿਤ ਸਲਾਹ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਉਹ ਚੀਜ਼ ਹੈ ਜਿਸ ਬਾਰੇ ਮਾਪੇ ਵੀ ਜਾਣਦੇ ਹਨ, ਜਿਸ ਕਾਰਨ ਉਹ ਆਪਣੇ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਤਿਆਰੀ ਸ਼ੁਰੂ ਕਰਨ ਲਈ ਪ੍ਰੇਰਿਤ ਕਰਦੇ ਹਨ। ਬਹੁਤ ਸਾਰੇ ਵਿਦਿਆਰਥੀ ਜਦੋਂ 'ਮੁਕਾਬਲੇ ਦੀਆਂ ਪ੍ਰੀਖਿਆਵਾਂ' ਸ਼ਬਦ ਸੁਣਦੇ ਹਨ ਤਾਂ ਤਣਾਅ ਅਤੇ ਚਿੰਤਾ ਦਾ ਅਨੁਭਵ ਕਰਦੇ ਹਨ। ਵਿਦਿਆਰਥੀਆਂ 'ਤੇ ਵਧੀਆ ਪ੍ਰਦਰਸ਼ਨ ਕਰਨ ਲਈ ਬਹੁਤ ਦਬਾਅ ਹੁੰਦਾ ਹੈ ਕਿਉਂਕਿ ਉਹ ਮੰਨਦੇ ਹਨ ਕਿ ਇਹ ਟੈਸਟ ਉਨ੍ਹਾਂ ਦੇ ਆਦਰਸ਼ ਕਰੀਅਰ ਲਈ ਰਾਹ ਪੱਧਰਾ ਕਰਨਗੇ। ਉਹਨਾਂ ਨੂੰ ਇਮਤਿਹਾਨ ਵਿੱਚ ਸਿਖਰਲੇ ਸਥਾਨਾਂ 'ਤੇ ਪਹੁੰਚਣ ਲਈ ਕੇਂਦਰਿਤ ਤਿਆਰੀ, ਢੁਕਵੀਂ ਅਧਿਐਨ ਸਮੱਗਰੀ ਅਤੇ ਹੋਰ ਬਹੁਤ ਸਾਰੇ ਹੁਨਰਾਂ ਦੀ ਲੋੜ ਹੁੰਦੀ ਹੈ। ਪਰ ਉਹਨਾਂ ਦੀ ਤਿਆਰੀ ਸ਼ੁਰੂ ਹੋਣ ਤੋਂ ਪਹਿਲਾਂ, ਉਹਨਾਂ ਨੂੰ ਸਭ ਤੋਂ ਪਹਿਲਾਂ ਉਹਨਾਂ ਸਭ ਤੋਂ ਆਮ ਗਲਤੀਆਂ ਤੋਂ ਜਾਣੂ ਹੋਣਾ ਚਾਹੀਦਾ ਹੈ ਜੋ ਉਹਨਾਂ ਦੀਆਂ ਪ੍ਰੀਖਿਆਵਾਂ ਦੀਆਂ ਇੱਛਾਵਾਂ ਨੂੰ ਪਟੜੀ ਤੋਂ ਉਤਾਰ ਸਕਦੀਆਂ ਹਨ। ਇਹਨਾਂ ਗਲਤੀਆਂ ਤੋਂ ਬਚਣ ਨਾਲ ਨਾ ਸਿਰਫ਼ ਤਿਆਰੀ ਨੂੰ ਸੁਚਾਰੂ ਬਣਾਇਆ ਜਾਵੇਗਾ ਸਗੋਂ ਉਹਨਾਂ ਦੇ ਦਿਮਾਗ਼ 'ਤੇ ਦਬਾਅ, ਤਣਾਅ ਅਤੇ ਬੇਲੋੜੇ ਤਣਾਅ ਨੂੰ ਵੀ ਘਟਾਇਆ ਜਾਵੇਗਾ। ਇੱਥੇ ਆਮ ਗਲਤੀਆਂ ਹਨ ਜਿਨ੍ਹਾਂ ਤੋਂ ਵਿਦਿਆਰਥੀਆਂ ਨੂੰ ਦੂਰ ਰਹਿਣਾ ਚਾਹੀਦਾ ਹੈ: ਇੱਕ ਯਥਾਰਥਵਾਦੀ ਸਕੋਰ ਸੈੱਟ ਕਰਨ ਵਿੱਚ ਅਸਫਲ ਇੱਕ ਯਥਾਰਥਵਾਦੀ ਟੀਚਾ ਸਕੋਰ ਸੈੱਟ ਕਰਨ ਦਾ ਦੋ-ਪੱਖੀ ਫਾਇਦਾ ਹੁੰਦਾ ਹੈ। ਪਹਿਲਾਂ, ਇਹ ਉਹਨਾਂ ਵਿਸ਼ਿਆਂ ਦੀ ਪਛਾਣ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ ਜਿਨ੍ਹਾਂ ਨੂੰ ਤੁਸੀਂ ਛੱਡ ਸਕਦੇ ਹੋ। ਇਹ ਤੁਹਾਡੇ ਦੁਆਰਾ ਅਧਿਐਨ ਕਰਨ ਲਈ ਚੁਣੇ ਗਏ ਵਿਸ਼ਿਆਂ ਨੂੰ ਮਜ਼ਬੂਤ ਕਰਨ ਲਈ ਤੁਹਾਨੂੰ ਵਧੇਰੇ ਸਮਾਂ ਅਤੇ ਊਰਜਾ ਦੇਵੇਗਾ। ਦੂਜਾ, ਇਹ ਪ੍ਰਦਰਸ਼ਨ ਕਰਨ ਦੇ ਦਬਾਅ ਨੂੰ ਦੂਰ ਕਰੇਗਾ। ਹਾਲਾਂਕਿ ਇਮਤਿਹਾਨ ਵਿੱਚ ਚੋਟੀ ਦੀ ਇੱਛਾ ਰੱਖਣਾ ਬਹੁਤ ਵਧੀਆ ਹੈ, ਪਰ ਹਰ ਕਿਸੇ ਕੋਲ ਅਜਿਹਾ ਕਰਨ ਲਈ ਸਮਾਂ ਜਾਂ ਜਗ ?ਹਾ ਨਹੀਂ ਹੁੰਦੀ ਹੈ। ਇਸਦੀ ਬਜਾਏ, ਸਕੋਰਾਂ ਦੀ ਇੱਕ ਆਦਰਸ਼ ਰੇਂਜ ਦੀ ਭਾਲ ਕਰੋ ਜੋ ਤੁਹਾਡੇ ਟੀਚੇ ਵਾਲੇ ਕਾਲਜ ਤੱਕ ਪਹੁੰਚਣ ਵਿੱਚ ਤੁਹਾਡੀ ਮਦਦ ਕਰੇਗੀ। ਉਦਾਹਰਨ ਲਈ, ਇੱਕ ਐਨਐਮਆਈਐਮ ਐਸ, ਐਮਬੀਏ ਲਈ ਚਾਹਵਾਨ ਲੋਕ 290+ ਦਾ ਪਿੱਛਾ ਕਰਨ ਦੀ ਬਜਾਏ ਕੱਟਆਫ ਨੂੰ ਸਾਫ਼ ਕਰਨ ਲਈ 250 ਦਾ ਟੀਚਾ ਸਕੋਰ ਸੈੱਟ ਕਰ ਸਕਦੇ ਹਨ। ਵਿਦੇਸ਼ਾਂ ਵਿੱਚ ਮਹਾਨ ਯੂਜੀ ਕੋਰਸਾਂ ਵਿੱਚ ਦਾਖਲਾ ਲੈਣ ਦੀ ਕੋਸ਼ਿਸ਼ ਕਰਨ ਵਾਲੇ ਆਪਣੇ ਐਸਏਟੀ 'ਤੇ 1400+ ਸਕੋਰ ਦਾ ਟੀਚਾ ਰੱਖ ਸਕਦੇ ਹਨ। ਤੁਹਾਡੀਆਂ ਖੁਦ ਦੀਆਂ ਸਮਰੱਥਾਵਾਂ, ਸਮੇਂ ਅਤੇ ਸਰੋਤਾਂ ਦੀ ਇੱਕ ਕੁਦਰਤੀ ਸਮਝ 'ਤੇ ਆਧਾਰਿਤ ਯਥਾਰਥਵਾਦੀ ਟੀਚੇ ਇੱਕ ਸਕਾਰਾਤਮਕ ਨੋਟ 'ਤੇ ਤੁਹਾਡੀ ਤਿਆਰੀ ਸ਼ੁਰੂ ਕਰਨ ਦਾ ਵਧੀਆ ਤਰੀਕਾ ਹਨ। ਮੌਕ ਟੈਸਟਾਂ ਨੂੰ ਨਜ਼ਰਅੰਦਾਜ਼ ਕਰਨਾ ਤੁਹਾਡੀ ਵਿਸ਼ਾ-ਵਸਤੂ ਦੀ ਸਮਝ ਦਾ ਮੁਲਾਂਕਣ ਕਰਨ ਦਾ ਇੱਕ ਸ਼ਾਨਦਾਰ ਤਰੀਕਾ ਨਕਲੀ ਟੈਸਟਾਂ ਦੁਆਰਾ ਹੈ। ਜ਼ਿਆਦਾਤਰ ਉੱਚ ਸਕੋਰਰ ਅਸਲ ਇਮਤਿਹਾਨਾਂ ਦੇ ਨਾਲ ਤਜਰਬਾ ਹਾਸਲ ਕਰਨ ਲਈ ਵੱਧ ਤੋਂ ਵੱਧ ਮੌਕ ਟੈਸਟ ਲੈਂਦੇ ਹਨ। ਮੌਕ ਟੈਸਟ ਲੈਣ ਨਾਲ ਤੁਹਾਨੂੰ ਨਾ ਸਿਰਫ਼ ਇਮਤਿਹਾਨ ਦੇ ਫਾਰਮੈਟ ਤੋਂ ਜਾਣੂ ਹੋਣ ਵਿੱਚ ਮਦਦ ਮਿਲਦੀ ਹੈ, ਸਗੋਂ ਤਣਾਅ ਵਿੱਚ ਤੁਹਾਡੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਵਿੱਚ ਵੀ ਮਦਦ ਮਿਲਦੀ ਹੈ। ਇਹ ਤੁਹਾਡੀ ਕਮਜ਼ੋਰੀ ਦੇ ਖੇਤਰਾਂ ਨੂੰ ਉਜਾਗਰ ਕਰੇਗਾ ਤਾਂ ਜੋ ਤੁਸੀਂ ਉਨ੍ਹਾਂ ਨੂੰ ਮਜ਼ਬੂਤ ਕਰ ਸਕੋ। ਮੌਕ ਟੈਸਟ ਲੈਣਾ ਤੁਹਾਡੇ ਸਮੇਂ ਦੇ ਪ੍ਰਬੰਧਨ ਵਿੱਚ ਵਧੇਰੇ ਮਾਹਰ ਬਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇਹ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ


ਤੁਹਾਡੀ ਟੈਸਟ ਲੈਣ ਦੀ ਰਣਨੀਤੀ ਬਣਾਉਣ ਵਿੱਚ ਤੁਹਾਡੀ ਮਦਦ ਕਰਦਾ ਹੈ, ਖਾਸ ਕਰਕੇ ਜਦੋਂ ਇਹ ਇੱਕ ਸਪੀਡ ਟੈਸਟ ਹੁੰਦਾ ਹੈ। ਜਿਵੇਂ-ਜਿਵੇਂ ਇਮਤਿਹਾਨ ਦੀ ਤਾਰੀਖ ਨੇੜੇ ਆ ਰਹੀ ਹੈ, ਆਪਣੇ ਫੋਕਸ ਨੂੰ ਵੱਧ ਤੋਂ ਵੱਧ ਮਖੌਲ ਕਰਨ ਵੱਲ ਤਬਦੀਲ ਕਰੋ। ਆਪਣੀਆਂ ਗਲਤੀਆਂ ਦੀ ਸਮੀਖਿਆ ਕੀਤੇ ਬਿਨਾਂ ਛੱਡਣਾ ਯਕੀਨੀ ਬਣਾਓ ਕਿ ਤੁਸੀਂ ਆਪਣੇ ਕਮਜ਼ੋਰ ਪੁਆਇੰਟਾਂ ਦੀ ਪਛਾਣ ਕਰਨ ਲਈ ਮੌਕ ਟੈਸਟ ਲੈਣ ਤੋਂ ਬਾਅਦ ਆਪਣੇ ਪ੍ਰਦਰਸ਼ਨ ਦਾ ਧਿਆਨ ਨਾਲ ਮੁਲਾਂਕਣ ਕਰਦੇ ਹੋ। ਜੇਕਰ ਤੁਸੀਂ ਉਹੀ ਗਲਤੀਆਂ ਕਰਦੇ ਰਹੋਗੇ ਤਾਂ ਮੌਕ ਇਮਤਿਹਾਨਾਂ ਲਈ ਅਭਿਆਸ ਕਰਨ ਦਾ ਕੋਈ ਫਾਇਦਾ ਨਹੀਂ ਹੈ। ਉਹਨਾਂ ਖੇਤਰਾਂ ਨੂੰ ਸੰਬੋਧਿਤ ਕਰਨ ਲਈ ਇੱਕ ਨਿਸ਼ਾਨਾ ਪਹੁੰਚ ਜਿੱਥੇ ਤੁਹਾਡੇ ਵਿੱਚ ਆਤਮ ਵਿਸ਼ਵਾਸ ਦੀ ਕਮੀ ਹੈ, ਤੁਹਾਡੇ ਪ੍ਰਦਰਸ਼ਨ ਨੂੰ ਵਧਾਉਣ ਦਾ ਇੱਕ ਬੁੱਧੀਮਾਨ ਤਰੀਕਾ ਹੈ। ਅਭਿਆਸ ਦੁਆਰਾ ਇਹਨਾਂ ਖੇਤਰਾਂ ਨੂੰ ਮਜ਼ਬੂਤ ਕਰਨ 'ਤੇ ਧਿਆਨ ਦਿਓ। ਰੱਖਣਾ ਤੁਹਾਡੀ ਸਿੱਖਣ ਦੀ ਵਕਰ ਵਧ ਰਹੀ ਹੈ, ਸਮੇਂ ਦੇ ਨਾਲ ਤੁਹਾਡੇ ਵਿਕਾਸ ਨੂੰ ਟਰੈਕ ਕਰੋ ਅਤੇ ਮੌਕ ਟੈਸਟਾਂ ਦੇ ਸਫਲ ਹੋਣ 'ਤੇ ਤੁਹਾਡੇ ਪ੍ਰਦਰਸ਼ਨ ਦਾ ਮੁਲਾਂਕਣ ਕਰੋ। ਮਾੜਾ ਸਮਾਂ ਪ੍ਰਬੰਧਨ ਸਮਾਂ ਪ੍ਰਬੰਧਨ ਕਾਬਲੀਅਤਾਂ ਨਾ ਸਿਰਫ਼ ਯੋਜਨਾਬੰਦੀ ਦੇ ਪੜਾਅ ਦੌਰਾਨ ਜ਼ਰੂਰੀ ਹੁੰਦੀਆਂ ਹਨ, ਸਗੋਂ ਜਦੋਂ ਤੁਸੀਂ ਪ੍ਰੀਖਿਆ ਰੂਮ ਵਿੱਚ ਬੈਠ ਕੇ ਆਪਣਾ ਪੇਪਰ ਲਿਖ ਰਹੇ ਹੁੰਦੇ ਹੋ। ਇੱਕ ਵਾਰ ਜਦੋਂ ਤੁਸੀਂ ਇਮਤਿਹਾਨ ਦੇ ਫਾਰਮੈਟ ਦੇ ਆਦੀ ਹੋ ਜਾਂਦੇ ਹੋ, ਤਾਂ ਆਪਣੇ ਮੌਕ ਟੈਸਟਾਂ ਨੂੰ ਤਹਿ ਕਰੋ। ਹਰੇਕ ਸਵਾਲ 'ਤੇ ਤੁਹਾਡੇ ਦੁਆਰਾ ਖਰਚ ਕੀਤੇ ਗਏ ਸਮੇਂ ਦੀ ਤੁਲਨਾ ਹਰੇਕ ਭਾਗ ਲਈ ਸਿਫ਼ਾਰਸ਼ ਕੀਤੇ ਗਏ ਸਮੇਂ ਨਾਲ ਕਰੋ। ਇਹ ਤੁਹਾਡੇ ਸਮੇਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਕਰਨ ਵਿੱਚ ਤੁਹਾਡੀ ਮਦਦ ਕਰੇਗਾ, ਜੋ ਕਿ ਇੱਕ ਲਾਭਕਾਰੀ ਰਣਨੀਤੀ ਹੈ ਜੋ ਬਿਨਾਂ ਸ਼ੱਕ ਤੁਹਾਡੇ ਵਿਸ਼ਵਾਸ ਦੀ ਭਾਵਨਾ ਨੂੰ ਵਧਾਏਗੀ। ਸੋਧਣ ਤੋਂ ਇਨਕਾਰ ਕਰ ਦਿੱਤਾ ਬਹੁਤੇ ਵਿਦਿਆਰਥੀ ਆਖਰੀ ਪਲਾਂ 'ਤੇ ਇਮਤਿਹਾਨਾਂ ਲਈ ਪੜ੍ਹਨਾ ਸ਼ੁਰੂ ਕਰਦੇ ਹਨ, ਰੀਵਿਜ਼ਨ ਅਤੇ ਮੌਕ ਟੈਸਟਾਂ ਲਈ ਬਹੁਤ ਘੱਟ ਸਮਾਂ ਛੱਡਦੇ ਹਨ। ਸੰਸ਼ੋਧਨ ਦੇ ਮਹੱਤਵ ਨੂੰ ਸਮਝਣਾ ਮਹੱਤਵਪੂਰਨ ਹੈ। ਜਦੋਂ ਤੁਸੀਂ ਸੰਸ਼ੋਧਨ ਕਰਦੇ ਹੋ ਤਾਂ ਤੁਸੀਂ ਸੰਕਲਪਾਂ ਦੀ ਸਮੀਖਿਆ ਕਰਦੇ ਹੋ, ਜੋ ਮਹੱਤਵਪੂਰਣ ਪਲਾਂ ਦੌਰਾਨ ਉਹਨਾਂ ਨੂੰ ਯਾਦ ਰੱਖਣ ਦੀ ਤੁਹਾਡੀ ਯੋਗਤਾ ਵਿੱਚ ਸੁਧਾਰ ਕਰਦਾ ਹੈ। ਸੰਸ਼ੋਧਨ ਜ਼ਰੂਰੀ ਜਾਣਕਾਰੀ ਨੂੰ ਬਰਕਰਾਰ ਰੱਖਣ ਦੀ ਤੁਹਾਡੀ ਯਾਦਦਾਸ਼ਤ ਦੀ ਯੋਗਤਾ ਨੂੰ ਮਜ਼ਬੂਤ ਬਣਾਉਂਦਾ ਹੈ, ਜੋ ਤੁਹਾਨੂੰ ਤੁਹਾਡੇ ਉਦੇਸ਼ਾਂ ਤੱਕ ਪਹੁੰਚਣ ਲਈ ਹੋਰ ਵੀ ਸਖ਼ਤ ਮਿਹਨਤ ਕਰਨ ਵਿੱਚ ਮਦਦ ਕਰੇਗਾ। ਸਮੀਖਿਆ ਕਰਨ ਅਤੇ ਇਮਤਿਹਾਨ ਲਈ ਤਿਆਰ ਹੋਣ ਦਾ ਇੱਕ ਤਰੀਕਾ ਹੈ ਮੌਕ ਟੈਸਟ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਕੋਲ ਇਮਤਿਹਾਨ ਦੇਣ ਤੋਂ ਪਹਿਲਾਂ ਸਮੀਖਿਆ ਕਰਨ ਲਈ ਕਾਫ਼ੀ ਸਮਾਂ ਹੈ, ਆਪਣੇ ਕਾਰਜਕ੍ਰਮ ਨੂੰ ਪਿੱਛੇ ਵੱਲ ਵਿਵਸਥਿਤ ਕਰਨਾ ਯਕੀਨੀ ਬਣਾਓ। ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਰਣਨੀਤਕ ਤਿਆਰੀ! ਪ੍ਰਤੀਯੋਗੀ ਇਮਤਿਹਾਨਾਂ ਵਿੱਚ ਸਫ਼ਲ ਹੋਣ ਲਈ ਸਿਰਫ਼ ਜਤਨਾਂ ਦੀ ਲੋੜ ਨਹੀਂ ਹੈ। ਸਕੋਰਾਂ ਲਈ ਅਸਪਸ਼ਟ ਉਮੀਦਾਂ ਰੱਖਣ, ਨਕਲੀ ਟੈਸਟਾਂ ਨੂੰ ਛੱਡਣਾ, ਗਲਤੀਆਂ ਦੀ ਸਮੀਖਿਆ ਨਾ ਕਰਨਾ, ਆਪਣੇ ਸਮੇਂ ਦਾ ਮਾੜਾ ਪ੍ਰਬੰਧਨ ਨਾ ਕਰਨਾ, ਅਤੇ ਆਪਣੇ ਕੰਮ ਦੀ ਸਮੀਖਿਆ ਨਾ ਕਰਨਾ ਸਮੇਤ ਮੁੱਦਿਆਂ ਤੋਂ ਦੂਰ ਰਹਿਣਾ ਜ਼ਰੂਰੀ ਹੈ। ਇਹਨਾਂ ਭਾਗਾਂ ਨੂੰ ਸ਼ਾਮਲ ਕਰਨ ਵਾਲੀ ਇੱਕ ਚੰਗੀ ਤਰ੍ਹਾਂ ਸੰਗਠਿਤ ਅਧਿਐਨ ਰਣਨੀਤੀ ਬਣਾ ਕੇ ਕੋਈ ਵੀ ਇਹਨਾਂ ਮੰਗ ਵਾਲੀਆਂ ਪ੍ਰੀਖਿਆਵਾਂ ਨੂੰ ਤੋੜਨ ਦੀਆਂ ਸੰਭਾਵਨਾਵਾਂ ਨੂੰ ਮਹੱਤਵਪੂਰਨ ਤੌਰ 'ਤੇ ਵਧਾ ਸਕਦਾ ਹੈ। ਟਾਪਰਾਂ ਅਤੇ ਮਾਹਿਰ ਸਲਾਹਕਾਰਾਂ ਦੁਆਰਾ ਵਰਤੀਆਂ ਜਾਂਦੀਆਂ ਰਣਨੀਤੀਆਂ ਬਾਰੇ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਤੁਸੀਂ ਆਪਣੇ ਲਈ ਸਭ ਤੋਂ ਵਧੀਆ ਅਭਿਆਸਾਂ ਨੂੰ ਅਪਣਾ ਸਕੋ ਅਤੇ ਪਹੀਏ ਨੂੰ ਮੁੜ ਖੋਜਣ ਵਿੱਚ ਬਹੁਤ ਜ਼ਿਆਦਾ ਸਮਾਂ ਬਰਬਾਦ ਕਰਨ ਤੋਂ ਬਚ ਸਕੋ।







## ਔਰਤ ਹਾਂ

ਔਰਤ ਹਾਂ
ਜ਼ਰੂਰੀ ਨਹੀਂ ਕਮਜੋਰ ਹੋਵਾਂ
ਕੋਮਲ ਹੋ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਸਹਾਰਾ ਲੱਭਾਂ
ਸਾਥ ਲੱਭ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਵੇਲ ਬਣਨਾ
ਬੂਟਾ ਹੋ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਬੇਸਹਾਰਾ ਹੋਵਾਂ
ਸਹਾਰਾ ਹੋ ਸਕਦੀ ਹਾਂ

ਔਰਤ ਹਾਂ
ਜ਼ਰੂਰੀ ਨਹੀਂ ਸਮਝੌਤਾ ਕਰਾਂ
ਸ਼ਰਤ ਰੱਖ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਇਜਾਜ਼ਤ ਮੰਗਾਂ
ਹੱਕ ਮੰਗ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਚਰਨਾ ਦੀ ਦਾਸੀ ਬਣਾ
ਦਿਲ ਦੀ ਮਲਿਕਾ ਬਣ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਸੁਰੱਖਿਆ ਮੰਗਾਂ
ਚੰਡੀ ਹੋ ਸਕਦੀ ਹਾਂ

ਔਰਤ ਹਾਂ
ਜ਼ਰੂਰੀ ਨਹੀਂ ਪਰਛਾਵਾਂ ਬਣਾ
ਧੁੱਪ ਹੋ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਪੁੱਤ ਬਣ ਕੇ ਦਿਖਾਵਾਂ
ਧੀ ਹੋ ਸਕਦੀ ਹਾਂ


ਔਰਤ ਹਾਂ
ਜਰੂਰੀ ਨਹੀਂ ਪਰਾਈ ਹੋ ਜਾਵਾਂ
ਮਾਪਿਆਂ ਦੀ ਡਗੋਰੀ ਹੋ ਸਕਦੀ ਹਾਂ

ਔਰਤ ਹਾਂ
ਜ਼ਰੂਰੀ ਨਹੀਂ ਖ਼ੂਬਸੂਰਤ ਹੋਵਾਂ
ਮਜਬੂਤ ਹੋ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਟੁੱਟ ਕੇ ਬਿਖਰ ਜਾਵਾਂ
ਚੱਟਾਨ ਬਣ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਪਤੀ ਰੂਪੀ ਸਿਰ ਦੀ ਛੱਤ ਲੱਭਾਂ
ਹਮਸਫਰ ਲੱਭ ਸਕਦੀ ਹਾਂ

ਔਰਤ ਹਾਂ
ਜਰੂਰੀ ਨਹੀਂ ਹਾਦਸਿਆਂ ਨਾਲ ਪੱਥਰ ਹੋ ਜਾਵਾਂ
ਕਵਿੱਤਰੀ ਹੋ ਸਕਦੀ ਹਾਂ



**ਹਰਪ੍ਰੀਤ ਕੌਰ ਸੰਧੂ**

## ਕੁੰਢੀਆਂ ਦੇ ਸਿੰਗ

ਹੈ ਨਵਾਂ ਜਮਾਨਾ ਇੱਕ ਪਾਸੇ
ਦੂਜੇ ਪਾਸੇ ਪੁਰਾਣੀ ਰੂੜੀ।
ਬੜੇ ਚਿਰ ਤੋਂ ਰਵਾਇਤੀ ਪਾਰਟੀਆਂ
ਨੇ ਜਨਤਾ ਪਈ ਸੀ ਨੂੜੀ।
ਅੱਜ ਕੁੰਢੀਆਂ ਦੇ ਸਿੰਗ ਫਸੇ ਪਏ
ਐਪਰ ਪਤਾ ਲੱਗੂ ਦਸ ਮਾਰਚ ਨੂੰ,
ਕੀਹਨੇ ਖਾਧੇ ਹੋਏ ਵੜੇਵੇਂ ਸੀ
ਤੇ ਕਿਸ ਨੇ ਸੁੱਕੀ ਤੂੜੀ।



**ਮੂਲ ਚੰਦ ਸ਼ਰਮਾ**

## ਨਾਨਕਾ ਮੇਲ

ਛੱਕ ਲਾਉਣ ਲਈ ਕਰ ਕੇ ਤਿਆਰੀਆਂ,
ਆਇਆ ਨਾਨਕਾ ਮੇਲ ਵੇਖੋ ਸਜ ਧਜ ਕੇ।
ਚੁੱਕ ਸਿਰਾਂ ਉੱਤੇ, ਗੱਠੜੀਆਂ ਭਾਰੀਆਂ,
ਆਇਆ ਨਾਨਕਾ ਮੇਲ ਵੇਖੋ ਸਜ ਧਜ ਕੇ।

ਮਿਲਣੀਆਂ ਕੀਤੀਆਂ ਬਿਠਾਲ ਨਾਨਕੇ।
ਛੱਕ ਲੈ ਕੇ ਆਏ ਨੇ ਕਮਾਲ ਨਾਨਕੇ।
ਮਾਮੀ ਨਖਰੋ ਨੂੰ ਚੜ੍ਹੀਆਂ ਖੁਮਾਰੀਆਂ,
ਆਇਆ ਨਾਨਕਾ ਮੇਲ ਵੇਖੋ ਸਜ ਧਜ ਕੇ।

ਪਰੀਆਂ ਦੇ ਵਾਂਗ ਸਜ ਆਈਆਂ ਮੇਲਣਾਂ,
ਫਿਰਨ ਖੁਸ਼ੀ 'ਚ ਨਸ਼ਿਆਈਆਂ ਮੇਲਣਾਂ।
ਲੈ ਕੇ ਸਿਰਾਂ ਉੱਤੇ ਸੂਹੀਆਂ ਫੁਲਕਾਰੀਆਂ,
ਆਇਆ ਨਾਨਕਾ ਮੇਲ ਵੇਖੋ ਸਜ ਧਜ ਕੇ।

ਜਾਗੋ ਕੱਢਣੀ ਤੇ ਸਭ ਨੂੰ ਜਗਾਉਣਾ ਏ।
ਮੰਜੇ ਤੋੜਨੇ ਤੇ ਚੁੱਲ੍ਹਿਆਂ ਨੂੰ ਢਾਉਣਾ ਏ।
ਗਾਹ ਪਾਉਣਗੀਆਂ ਮੇਲਣਾ ਇਹ ਸਾਰੀਆਂ।
ਆਇਆ ਨਾਨਕਾ ਮੇਲ ਵੇਖੋ ਸਜ ਧਜ ਕੇ।

ਮੌਕੇ ਖ਼ੁਸ਼ੀਆਂ ਦੇ ਨਿੱਤ ਨਾ ਆਉਣੇ ਨੇ।
ਛੱਜ ਤੋੜਨਾ ਤੇ ਸ਼ਗਨ ਮਨਾਉਣੇ ਨੇ।
'ਅਮਰ' ਪੂਰਨੀਆਂ ਰੀਝਾਂ ਮਨ ਧਾਰੀਆਂ।
ਆਇਆ ਨਾਨਕਾ ਮੇਲ ਵੇਖੋ ਸਜ ਧਜ ਕੇ।

**ਅਮਰਜੀਤ ਕੌਰ ਮੋਰਿੰਡਾ**

## ਰੱਬਾ

ਤੂੰ ਬਹੁਤ ਡਾਹਢਾ ਏਂ ਰੱਬਾ,
ਤੇਰੇ ਕੀ ਕੀ ਗੁਣ ਗਾਵਾਂ,
ਕਦੇ ਤੂੰ ਗਰਮੀ ਦਿਖਾਵੇਂ,
ਕਦੇ ਚਲਾਵੇਂ ਹਵਾਵਾਂ,
ਮੀਂਹ ਪਵੇ ਅੰਦਰ ਭੱਜਾਂ,
ਲੱਗੇ ਗਰਮੀ ਬਾਹਰ ਆਵਾਂ,
ਕਦੇ ਤੱਤੀ ਹਵਾ ਚਲਾਵੇਂ,
ਭੱਜ ਕੇ ਛਾਵੇਂ ਜਾਂਵਾਂ,
ਜੇ ਲੱਗੇ ਸਰਦੀ ,
ਤਾਂ ਧੁੱਪੇ ਭੱਜਾ ਜਾਵਾਂ,
ਖੁੱਲ੍ਹੇ ਅਸਮਾਨ ਹੇਠ,
ਦੇਖ ਦੇਖ ਖੁਸ ਹੋਈ ਜਾਵਾਂ,
ਕਦੇ ਅਸਮਾਨ ਵਿੱਚ,
ਪੰਛੀਆਂ ਬੰਨੀਆਂ ਡਾਰਾਂ,
ਕਿਤੇ ਧਰਤੀ ਤੇ ਜਾਨਵਰਾਂ,
ਬਣਾ ਲਈਆਂ ਚਰਗਾਹਾਂ,
ਐਨਾ ਜਿ਼ਆਦਾ ਪਾਣੀ ਦੇਵੇਂ,
ਕਰੋੜਾਂ ਜੀਵ ਪੀਂਦੇ ਪਾਣੀ,
ਸਾਰੇ ਹੀ ਖਲਕਤ ਨਹਾਵੇ,
ਮੈਂ ਵੀ ਰੋਜ ਨਹਾਵਾਂ,
ਕਦੇ ਨੀ ਮੁੱਕਦੇ ਸੋਮੇ ਚੀਜਾਂ ਦੇ,
ਚਾਹੇ ਰੱਜ ਰੱਜ ਕੇ ਖਾਵਾਂ,
ਏਨੀਆਂ ਦਾਤਾਂ ਦਿੰਨਾ ਰੱਬਾ,
ਕੀ ਕੀ ਕਿਸਨੂੰ ਸਮਝਾਵਾਂ,
ਦੁਨੀਆਂ ਕਿੰਨੀ ਤਰੱਕੀ ਕਰਦੀ,
ਰੋਜ ਨਵੀਆਂ ਸੰਭਾਵਨਾਵਾਂ,
ਵੱਡੇ ਵੱਡੇ ਮਹਿਲ ਉਸਾਰੇ,
ਵੱਡੀਆਂ ਬਿਲਡਿੰਗ ਵੱਡੇ ਮੁਨਾਰੇ,
ਤੇਰੀ ਇਸ ਧਰਤੀ ਉੱਤੇ ,
ਲੱਖਾਂ ਮਹਿਲ ਉਸਾਰੇ,
ਪਰ ਤੇਰੀ ਕਾਇਨਾਤ ਵਿੱਚ,
ਰਤਾ ਫਰਕ ਨਾ ਪੈਂਦਾ,
ਰੋਜ ਇਹੀ ਦੇਖੀ ਜਾਵਾਂ,
ਤੇਰੀਆਂ ਦਾਤਾਂ ਅਥਾਹ ਨੇ ਰੱਬਾ,
ਕੀ ਕੀ ਖੋਲ ਸੁਣਾਵਾਂ,
ਮੈਂ ਤਾਂ ਬਸ ਧਰਮਿੰਦਰਾ,
ਦਾਤੇ ਦੇ ਗੁਣ ਗਾਵਾਂ,
ਬੱਸ ਓਹਦਾ ਹੀ ਸੁਕਰ ਮਨਾਵਾਂ।



**ਧਰਮਿੰਦਰ ਸਿੰਘ ਮੁੱਲਾਂਪੁਰੀ**
ਮੋਬਾ 9872000461

## ਸ਼ਰਤਾਂ ਮਨਵਾ ਲਈਆਂ

ਮਹਿਫਲਾਂ 'ਚ ਜਿੰਨੀਆਂ ਛਣਕਣੀਆਂ ਸਨ, ਛਣਕਾ ਲਈਆਂ,
ਪੈਰਾਂ 'ਚੋ ਲਾਹ ਕੇ ਮੈਂ ਝਾਂਜਰਾਂ, ਗਲੇ ਵਿੱਚ ਪਾ ਲਈਆਂ।

ਜਿਸ ਰਾਹੇ ਤਕਦੀਰ ਨੇ ਰੋੜਿਆ, ਰੁੜ੍ਹ ਗਏ ਚੁੱਪ ਕਰਕੇ,
ਦੰਦਾਸਾ ਅੱਕ ਦਾ ਮੱਲ ਕੇ, ਅਸਾਂ ਖੁਸ਼ੀਆਂ ਪੁੱਗਾ ਲਈਆਂ।

ਕੂੜ ਕਰੇਲਾ ਮੇਰੀ ਜਿੰਦ ਨੂੰ, ਹੱਸਕੇ ਖਾਣਾ ਪੈ ਗਿਆ,
ਲੋਕਾਂ ਨੇ ਸਿੱਧੀਆਂ-ਪੁੱਠੀਆਂ, ਸਭ ਸ਼ਰਤਾਂ ਮਨਵਾ ਲਈਆਂ।

ਗੈਰਾਂ ਵਿਰੁੱਧ ਲੜਣਾ ਸੀ, ਜਿੰਨਾ ਨੇ ਸਾਡੀ ਢਾਲ ਬਣਕੇ,
ਉਹਨਾਂ ਸਾਡੇ ਹੀ ਖ਼ੂਨ ਦੀਆਂ, ਸੁਪਾਰੀਆਂ ਖਾ ਲਈਆਂ।

ਲੱਗਦਾ ਸੀ ਅਜੇ ਤਾਂ, ਸਾਡੇ ਮਰਨ ਦੇ ਦਿਨ ਦੂਰ ਨੇ, ਪਰ
ਜਿੰਨਾਂ ਖਾਤਰ ਜੀਣਾ ਸੀ, ਉਹਨਾਂ ਨਜ਼ਰਾਂ ਚੁਰਾ ਲਈਆਂ।



**ਡਾ. ਤੇਜਿੰਦਰ**

## ਕੈਸਾ ਇਹ ਸੰਸਾਰ

ਮੋਹ, ਮਮਤਾ, ਮਿੱਠਬੋਲਣਾ, ਮਿਲਵਰਤਣ, ਸਤਿਕਾਰ
ਇਹ ਗੁਣ ਕਿਤੋਂ ਨਾ ਲੱਭਦੇ, ਮੁੱਲ ਨਾ ਵਿਕਣ ਬਜ਼ਾਰ।

ਖ਼ੁਦਗਰਜ਼ੀ, ਘਿਰਣਾ, ਖ਼ੁਦੀ, ਭਾਈ-ਭਤੀਜਾਵਾਦ
ਹੁਣ ਹਰ ਪਾਸੇ ਫ਼ੈਲਿਆ, ਲੋਕੋ ਭ੍ਰਿਸ਼ਟਾਚਾਰ।

ਡਾਕੇ, ਲੁੱਟਾਂ, ਅਗਜ਼ਨੀ, ਕਤਲ, ਖੋਹਾਂ ਦਾ ਦੌਰ
ਮਹਿੰਗਾਈ ਦੀ ਮਾਰ ਨਾਲ਼, ਮੱਚੀ ਹਾਹਾਕਾਰ।

ਉੱਚੀ ਮੈਰਿਟ ਦਾ ਕਿਤੇ, ਧੇਲਾ ਮੁੱਲ ਨਹੀਂ
ਥਾਂ-ਥਾਂ ਧੱਕੇ ਖਾ ਰਹੇ, ਲੱਖਾਂ ਬੇਰੁਜ਼ਗਾਰ।

ਅੰਨ੍ਹਾ ਵੰਡੇ ਰਿਉੜੀਆਂ, ਦੇਂਦਾ ਆਪਣਿਆਂ
ਇਸ ਗੰਧਲੇ ਮਾਹੌਲ ਵਿੱਚ, ਜੀਣਾ ਹੈ ਦੁਸ਼ਵਾਰ।

ਨਿੱਤਰੋ ਕੋਈ ਸੂਰਮਾ, ਅੱਗ ਦੀ ਰੋਕੇ ਖੇਡ
ਫਿਰ ਤੋਂ ਕਾਨੀ ਬਣ ਜਾਏ, ਵੈਰੀ ਲਈ ਤਲਵਾਰ।

ਲੱਗਦਾ ਸੀ ਲੰਘ ਜਾਵਸਾਂ, ਤੈਰ ਕੇ ਪਾਰ ਝਨਾਂ
ਡੁੱਬਿਆ ਵਿੱਚ ਮੰਝਧਾਰ ਹਾਂ, ਨਾ ਉਰਵਾਰ ਨਾ ਪਾਰ।

ਧਨ ਦੀ ਅੰਨ੍ਹੀ ਦੌੜ ਵਿੱਚ, ਕੋਈ ਨਹੀਂ ਅਪਣਾ
ਬਖ਼ਸ਼ੀਂ ਔਗੁਣਹਾਰ ਨੂੰ, ਹੇ ਮੇਰੇ ਕਰਤਾਰ!

ਨਿੰਦਾ, ਚੁਗਲੀ, ਈਰਖਾ, ਛੱਡੀਏ ਸਾਰੇ ਐਬ
ਦਿਲੋਂ ਮਿਟਾਈਏ ਨਫ਼ਰਤਾਂ, ਵੰਡੀਏ ਸਭ ਨੂੰ ਪਿਆਰ।

ਪੌਣ, ਪਾਣੀ ਤੇ ਧਰਤ ਨੇ, ਗੁਰੂ, ਪਿਤਾ ਤੇ ਮਾਂ
ਜੇ ਇਹ ਗੱਲਾਂ ਸਮਝੀਏ, ਤਾਂ ਹੋਵੇ ਦੇਸ਼-ਸੁਧਾਰ।

ਭਾਸ਼ਾ, ਵਿਰਸਾ ਆਪਣਾ, ਹੋਵੇ ਜਿੰਦ ਤੇ ਜਾਨ
ਸੰਸਕ੍ਰਿਤੀ ਨਾ ਤਿਆਗੀਏ, ਸਿਰ ਸੋਹੇ ਦਸਤਾਰ।

ਏਕੇ ਤੇ ਇਤਫ਼ਾਕ ਦਾ, ਘਰ-ਘਰ ਦਿਓ ਸੰਦੇਸ਼
ਆਓ ਮਿਲ ਕੇ ਬੈਠੀਏ, ਕਰੀਏ ਨਾ ਤਕਰਾਰ।



**ਪ੍ਰੋ. ਨਵ ਸੰਗੀਤ ਸਿੰਘ**
9417692015.

## ਉੱਛਲ ਰਹੀਆਂ ਦਸਤਾਰਾਂ ਨੂੰ...

ਕਿੰਝ ਸੰਭਾਲੀਏ ਨਿੱਤ ਉੱਛਲ ਰਹੀਆਂ ਦਸਤਾਰਾਂ ਨੂੰ।
ਨਹੀਂ ਫਿਕਰ ਕੋਈ ਭੋਰਾ ਧਰਮ ਦੇ ਠੇਕੇਦਾਰਾਂ ਨੂੰ।

ਰੋਜੀ ਰੋਟੀ ਖਾਤਿਰ ਹੁੰਦੇ ਥਾਂ ਥਾਂ ਰੋਜ ਮੁਜਾਹਰੇ ਨੇ,
ਕਿਉਂ ਨੀ ਦਿਸਦਾ ਸੁਣਦਾ ਅੱਜ ਦੀਆਂ ਸਰਕਾਰਾਂ ਨੂੰ।

ਸਦਾ ਗਰੀਬਾਂ ਦੇ ਜੀਵਨ ਵਿੱਚ ਰਹਿੰਦੀ ਪੱਤਝੜ੍ਹ ਏ,
ਤੁਰ ਜਾਂਦੇ ਨੇ ਬਹੁਤੇ ਉਡੀਕ ਉਡੀਕ ਬਹਾਰਾਂ ਨੂੰ।

ਧਰਮੀ ਗਰਮ ਦਲਾਂ ਨਾਲ ਟੱਕਰ ਲੈਣਾ ਇਉਂ ਜਾਪੇ,
ਜਿਵੇਂ ਪਾ ਲਿਆ ਸਮਝੋ ਹੱਥ ਬਿਜਲੀ ਦੀਆਂ ਤਾਰਾਂ ਨੂੰ।

ਚੰਗੇ ਭਲੇ ਲੋਕਾਂ ਦੀ ਡਾਕਟਰ ਕਰਨ ਸੰਭਾਲ ਪਏ,
ਹਸਪਤਾਲੋਂ ਬਾਹਰ ਹੈ ਰੱਖਿਆ ਜਾਏ ਬਿਮਾਰਾਂ ਨੂੰ।

ਅੰਮ੍ਰਿਤ ਬਖਸ਼ੀ ਦਾਤ ਗੁਰਾਂ ਦੀ ਰੀਸੋ ਰੀਸੀ ਛਕ ਲੈਂਦੇ,
ਸਮਾਂ ਲੰਘਾਅ ਫਿਰ ਰੋਲੀਂ ਜਾਂਦੇ ਪੰਜ ਕਕਾਰਾਂ ਨੂੰ।

ਜੋ ਮਰਜ਼ੀ ਕੋਈ ਆਖੇ ਕਿਸੇ ਨੂੰ ਰੋਕ ਨਹੀਂ ਸਕਦੇ,
ਕਹੀਂ ਜਾਂਦੇ ਅੱਤਵਾਦੀ 'ਬੁਜਰਕ' ਸਿੰਘ ਸਰਦਾਰਾਂ ਨੂੰ।



**ਹਰਮੇਲ ਸਿੰਘ ਧੀਮਾਨ**

## ਪੰਜਾਬ

ਸੀਸ ਉੱਤੇ ਤਾਜ ਜਿਵੇਂ, ਹੱਥ ਵਿੱਚ ਬਾਜ ਜਿਵੇਂ,
ਤਾਜ ਵਿੱਚ ਹੀਰਾ ਸੋਹਣਾ, ਜੜਿਆ ਪੰਜਾਬ ਦਾ।
ਪੰਛੀਆਂ ਚ ਮੋਰ ਜਿਵੇ, ਹਿਰਨੀ ਦੀ ਤੋਰ ਜਿਵੇ,
ਫੁੱਲਾਂ ਵਿਚ ਫੁੱਲ ਜਿਵੇ ਸੋਭਦਾ ਗੁਲਾਬ ਦਾ।
ਪਾਣੀ ਭਰੇ ਖ਼ੂਹ ਜਿਵੇਂ, ਪਿੰਡ ਵਾਲੀ ਜੂਹ ਜਿਵੇਂ,
ਵੱਖਰਾ ਨਜਾਰਾ ਏਥੇ ਚੜ੍ਹੀ ਪ੍ਰਭਾਤ ਦਾ।
ਸ਼ੇਰ ਜਦ ਗੱਜਦੇ, ਨਗਾਰੇ ਜਦ ਵੱਜਦੇ ਨੇ,
ਕੰਬਦਾ ਦਾ ਦਿਲ ਫਿਰ, ਵੈਰੀ ਬੇਈਮਾਨ ਦਾ।
ਦੱਬੇ ਨਾ ਦਬਾਏ ਕਦੇ, ਮੁੱਕੇ ਨਾ ਮੁਕਾਏ ਕਦੇ,
ਪਿੱਠ ਉੱਤੇ ਥਾਪੜਾ, ਬਾਜਾਂ ਵਾਲੀ ਸਰਕਾਰ ਦਾ।
ਲੁੱਡੀ ਦੀ ਏ ਤਾਲ ਕਿਤੇ, ਗਿੱਧੇ ਦੀ ਧਮਾਲ ਕਿਤੇ,।
ਭੰਗੜੇ ਦਾ ਨਾਚ, ਵਿੱਚ ਜ਼ੋਰ ਨੇ ਜਹਾਨ ਦਾ।
ਦੇਗ, ਤੇਗ ਫਤਹਿ ਹੋਵੇ, ਭੁੱਖਾ ਨਾ ਕੋਈ ਕਦੇ ਸੌਵੇਂ,
ਦਰਿਆ ਰਹੇ ਵੱਗਦਾ, ਪਰਉਪਕਾਰ ਦਾ।



**ਸਤਨਾਮ ਕੌਰ ਤੁਗਲਵਾਲਾ**

## .ਗ਼ਜ਼ਲ

ਸੋਚਣਾ ਵਿਚ ਭਟਕਣਾ ਕੀ, ਹੋਣਾ ਜੋ ਉਹ ਹੋਣ ਦੇ
ਰਿਸ਼ਤਿਆਂ ਦਾ ਭਾਰ ਮਰ ਕੇ, ਢੋਹ ਰਹੇ ਜੋ ਢੋਣ ਦੇ

ਪੜ੍ਹ ਨਮਾਜ਼ਾਂ, ਸੋਹਲੇ ਗਾ, ਟੱਲ ਖੜਕਾ ਮੰਦਰੀਂ
ਕਰਮ ਮੈਨੂੰ ਆਪਣੇ ਵਿਚ, ਰੂਹ ਤੀਕਰ ਖੋਣ ਦੇ

ਤਿੱਤਲੀਆਂ ਮਰ ਰਹੀਆਂ, ਭੰਵਰੇ ਮਦਹੋਸ਼ ਨੇ
ਮਹਿਕ ਜਾਵਣ ਫਿਰ ਬਹਾਰਾਂ, ਕਲਮ ਮੈਨੂੰ ਬੋਣ ਦੇ

ਸ਼ੀਸ਼ਿਆਂ ਦੇ ਸ਼ਹਿਰ ਦੇਖੋ, ਮਲਵਿਆਂ ਵਿਚ ਬਦਲਗੇ
ਬੱਚਿਆਂ ਦੀ ਲਾਸ਼ ਤੇ ਤਾਂ, ਯਾਰ 'ਬਾਲੀ' ਰੋਣ ਦੇ

ਆਦਮੀ ਤੋਂ ਕੌਣ ਆਦਮ, 'ਰੇਤਗੜ੍ਹ' ਬਣ ਬਹਿ ਗਿਐ
ਤੇਲ ਜਾਬਰ ਦੀ ਜੜਾਂ ਵਿਚ, ਅੱਖਰਾਂ ਦਾ ਚੋਣ ਦੇ



**ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'**
919465129168

## .ਗ਼ਜ਼ਲ

ਲਗਦਾ ਮੁਹੱਬਤਾਂ ਦਾ ਹੈ ਜ਼ਮਾਨਾ ਚਲਾ ਗਿਆ।
ਸੌਦਾਗਰਾਂ 'ਚੋਂ ਉੱਠ ਕੇ ਦੀਵਾਨਾ ਚਲਾ ਗਿਆ।

ਮਿਲਿਆ ਨਸੀਬ ਨਾਲ ਸੀ ਪਰ ਵੱਖ ਹੋ ਗਿਐ,
ਹੱਥਾਂ 'ਚ ਮੇਰੇ ਆ ਕੇ ਖ਼ਜ਼ਾਨਾ ਚਲਾ ਗਿਆ।

ਘੋੜੇ ਗਧੇ ਦਾ ਫ਼ਰਕ ਰਿਹਾ ਓਥੇ ਨਾ ਜਦੋਂ,
ਫਿਰ ਕਮਲਿਆਂ ਚੋਂ ਉੱਠ ਕੇ ਦਾਨਾ ਚਲਾ ਗਿਆ।

ਮਹਿਸੂਸ ਹੋ ਰਿਹਾ ਹੈ ਜੁਦਾ ਹੋ ਕੇ ਓਸ ਤੋਂ,
ਮੇਰੇ ਤਾਂ ਜੀਣ ਦਾ ਹੀ ਬਹਾਨਾ ਚਲਾ ਗਿਆ।

ਡਾਹਢਾ ਕਰੀਬ ਆ ਕੇ ਮੇਰੀ ਬਣ ਕੇ ਜ਼ਿੰਦਗੀ,
ਹੁੰਦਾ ਮੇਰੇ ਲਈ ਉਹ ਬਿਗਾਨਾ ਚਲਾ ਗਿਆ।

ਉਹਦੇ ਨਗਰ ਦੇ ਲੋਕ ਵੀ ਦੁਸ਼ਮਣ ਬਣ ਰਹੇ,
ਬਣਦਾ ਮੈਂ ਦੁਸ਼ਮਣੀ ਦਾ ਨਿਸ਼ਾਨਾ ਚਲਾ ਗਿਆ।

ਆਖ਼ਰ ਨੂੰ ਮੈਂ ਖ਼ਰੀਦ ਲਏ ਉਸ ਦੇ ਸਾਰੇ ਗ਼ਮ,
ਹਾਸੇ ਵਫ਼ਾ ਦਾ ਓਸ ਨੂੰ ਬਿਆਨਾ ਚਲਾ ਗਿਆ।

ਮੇਰੀ ਇਹ ਬਦਨਸੀਬੀ ਨਹੀਂ, ਤਾਂ ਕੀ ਹੋਰ ਹੈ ?
ਬੁੱਲਾਂ ਕਰੀਬ ਆ ਕੇ ਪੈਮਾਨਾ ਚਲਾ ਗਿਆ।

ਵਰ੍ਹਿਆਂ ਦੇ ਬਾਅਦ ਆਣ ਕੇ ਉਹ ਗਲ ਜਦੋਂ ਮਿਲੇ,
ਮੇਰੀ ਤਾਂ ਜ਼ਿੰਦਗੀ ਦਾ ਵੀਰਾਨਾ ਚਲਾ ਗਿਆ।

ਹੁਣ ਦੁਸ਼ਮਣਾਂ ਦੀ ਲੋੜ ਨਹੀਂ, ਯਾਰ ਹੀ ਬੜੇ,
'ਰਾਣੇ' ਜਹਾਨ ਤੋਂ ਹੈ ਯਰਾਨਾ ਚਲਾ ਗਿਆ।



**ਜਗਦੀਸ਼ ਰਾਣਾ**
7986207849

## ਮਾਂ ਦੀ ਮਮਤਾ

ਭੈੜੀ ਲੱਗਦੀ ਮਾਂ ਦੀ ਮਮਤਾ,ਗੂੜੀ ਮਾਸ਼ੂਕ ਦੀ ਪ੍ਰੀਤ ਲੱਗੇ।
ਮਹਿਬੂਬ ਦੀਆਂ ਸਿਫਤਾਂ ਨੂੰ ਗਾਵੇ ਬੋਰਿੰਗ ਮਾਂ ਦਾ ਗੀਤ ਲੱਗੇ।

9 ਮਹੀਨੇ ਢਿੱਡ ਚ ਰੱਖਕੇ ਮੌਤ ਨਾਲ ਜੰਗ ਲੜਕੇ ਜਿੱਤੀ
ਓਹੀ ਮਾਂ ਹੁਣ ਮਨ ਚੋਂ ਵਿਸਰੀ ਡਾਰਲਿੰਗ ਹੁਣ ਅਜ਼ੀਜ਼ ਲੱਗੇ।

ਜੁਆਕ ਜੰਮਣ ਦੀ ਮਸ਼ੀਨ ਬਣਗੀ ਦੀਪ ਸੈਂਪਲੇ ਲੱਗਦਾ ਔਰਤ
ਹਵਸ ਮਿਟਾਉਣ ਦਾ ਜ਼ਰੀਆ ਸਮਝਣ ਸਭ ਦੀ ਖੋਟੀ ਨੀਤ ਲੱਗੇ।

ਛਾਤੀਆਂ ਭੁੱਖ ਮਿਟਾਉਣ ਬੱਚੇ ਦੀ ਲੋਕਾਂ ਲਈ ਗੁਬਾਰੇ ਹੋ ਗ ?ਏ
ਹਰ ਔਰਤ ਹੁਣ ਮਰਦਾਂ ਦੀ ਨਜ਼ਰ ਚ ਮੈਨੂੰ ਹੁੰਦੀ ਪੁਲੀਤ ਲੱਗੇ।

ਮਹਾਂਵੀਰ ਦੇ ਦਿਨ ਹੈ ਗੰਦੀ ਬਾਕੀ ਦਿਨ ਪਟੋਲਾ ਲੱਗਦੀ
ਸੋਚ ਕਿਊਂ ਨਾ ਬਦਲੇ ਰੱਬਾ ਕਿਸਮਤ ਕਰਦੀ ਚੀਟ ਲੱਗੇ।

**ਗੀਤਕਾਰ ਦੀਪ ਸੈਂਪਲਾਂ**
6283087924

## ਜਿੰਮੀਦਾਰ

ਮਾਰਦੀ ਏ ਚੁਸੇ ਪਾਣੀ ਮੋਟਰ ਨਾ ਚੱਕਦੀ
ਆਵੇ ਨਾ ਪਕਾਉਣੀ ਰੋਟੀ ਭਈਆਂ ਤੋਂ ਨਾ ਪੱਕਦੀ
ਪੁੱਟੀ ਜਾਂਦੇ ਬਹਿਕੇ ਖੇਤ ਚ ਪਨੀਰੀ
ਨੀ ਰੋਟੀਆਂ ਬਣਾਦੇ ਸੱਠ ਤੂੰ
ਖੇਤੋਂ ਭੇਜਦੂੰ ਲਿਆਉ ਘਰੋਂ ਸੀਰੀ
ਨੀ ਰੋਟੀਆਂ ਪਕਾ ਲੈ ਸੱਠ ਤੂੰ

ਸਰਦਾਰਨੀ:-
ਪੜ੍ਹਕੇ ਸਕੂਲੋਂ ਆਇਆ ਪੁੱਤ
ਸਰਦਾਰਾ ਵੇ
ਪੱਕਣੀ ਨਾ ਰੋਟੀ ਮੈਥੋਂ
ਪੈਜੂਗਾ ਖਿਲਾਰਾ ਵੇ
ਕੋਈ ਹੋਰ ਕਰਨਾ ਹੀ ਪੈਣਾ ਹੀਲਾ
ਜਾ ਖੇਤ ਚ ਫੜਾਇਆ ਭੱਜਕੇ
ਚੌਲਾ ਲਈ ਧੋਕੇ ਰੱਖਿਆ ਪਤੀਲਾ
ਓ ਪੁੱਤਾ ਜਾ ਫੜਾਇਆ ਭੱਜਕੇ

ਜਿੰਮੀਦਾਰ:-
ਭੇਜਦੇ ਦੁਪਿਹਰ ਦੀ ਤੂੰ
ਕਰੇਂ ਕਾਹਤੋਂ ਹਿੰਡ ਨੀ
ਲੜਨੇ ਨੂੰ ਫਿਰਦੀ ਏਂ
ਬਣਕੇ ਭਰਿੰਡ ਨੀ
ਤੈਨੂੰ ਦਿੱਤੀ ਗੱਲ ਆਖ ਅਖੀਰੀ
ਨੀ ਰੋਟੀਆਂ ਬਣਾਦੇ ਸੱਠ ਤੂੰ
ਖੇਤੋਂ ਭੇਜਦੂੰ ਲਿਆਉ ਘਰੋਂ ਸੀਰੀ
ਨੀ ਰੋਟੀਆਂ ਬਣਾਦੇ ਸੱਠ ਤੂੰ

ਸਰਦਾਰਨੀ:-
ਮੁੜ ਮੁੜ ਲੱਗੀ ਜਾਂਦੇ
ਬਿਜਲੀ ਦੇ ਕੱਟ ਵੇ
ਗਰਮੀ ਦੇ ਤੌਣ ਸੱਚੀਂ
ਕੱਢੀ ਜਾਂਦੇ ਵੱਟ ਵੇ
ਉੱਤੋਂ ਮੱਝ ਨੇ ਪਟਾ ਲਿਆ ਏ ਕਿੱਲਾ
ਜਾ ਖੇਤ ਚ ਫੜਾਇਆ ਭੱਜਕੇ
ਮਾਂਜ ਦਿੱਤਾ ਚੌਲਾਂ ਵਾਲ ?' ਮੈਂ ਪਤੀਲਾ
ਵੇ ਪੁੱਤਾ ਤੂੰ ਫੜਾਇਆ ਭੱਜਕੇ

ਜਿੰਮੀਦਾਰ:-
ਮੰਨਦੀ ਨਾ ਗੱਲ ਮੇਰੀ
ਕਰ ਲੈ ਖਿਆਲ ਨੀ
ਭੇਜਦਾ ਸੁਨੇਹੇ
ਥੱਕ ਗਿਆ ਧਾਲੀਵਾਲ ਨੀ
ਏਹ ਤੋਂ ਚੰਗੀ ਧੰਨੇ ਜੱਟਾ ਸੀ ਫ਼ਕੀਰੀ
ਨੀ ਰੋਟੀਆਂ ਬਣਾਦੇ ਸੱਠ ਤੂੰ
ਖੇਤੋਂ ਭੇਜਦੂੰ ਲਿਆਉ ਘਰੋਂ ਸੀਰੀ
ਨੀ ਰੋਟੀਆਂ ਬਣਾਦੇ ਸੱਠ ਤੂੰ

ਸਰਦਾਰਨੀ:-
ਫ਼ੋਨ ਉੱਤੇ ਅੱਕ ਗਈਆਂ
ਸੁਣ ਗੱਲਾਂ ਤੇਰੀਆਂ
ਕਰਨ ਨਾ ਕੰਮ
ਗਰਮੀ ਚ ਬਾਹਾਂ ਮੇਰੀਆਂ
ਦੁੱਧ ਡੋਲ ਗਿਆ ਬਰਾਂਡੇ ਵਿੱਚ ਬਿੱਲਾ
ਜਾ ਖੇਤਾਂ ਚ ਫੜਾਇਆ ਭੱਜਕੇ
ਮਾਂਜ ਦਿੱਤਾ ਚੌਲਾਂ ਵਾਲਾ ਮੈਂ ਪਤੀਲਾ
ਓ ਮੱਲਾ ਜਾ ਫੜਾਇਆ ਭੱਜਕੇ



ਧੰਨਾ ਧਾਲੀਵਾਲ

## ਗ਼ਜ਼ਲ

ਪੜ੍ਹੇ ਲਿਖੇ ਵੀ ਜ਼ਾਹਿਲ ਦੇਖੇ।
ਪੁੱਤਰ ਮਾਂ ਦੇ ਕਾਤਿਲ ਦੇਖੇ।

ਜਿਹੜੀ ਮਾਂ ਨੇ ਸ਼ੀਰ ਚੁੰਘਾਇਆ
ਉਸ ਨੂੰ ਕਰਦੇ ਘਾਇਲ ਦੇਖੇ

ਡਰਦਾ ਸੱਚ ਨਾ ਬੋਲੇ ਕੋਈ
ਸੱਚ ਦੇ ਓਹਲੇ ਬਾਤਿਲ ਦੇਖੇ

ਕਿੱਥੇ ਜਾਈਏ ਨਿਆਂ ਦੀ ਖ਼ਾਤਿਰ
ਜ਼ੁਲਮ ਕਮਾਉਂਦੇ ਆਦਿਲ ਦੇਖੇ

ਬੇ-ਅਕਲੇ ਹਰ ਥਾਵੇਂ ਮੋਢੀ
ਅਕਲ ਦੇ ਬੋਝੇ ਆਕਿਲ ਦੇਖੇ

ਇਲਮ ਅਮਲ ਤੋਂ ਕੋਹਾਂ ਪਾਸੇ
'ਪ੍ਰੀਤ' ਨੇ ਆਲਿਮ-ਫ਼ਾਜ਼ਿਲ ਦੇਖੇ



ਪਰਮ 'ਪ੍ਰੀਤ' ਬਠਿੰਡਾ

## ਕੋਹੜੀ ਦੀ ਸੇਵਾ

ਤੁਰ ਪਿਆ ਬਾਬਾ ਜਗਤ ਉਧਾਰਨ,
ਦੁੱਖ ਕਲੇਸ਼ ਦੀਨ ਦੁਖੀ ਉਬਾਰਨ।
ਸੰਗ ਸੀ ਬਾਲਾ, ਰਬਾਬੀ ਮਰਦਾਨਾ,
ਯਾਤਰਾ ਸੀ ਬਣੀ ਇੱਕ ਅਫ਼ਸਾਨਾ।

ਦੁਪਾਲਪੁਰ ਪੁੱਜੇ ਹੋਈਆਂ ਤ੍ਰਿਕਾਲਾਂ,
ਆਉਂਦੀ ਉੱਪਰੋਂ ਰਾਤ ਮਾਰੇ ਛਾਲਾਂ।
ਪੈਦਲ ਜਾਂਦੇ ਰਾਹੇ ਥੱਕੇ ਟੁੱਟੇ ਹਾਰੇ,
ਅਰਾਮ ਕਰਨ ਦੀ ਸੋਚਣ ਵਿਚਾਰੇ।

ਕਹਿੰਦੇ ਪਿੰਡ ਦੇ ਲੋਕ ਬੜੇ ਸੀ ਕੱਬੇ,
ਚੰਗੇ ਭਲੇ ਨੂੰ ਵੀ ਪਾ ਦਿੰਦੇ ਸੀ ਜੱਭੇ।
ਜੁੜਿਆ ਤੱਕਕੇ ਬੰਦਿਆਂ ਦਾ ਢਾਣਾ,
ਮਰਦਾਨਾ ਜੀ ਪੁੱਛਦੇ ਥਹੁ ਟਿਕਾਣਾ।

ਆਖਣ ਪਿੰਡ ਵਿੱਚ ਹੈਨ੍ਹੀਂ ਕੋਈ ਥਾਂ,
ਪਰ ਔਹ ਦਿਸਦੀ ਹੈ ਨੂਰੇ ਦੀ ਸਰਾਂ।
ਉੱਥੇ ਲਾਉ ਜਾ ਕੇ ਤੁਸੀਂ ਡੰਡਾ ਡੇਰਾ,
ਬਣਾ ਲਉ ਰਾਤ ਲਈ ਰੈਣ ਬਸੇਰਾ।

ਡੰਡੀ ਵਰਗਾ ਰਾਸਤਾ ਸੀ ਵਗਦਾ,
ਦੂਰੋਂ ਨਜ਼ਰ ਆਵੇ ਦੀਵਾ ਜਗਦਾ।
ਤੁਰਦੇ ਕਾਹਲੀ ਨਾਲ ਰਾਹ ਨਿਬੇੜੇ ,
ਪਰ ਨ ਦਿਸਦਾ ਸੀ ਕੋਈ ਨੇੜੇ ਤੇੜੇ।

ਜਾਪਦੀ ਸੀ ਜਿਉਂ ਫਕੀਰ ਦੀ ਕੁੱਲੀ,
ਅੰਦਰੋਂ ਤੱਕਕੇ ਤਾਂ ਸੁਰਤ ਸੀ ਭੁੱਲੀ।
ਪਹੁੰਚ ਕੇ ਬੂਹੇ ਜਦੋਂ 'ਵਾਜ ਸੀ ਮਾਰੀ,
ਬੋਲਿਆ ਅੱਗਿਉਂ ਬੇਵੱਸ ਲਾਚਾਰੀ।

'ਕੀੜੀ ਦੇ ਘਰ ਨਰਾਇਣ ਜੀ ਆਉ,
ਪਰ ਮੈਂ ਕੋਹੜੀ ਮੈਥੋਂ ਆਪਾ ਬਚਾਉ।'
'ਸਤਿ ਬਚਨ' ਕਹਿ ਬੈਠ ਗਏ ਬਾਬਾ,
ਦਇਆ ਪਿਆਰ ਦਾ ਖੋਲ੍ਹ ਕੇ ਛਾਬਾ।

ਜਾਣੀਜਾਣ ਸੀ ਝੱਟ ਜਾਣ ਗਏ ਹਾਲ,
ਨੂਰੇ ਨੂੰ ਇੰਝ ਛੋਟੇ ਛੋਟੇ ਕਰ ਸਵਾਲ।
ਕਿੱਥੋਂ ਆਵੇ ਭੋਜਨ ਕੌਣ ਕਰੇ ਸੰਭਾਲ,
ਕਿਵੇਂ ਰੋਗ ਨੇ ਪਾਇਆ ਸੀ ਜੰਜਾਲ?

ਚੋਂਦੀ ਸੀ ਰੱਤ ਪਾਕ ਨਾਲ ਲਿੱਬੜੇ,
ਆਉਂਦੀ ਸੀ ਬੋਅ ਪਾਏ ਮੈਲੇ ਕੱਪੜੇ।
ਸੁਣ ਗਾਥਾ ਹੋਈ ਰਹਿਮਤ-ਏ-ਖੁਦਾ,
ਜੁੱਟ ਗਏ ਸੇਵਾ ਵਿੱਚ ਕੋਹੜ ਨੂੰ ਭੁਲਾ।

ਫਿਰ ਗੁਰੂ ਨੇ ਆਖਦੇ ਸਤਿ ਕਰਤਾਰ,
ਮਰਦਾਨਿਆਂ ਛੇੜ ਰਬਾਬ ਦੀ ਤਾਰ।
ਧੁਰ ਦੀ ਬਾਣੀ ਦਾ ਹੋਣ ਲੱਗਾ ਜਾਪ,
ਵਰਸਣ ਲੱਗਾ ਵਾਹਿਗੁਰੂ ਦਾ ਪ੍ਰਤਾਪ।

ਅਮਨ ਦੇ ਛਿੱਟੇ ਨੂਰੇ ਦੇ ਪੈਣ ਲੱਗੇ,
ਪੀੜ ਘਟਣ ਲੱਗੀ ਚੈਨ ਪੈਣ ਲੱਗੇ।
ਮਨੁੱਖਤਾ ਦੀ ਸੇਵਾ ਦਾ ਇੰਝ ਸੁਨੇਹਾ,
'ਨੂਰਪੁਰੀ' ਨੂੰ ਕਿਉਂ ਲੱਗਿਆ ਕੇਹਾ?

ਸੇਵਾ ਸਿੰਘ ਨੂਰਪੁਰੀ

## ਕਵਿਤਾ-

ਇਥੇ ਰੱਖਣ ਢੱਕਣ ਨੂੰ ਕੀ ਹੈ,
ਇਥੋਂ ਲੈਣ ਜਾਣ ਨੂੰ ਵੀ ਕੀ ਹੈ,
ਉੱਡ ਜਾਣਾ, ਸਭਨੇ ਇੱਕ ਦਿਨ
ਤਸਵੀਰ ਦੇ ਰੰਗਾਂ ਦੀ ਤਰ੍ਹਾਂ,
ਜਿੰਦਗੀ ਹੈ, ਵਕਤ ਦੀ ਟਹਿਣੀ ਤੇ
ਬੈਠੇ ਮਾਸੂਮ ਪਰਿੰਦੇ ਦੀ ਤਰ੍ਹਾਂ,
ਸੋ, ਖੜਕਾਉਂਦੇ ਰਹੋ ਦਰਵਾਜ਼ੇ
ਇੱਕ ਦੂਜੇ ਦੇ ਮਨ ਦੇ,
ਰੁਬਰੂ ਨਾ ਸਹੀ,
ਬੱਸ, ਆਹਟ ਆਉਂਦੀ ਰਹੇ,
ਇੱਕ ਦੂਜੇ ਨੂੰ, ਮਿਲੇ ਹੋਣ ਦੀ,
ਕੁਝ ਸ਼ਬਦ, ਮਲ੍ਹਮ ਜਿਹੇ, ਬੋਲਕੇ ਨਾ ਸਹੀ,
ਲਿਖ, ਦਰਦਾਂ ਦੀ ਟਕੋਰ ਦੀ ਤਰ੍ਹਾਂ
ਨਾ ਰਾਜ਼ ਹੋਵੇ ਜ਼ਿੰਦਗੀ!
ਨਾ ਨਾਰਾਜ਼ ਹੋਵੇ ਜ਼ਿੰਦਗੀ,
ਖੁਲ੍ਹੀ ਕਿਤਾਬ ਹੋਵੇ ਜ਼ਿੰਦਗੀ,
ਕੱਲ੍ਹ ਨਾ ਭਲਕ ਹੋਵੇ ਜ਼ਿੰਦਗੀ,
ਜੋ ਵੀ ਹੋਵੇ ਬੱਸ ਅੱਜ ਹੋਵੇ ਜ਼ਿੰਦਗੀ।

ਨਵਜੋਤ ਕੌਰ ਨਿਮਾਣੀ

## ਰੱਬਾ

ਜੱਗ ਤੇ ਫੇਰਾ ਪਾਉਂਦਾ ਕਿਉਂ ਨੀ
ਰੱਬਾ ਥੱਲੇ ਆਉਂਦਾ ਕਿਉਂ ਨੀ।
ਪੈਂਦੀ ਰੋਜ਼ ਤਰੀਕ ਸੁਣੀ ਨਾ
ਅਬਲਾ ਦੀ ਤੈਨੂੰ ਚੀਕ ਸੁਣੀ ਨਾ
ਆਵੇਂ ਤੈਨੂੰ ਹਾਲ ਦਿਖਾਵਾ
ਮਜ਼ਲੂਮਾਂ ਦਾ ਤੈਨੂੰ ਹਾਲ ਦਿਖਾਵਾ
ਜ਼ੁਲਮ ਨਾਲ ਤੂੰ ਲੜਦਾ ਕਿਉਂ ਨੀ
ਸੱਚਿਆਂ ਨਾਲ ਤੂੰ ਖੜਦਾ ਕਿਉਂ ਨੀ
ਜ਼ੁਲਮ ਨੂੰ ਨੱਥ ਪਾਉਂਦਾ ਕਿਉਂ ਨੀ
ਰੱਬਾ ਥੱਲੇ ਆਉਂਦਾ ਕਿਉਂ ਨੀ
ਜੱਗ ਤੇ ਫੇਰਾ ਪਾਉਂਦਾ ਕਿਉਂ ਨੀ।
ਅੱਖਾਂ ਦੇ ਖੋਹ ਖਾਲੀ ਹੋਏ
ਲੋਕੀ ਅੱਜ ਨੇ ਐਨਾ ਰੋਏ
ਰੋਂਦਾ ਅਸਾਂ ਜ਼ਮਾਨਾ ਤੱਕਿਆ
ਅਪਣਾ ਅਸਾਂ ਬੇਗਾਨਾ ਤੱਕਿਆ
ਤੈਨੂੰ ਰੋਣਾ ਆਉਂਦਾ ਕਿਉਂ ਨੀ
ਰੱਬਾ ਥੱਲੇ ਆਉਂਦਾ ਕਿਉਂ ਨੀ
ਆਪਣਾ ਰੰਗ ਦਿਖਾਂਦਾ ਕਿਉਂ ਨੀ
ਆਖਣ ਕਈ ਪਖੰਡ ਏ ਤੂੰ
ਨੀਰੀ ਝੂਠ ਦੀ ਏ ਪੰਡ ਤੂੰ
ਮੇਲੇ ਤੇਰੇ ਲੱਗਦੇ ਵੇਖੇ
ਤੈਨੂੰ ਹੀ ਠੱਗਦੇ ਵੇਖੇ
ਆਕੇ ਫਿਰ ਸਮਝਾਉਂਦਾ ਕਿਉਂ ਨੀ
ਰੱਬਾ ਥੱਲੇ ਆਉਂਦਾ ਕਿਉਂ ਨੀ।
ਰੱਬਾ ਇਹ ਨਿਆਂ ਨੀ ਤੇਰਾ
ਸ਼ਿਕਵਾ ਸ਼ਿਕਵਾ ਸ਼ਿਕਵਾ ਮੇਰਾ
ਸਾਡੇ ਮੁਸਤਕਬਿਲ ਦੇ ਦੀਵੇ
ਤੇਰੀ ਸਹੁੰ ਦਿਲ ਦੇ ਦੀਵੇ
ਮੰਤਰ ਮਾਰ ਜਗਾਉਂਦਾ ਕਿਉਂ ਨੀ
ਰੱਬਾ ਥੱਲੇ ਆਉਂਦਾ ਕਿਉਂ ਨੀ
ਜੱਗ ਤੇ ਫੇਰਾ ਪਾਉਂਦਾ ਕਿਉਂ ਨੀ।
ਜਿਉਂਦੀ ਜਾਨੇ ਮਾਵਾਂ ਮੋਈਆਂ
ਅੰਨੀਆਂ, ਗੂੰਗੀਆਂ, ਝੱਲੀਆਂ ਹੋਈਆਂ
ਕੰਧਾਂ ਦੇ ਨਾਲ ਬਾਬਲ ਵੱਜੇ
ਭੈਣਾ ਆਪਣੇ ਸਿਰ ਨਹੀਂ ਕੱਜੇ
ਆਕੇ ਤੂੰ ਸਮਝਾਉਂਦਾ ਕਿਉਂ ਨੀ
ਰੱਬਾ ਥੱਲੇ ਆਉਂਦਾ ਕਿਉਂ ਨੀ
ਮਸਲਾ ਇਹ ਸੁਲਝਾਉਂਦਾ ਕਿਉਂ ਨੀ?



ਕੁਲਦੀਪ ਸਿੰਘ ਸਾਹਿਲ
9417990040

## ਟੱਪੇ

ਕੋਠੇ ਤੇ ਕਾਂ, ਕਾਂ-ਕਾਂ ਕਰੇ,
ਮੁੰਡਾ ਤੁਰ ਪ੍ਰਦੇਸ਼ ਗਿਆ
ਪਤਨੀ ਨੂੰ ਕੱਲੀ ਛੱਡ ਕੇ ਘਰੇ।

ਤਵਾ ਪਿਆ ਏ ਚੁੱਲ੍ਹੇ ਤੇ,
ਲੋੜ ਦੂਜੇ ਬੰਦੇ ਦੀ ਪੈ ਜਾਂਦੀ
ਹਰ ਕੰਮ ਸਿਰੇ ਨਾ ਚੜ੍ਹੇ ਕੱਲੇ ਤੇ।

ਚੰਨ ਆਕਾਸ਼ 'ਚ ਚਮਕ ਰਿਹਾ,
ਉਸ ਦਾ ਕੰਮ ਸੌਰ ਜਾਵੇ
ਜੋ ਮੰਨ ਲਵੇ ਸਿਆਣੇ ਦਾ ਕਿਹਾ।

ਥਾਲੀ ਵਿੱਚ ਰੋਟੀ ਏ,
ਪੁੱਤ ਨੂੰ ਸਿੱਧੇ ਰਾਹ ਪਾਉਣ ਲਈ
ਪਿਉ ਨੇ ਚੁੱਕ ਲਈ ਸੋਟੀ ਏ।

ਢੇਰ ਲੱਗਿਆ ਏ ਖਰਬੂਜ਼ਿਆਂ ਦਾ,
ਉਹ ਕਦੇ ਅੱਗੇ ਨਹੀਂ ਵੱਧ ਸਕਦੇ
ਜਿਹੜੇ ਭਲਾ ਸੋਚਦੇ ਨੀ ਦੂਜਿਆਂ ਦਾ।

ਰੜਕਾ ਤੀਲਾ, ਤੀਲਾ ਹੋ ਚੱਲਿਆ,
ਮਾੜੀ, ਮੋਟੀ ਅਕਲ ਆ ਜਾਊ
ਜੇ ਚੰਗੇ ਬੰਦਿਆਂ 'ਚ ਬੈਠੇਂਗਾ ਬੱਲਿਆ।

ਰੁੱਖਾਂ ਦੇ ਸੁੱਕੇ ਪੱਤੇ ਝੜ ਗਏ ਨੇ,
ਹਾਕਮ ਦੇ ਸਤਾਏ ਹੋਏ ਲੋਕੀਂ
ਹੱਕ ਲੈਣ ਲਈ ਅੜ ਗਏ ਨੇ।

ਕਿਤਾਬਾਂ ਅਲਮਾਰੀ 'ਚ ਪਈਆਂ ਨੇ,
'ਮਾਨ' ਨੇ ਆਪਣੇ ਟੱਪਿਆਂ ਵਿੱਚ
ਗੱਲਾਂ ਸੱਚੀਆਂ ਕਹੀਆਂ ਨੇ।



ਮਹਿੰਦਰ ਸਿੰਘ ਮਾਨ
9915803554

## ਭੁਲੇਖਾ

ਜ਼ਿੰਦਗੀ ਇਕ ਭੁਲੇਖਾ ਯਾਰ,
ਕਾਹਦਾ ਕਰਦਾ ਪਿਆ ਹੰਕਾਰ।
ਰਲ-ਮਿਲ ਇੱਥੇ ਰਹਿਣਾ ਸਿੱਖ,
ਤਾਕਿ ਉਜਵਲ ਬਣੇ ਭਵਿੱਖ।

ਇਹ ਤਾਂ ਚਾਰ ਦਿਨਾਂ ਦੀ ਖੇਡ,
ਨਾ ਕੋਈ ਇੱਥੇ ਰਿਹਾ ਹਮੇਸ਼।
ਨਾ ਕੋਈ ਸਾਕ ਸਬੰਧੀ ਰਹਿਣਾ,
ਜਿਹਨੂੰ ਹੈ ਤੂੰ ਆਪਣਾ ਕਹਿਣਾ।

ਆਪਣਾ ਤਾਂ ਓਹ ਇੱਕੋ ਯਾਰ,
ਜਿਹੜਾ ਸ੍ਰਿਸ਼ਟੀ ਸਿਰਜਣਹਾਰ।
ਨਾ ਬਿਨ ਓਹ ਤੋਂ ਦੂਜਾ ਹੋਰ,
ਕਾਹਨੂੰ ਐਵੇਂ ਮਚਾਵੇਂ ਸ਼ੋਰ।

ਓਹ ਆਪੇ ਭੇਜੇ ਆਪ ਲੈ ਜਾਵੇ,
ਤਾਈਓਂ ਤਾਂ ਓਹ ਰੱਬ ਕਹਾਵੇ।
ਹੈ ਓਹ ਸਰਵ ਕਲਾ ਸਮਰੱਥ,
ਨਾ ਬੰਦੇ ਦੇ ਕੁੱਝ ਵੀ ਹੱਥ।

ਓਹ ਨੂੰ ਮਨ ਵਸਾ ਕੇ ਚੱਲ,
ਧਿਆਨ ਖ਼ੁਦਾ ਵੱਲ ਲਾ ਕੇ ਚੱਲ।
ਹੈ ਇਹੋ ਲੱਗਦਾ ਸ਼ੁੱਧ ਵਿਚਾਰ।
ਨਾ ਐਵੇਂ ਥਾਂ-ਥਾਂ ਟੱਕਰਾਂ ਮਾਰ।

ਇਹ ਜੀਵਨ ਬਹੁਤ ਅਨਮੋਲ,
ਕਾਹਨੂੰ ਰਿਹਾਂ ਮਿੱਟੀ 'ਚ ਰੋਲ੍ਹ।
ਓਹ ਸਾਈਂ ਤੇਰੇ ਅੰਦਰ ਯਾਰ,
ਜਿਹਨੂੰ ਕਹਿੰਦੇ ਹਨ ਕਰਤਾਰ।

ਅੰਦਰ ਝਾਤ ਲਗਾ ਕੇ ਵੇਖ,
ਓਸ ਨਾਲ ਗੱਲ ਚੱਲਾ ਕੇ ਵੇਖ।
ਹਰ ਗੱਲ ਦਾ ਤੈਨੂੰ ਮਿਲੂੰ ਜਵਾਬ,
ਜਿਹੜੀ ਪੁੱਛੂੰ ਵਿੱਚ ਸਵਾਲ।

ਬੁੱਲ੍ਹੇ ਸ਼ਾਹ ਤੇ ਸ਼ੇਖ ਫਰੀਦ,
ਓਹਦੇ ਹੀ ਹਨ ਹੋਏ ਮੁਰੀਦ।
ਜੋ ਵੀ ਓਸ ਵੱਲ ਧਿਆਨ ਲਗਾਵੇ,
ਓਹ ਦੀ ਰਹਿਮਤ ਦਾ ਫਲ ਪਾਵੇ।

ਬਾਬੇ ਨਾਨਕ ਓਹ ਨੂੰ ਹੀ ਸੀ,
ਵਾਹਿਗੁਰੂ ਕਹਿਕੇ ਆਉਣ ਬੁਲਾਇਆ।
ਕਿਰਤ ਕਰਨ ਤੇ ਨਾਮ ਜਪਣ ਦਾ,
ਗੁਰ ਬਾਬੇ ਸੰਦੇਸ਼ ਸੁਣਾਇਆ।

ਗੁਰ ਬਾਬੇ ਦੇ ਸ਼ਬਦ-ਸ਼ਬਦ 'ਚ,
ਹੈ ਓਹਦਾ ਹੀ ਗੁਣ ਗਾਨ।
ਪਰਮ ਪਿਤਾ ਪਰਮਾਤਮਾ ਹੈ ਓਹ,
ਹੈ ਓਹੀਓ ਵਾਹਿਗੁਰੂ ਭਗਵਾਨ।

ਗੁਰ ਬਾਬੇ ਵੱਲ ਧਿਆਨ ਲਗਾ ਕੇ,
ਬਨਾਰਸੀ ਦਾਸ ਤਾਂ ਕਲਮ ਚਲਾਵੇ।
ਜੋ ਕੁੱਝ ਮਿਲਦਾ ਵਿੱਚ ਮੁਹੱਬਤ,
ਓਹੀਓ ਲਿਖਤਾਂ ਵਿੱਚ ਦਰਸ਼ਾਵੇ।



ਬਨਾਰਸੀ ਦਾਸ
94635-05286

## ਮਾਂ

ਚਾਵਾਂ ਅਤੇ ਰੀਝਾਂ ਦੇ ਨਾਲ
ਔਲਾਦ ਪਾਲਦੀ ਮਾਂ

ਪੈਰਾਂ ਤੇ ਖੜ੍ਹ ਜਾਵਣ ਬੱਚੇ
ਜ਼ਿੰਦ ਵਾਰਦੀ ਮਾਂ

ਰੁਗ ਭਰ ਭਰ ਅਸੀਸਾਂ ਦੇਂਦੀ
ਨਾ ਹਾਰਦੀ ਮਾਂ

ਮਾਂ ਦੇ ਨਾਂ ਤੇ ਦੁਨੀਆਂ ਚੱਲਦੀ
ਜੱਗ ਤਾਰਦੀ ਮਾਂ

ਸਿਰ ਤੇ ਹੱਥ ਰਹੇ ਜੇ ਬਿੰਦਰਾ
ਸਿਨਾ ਠਾਰਦੀ ਮਾਂ



ਬਿੰਦਰ ਸਾਹਿਤ ਇਟਲੀ.....

## ਮਾਂ ਬੋਲੀ ਨੂੰ ਖਤਰਾ

ਯੂਰਪ ਤੋਂ ਲੈਕੇ ਫੌਰਨ ਤੱਕ
ਪੰਜਾਬੀਆਂ ਗੱਡਿਆਂ ਝੰਡਾ
ਜੋ ਪੰਜਾਬੀਆਂ ਦਿੱਤੀਆਂ ਨੇ
ਅੱਜ ਤੱਕ ਨਹੀਂ ਖੁੱਲੀਆਂ ਗੰਢਾਂ
ਖਤਰੇ ਵਿੱਚ ਹੈ ਮਾਂ ਬੋਲੀ ਬਈ
ਕਹਿ ਕੇ ਕਰਨ ਖਰਾਬੀ ਆ
ਸੱਤ ਹਜ਼ਾਰ ਵਰਲਡ ਦੀਆਂ ਭਾਸ਼ਾ
ਦਸਵੇਂ ਨੰਬਰ ਤੇ ਪੰਜਾਬੀ ਆ

ਝੂਠ ਬੋਲਕੇ ਲੋਕਾਂ ਦੇ ਵਿੱਚ ਕਈ
ਬਣ ਗਏ ਪ੍ਰਧਾਨ
ਵਿਹਲੜ ਜਾਕੇ ਵਿਹਲੜਾ ਦੇ ਵਿੱਚ
ਫਿਰਦੇ ਬਣੇ ਮਹਾਨ
ਕਿਹਦੇ ਕੋਲੋਂ ਸਾਨੂੰ ਖਤਰਾ ਅਸੀਂ
ਤੇ ਆਪ ਤੇਜ਼ਾਬੀ ਆ
ਸੱਤ ਹਜ਼ਾਰ ਵਰਲਡ ਦੀਆਂ ਭਾਸ਼ਾ
ਦਸਵੇਂ ਨੰਬਰ ਤੇ ਪੰਜਾਬੀ ਆ

ਮਖਮਲੀ ਗੱਦਿਆਂ ਤੇ ਉਹ ਲੇਟਦੇ
ਸਾਡੇ ਪੱਲੇ ਖੇਸੀ ਆ
ਜੋ ਮਾਂ ਬੋਲੀ ਦੀ ਕਰਦੇ ਸੇਵਾ ਬੱਚੇ
ਘੱਲੇ ਪੜ੍ਹਨ ਵਿਦੇਸ਼ੀ ਆ
ਬਚ ਜਾਉ ਲੋਕੋ ਜੇ ਬਚ ਹੁੰਦਾ ਇਹ
ਤਾਂ ਭਾਲਦੇ ਖਾਦੀ ਆ
ਸੱਤ ਹਜ਼ਾਰ ਵਰਲਡ ਦੀਆਂ ਭਾਸ਼ਾ
ਦਸਵੇਂ ਨੰਬਰ ਤੇ ਪੰਜਾਬੀ ਆ

ਗੁਰਮੀਤ ਡੁਮਾਣੇ ਵਾਲਾ ਦੱਸਾਂ ਬਹੁਤਾ
ਬਣਦਾ ਚਤਰਾ
ਮਾਂ ਬੋਲੀ ਪੰਜਾਬੀ ਨੂੰ ਦੱਸਿਓ ਕਿਹੜੀ
ਗੱਲ ਦਾ ਖਤਰਾ
ਕਈ ਮੁਲਖੀ ਪੰਜਾਬੀ ਬਣੇ ਮੰਤਰੀ
ਰੱਖਦੇ ਟੌਹਰ ਨਵਾਬੀ ਆ
ਸੱਤ ਹਜ਼ਾਰ ਵਰਲਡ ਦੀਆਂ ਭਾਸ਼ਾ
ਦਸਵੇਂ ਨੰਬਰ ਤੇ ਪੰਜਾਬੀ ਆ।

ਗੁਰਮੀਤ ਡੁਮਾਣਾ
76528 16074

## ਮੈਂ ਕੀ ਹਾਂ?...

ਮੈਂ ਸੋਚਦਾਂ ਹਾਂ ਕਿ ਮੈਂ ਕੀ ਹਾਂ?
ਕਦੇ ਲੱਗੇ ਕਿ ਹਿੰਦੂ ਹਾਂ....
ਕਦੇ ਲੱਗੇ ਕਿ ਮੁਸਲਿਮ ਹਾਂ....
ਨਹੀਂ, ਨਹੀਂ.....
ਫ਼ੇਰ ਭਲਾ?
ਸਿੱਖ ਹਾਂ, ਇਸਾਈ ਹਾਂ?
ਨਹੀਂ ਤਾਂ....
ਬੋਧੀ ਜਾਂ ਜੈਨੀ ਹਾਂ?
ਸ਼ਾਇਦ ਉਹ ਵੀ ਨਹੀਂ....
ਮੈਂ ਸੋਚ ਰਿਹਾ ਹਾਂ....
ਕਿਤੇ ਮੈਂ ਪਾਪੀ,ਕਾਫ਼ਰ ਤਾਂ ਨਹੀਂ...?
ਘਬਰਾ ਕੇ ਮੱਥੇ ਨੂੰ ਰਗੜਦਾ ਹਾਂ......
ਖ਼ਬਰੇ ਕਿਸੇ ਲਕੀਰ ਤੋਂ
ਮੇਰਾ ਧਰਮ ਪਤਾ ਲੱਗ ਜਾਵੇ
ਜਾਂ ...
ਆਪਣੀ ਹੋਂਦ ਬਾਰੇ
ਜਾਣ ਸਕਾਂ ਮੈਂ!
ਇੰਨੇ ਨੂੰ ਇੱਕ ਕੁੱਤੇ ਨੇ ਆ ਕੇ
ਮੇਰਾ ਪੈਰ ਚੱਟ ਲਿਆ...
ਹੁਣ ਮੈਨੂੰ ਆਪਣੇ
ਸਵਾਲ ਦਾ ਜਵਾਬ ਮਿਲ ਗਿਆ...
ਮੈਂ ਕੁੱਤੇ ਦੇ ਸਿਰ ਤੇ ਹੱਥ ਫੇਰਿਆ..
ਆਖ਼ਰ ਮੈਂ ਇੱਕ ਇਨਸਾਨ ਹਾਂ...!



ਮਨਜੀਤ ਕੌਰ ਧੀਮਾਨ
9464633059

## ਪੰਜਾਬੀ ਬੋਲੀ

ਪੰਜਾਬੀ ਗੁਰੂਆਂ ਪੀਰਾਂ ਦੀ ਬੋਲੀ,
ਅੱਖਰਾਂ ਦੇ ਵਿੱਚ ਮਿਸ਼ਰੀ ਘੋਲੀ।
ਸਭ ਤੋਂ ਵੱਧ ਅਮੀਰ ਇਹ ਭਾਸ਼ਾ,
ਫਕੀਰਾਂ ਨਾਲ, ਬਚਨਾਂ ਦੇ ਤੋਲੀ।
ਸ਼ਬਦਾਂ ਦੇ ਉਨਾਂ ਅਰਥ ਸਮਝਾਏ,
ਹੀਰਿਆਂ ਮੋਤੀਆਂ ਗੱਠੜੀ ਖੋਲ੍ਹੀ।
ਪੱਤੋ, ਆਪਾਂ ਕਿਉਂ ਬੇ ਮੁਖ ਹੋਈਏ,
ਇਹ ਤਾਂ ਮਾਂ ਸਾਡੀ ਹੈ ਅਨਮੋਲੀ।

ਹਰਪ੍ਰੀਤ ਪੱਤੋ

Dosanjh Family AUTO GROUP

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD